Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Punjab Mail USA
Chief Editor: Gurjatinder Singh Randhawa

REALTY ONE GROUP

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 817, 29 Aug to 04 Sept., 2024, Ph: 916-320-9444, E-mail: punjabmailusa@yahoo.com, Web: punjabmailusa.com

## ਪੰਜਾਬ ਜ਼ਿਮਨੀ ਚੋਣ ਲਈ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕਮਰਕੱਸੇ

**ਜਲੰਧਰ, (ਪੰਜਾਬ ਮੇਲ)-** ਪੰਜਾਬ 'ਚ 4 ਵਿਧਾਨ ਸਭਾ ਸੀਟਾਂ ਦੀਆਂ ਪ੍ਰਸਤਾਵਤ ਉਪ-ਚੋਣਾਂ ਦੀਆਂ ਤਿਆਰੀਆਂ 'ਚ ਸਿਆਸੀ ਪਾਰਟੀਆਂ ਜੁਟ ਗਈਆਂ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਤਿਉਹਾਰੀ ਸੀਜ਼ਨ ਖਤਮ ਹੋਣ ਉਪਰੰਤ ਕੇਂਦਰੀ ਚੋਣ ਕਮਿਸ਼ਨ ਵੱਲੋਂ ਇਹ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਪੰਜਾਬ 'ਚ ਲੋਕ ਸਭਾ ਚੋਣਾਂ ਦੌਰਾਨ 4 ਵਿਧਾਇਕਾਂ ਦੇ ਸੰਸਦ ਮੈਂਬਰ ਚੁਣੇ ਜਾਣ ਕਾਰਨ ਵਿਧਾਨ ਸਭਾ ਸੀਟਾਂ ਖਾਲੀ ਪਈਆਂ ਹਨ। ਇਨ੍ਹਾਂ ਸੀਟਾਂ ਵਿਚ ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਸੀਟਾਂ ਸ਼ਾਮਲ ਹਨ।

■ ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ 'ਚ ਹੋਣੀ ਹੈ ਜ਼ਿਮਨੀ ਚੋਣ




ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ, ਜਦੋਂਕਿ ਬਰਨਾਲਾ ਦੇ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਇਸੇ ਤਰ੍ਹਾਂ ਚੱਬੇਵਾਲ ਵਿਧਾਨ ਸਭਾ ਸੀਟ ਦੀ ਨੁਮਾਇੰਦਗੀ ਕਰਨ ਵਾਲੇ ਡਾ. ਰਾਜਕੁਮਾਰ ਚੱਬੇਵਾਲ ਵੀ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਡੇਰਾ ਬਾਬਾ ਨਾਨਕ ਸੀਟ ਦੀ ਨੁਮਾਇੰਦਗੀ ਕਰਨ ਵਾਲੇ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਵੀ ਗੁਰਦਾਸਪੁਰ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ।

ਹੁਣ ਗਿੱਦੜਬਾਹਾ ਸੀਟ ਨੂੰ ਲੈ ਕੇ ਪਹਿਲਾਂ ਤੋਂ ਹੀ ਘਮਾਸਾਨ ਸ਼ੁਰੂ ਹੋ ਚੁੱਕਿਆ ਹੈ। ਸਿਆਸੀ ਪਾਰਟੀਆਂ ਨੂੰ ਇਸ ਵੇਲੇ ਉਮੀਦਵਾਰਾਂ ਦੀ ਭਾਲ ਹੈ ਕਿਉਂਕਿ ਉਪ-ਚੋਣਾਂ ਵਿਚ ਵੀ ਸਾਰੀਆਂ ਸਿਆਸੀ ਪਾਰਟੀਆਂ ਨੂੰ ਖੂਬ ਪਸੀਨਾ ਵਹਾਉਣਾ ਪਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਮਜ਼ਬੂਤ ਉਮੀਦਵਾਰਾਂ ਨੂੰ ਲੈ ਕੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਅਜੇ ਸਿਰਫ ਗਿੱਦੜਬਾਹਾ ਸੀਟ 'ਤੇ ਖੇਡ ਸ਼ੁਰੂ ਹੋਈ ਹੈ। ਡਿੰਪੀ ਢਿੱਲੋਂ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਜਾ ਰਹੇ ਹਨ। ਉਨ੍ਹਾਂ ਦੀ


■ ਬਾਕੀ ਖਬਰ ਸਫਾ 19 'ਤੇ

## ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਅਹਿਮ ਬਣੇ ਅਮਰੀਕਾ ਦੇ ਸੱਤ ਸੂਬੇ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ 'ਚ ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਰਾਸ਼ਟਰਪਤੀ ਅਹੁਦੇ ਦੇ ਦੋਵਾਂ ਉਮੀਦਵਾਰਾਂ ਨੇ ਆਪਣੇ ਚੋਣ ਪ੍ਰਚਾਰ ਦੀ ਰਫ਼ਤਾਰ ਹੁਣ ਤੇਜ਼ ਕਰ ਦਿੱਤੀ ਹੈ। ਇਸ ਚੋਣ ਵਿਚ ਲਗਭਗ 24 ਕਰੋੜ ਦੇ ਕਰੀਬ ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ, ਅਮਰੀਕਾ ਦੇ 50 ਸੂਬੇ ਹਨ। ਪਰ ਇਸ ਚੋਣ ਵਿਚ 50 ਸੂਬਿਆ ਵਿਚੋਂ 7 ਸੂਬੇ ਅਹਿਮ ਹੋਣਗੇ। ਅਜਿਹਾ ਲੱਗਦਾ ਹੈ ਕਿ ਇਨ੍ਹਾਂ ਰਾਜਾਂ ਦੇ ਵੋਟਰ ਹੀ ਤੈਅ ਕਰਨਗੇ ਕਿ ਦੇਸ਼ ਦਾ ਅਗਲਾ ਰਾਸ਼ਟਰਪਤੀ ਕੌਣ ਹੋਵੇਗਾ, ਇਸ ਪਿਛੋਕੜ ਵਿਚ ਇਹ ਦੋਵੇਂ ਨੇਤਾ ਇਨ੍ਹਾਂ 7 ਸੂਬਿਆਂ ਵਿਚ ਨਿਰਪੱਖ ਰਹਿਣ ਵਾਲੇ ਵੋਟਰਾਂ ਦੇ ਮਨਾਂ ਨੂੰ ਚੁਰਾਉਣ 'ਤੇ ਕੇਂਦਰਿਤ ਹਨ। ਇਹ ਸੂਬੇ ਜਿਨ੍ਹਾਂ ਵਿਚ ਐਰੀਜ਼ੋਨਾ, ਜਾਰਜੀਆ, ਮਿਸ਼ੀਗਨ, ਨੇਵਾਡਾ, ਉੱਤਰੀ ਕੈਰੋਲੀਨਾ, ਪੈਨਸਿਲਵੇਨੀਆ ਅਤੇ ਵਿਸਕਾਨਸਿਨ ਸ਼ਾਮਿਲ ਹਨ। 2020 ਵਿਚ ਹੋਈਆਂ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਜਿੱਤ ਵਿਚ ਮੁੱਖ ਭੂਮਿਕਾ ਐਰੀਜ਼ੋਨਾ ਰਾਜ ਨੇ ਨਿਭਾਈ ਸੀ। ਇਹ ਰਾਜ ਰਿਪਬਲਿਕਨ ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਹੈ। ਪਰ ਪਿਛਲੀਆਂ ਚੋਣਾਂ ਵਿਚ ਇਸ ਸੂਬੇ ਦੇ ਬਹੁਗਿਣਤੀ ਵੋਟਰਾਂ ਨੇ ਡੈਮੋਕ੍ਰੇਟਿਕ ਪਾਰਟੀ ਨੂੰ ਵੋਟਾਂ ਪਾਈਆਂ ਸਨ। ਇਸ ਸੰਦਰਭ ਵਿਚ, ਐਰੀਜ਼ੋਨਾ ਰਾਜ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਮਹੱਤਵਪੂਰਨ ਹੋਵੇਗਾ। ਜਾਰਜੀਆ ਵਿਚ ਵੱਡੀ ਗਿਣਤੀ ਵਿਚ ਅਫਰੀਕੀ ਅਮਰੀਕੀ ਨਾਗਰਿਕ ਰਹਿੰਦੇ ਹਨ। ਇਸ ਸੂਬੇ ਦੇ ਵੋਟਰਾਂ ਨੇ ਜੋਅ ਬਾਇਡਨ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਨਾਲ ਹੀ ਇੱਕ ਹੋਰ ਰਾਜ, ਮਿਸ਼ੀਗਨ ਨੇ ਵੀ



24 ਕਰੋੜ ਦੇ ਕਰੀਬ ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਕਰਨਗੇ ਵਰਤੋਂ



■ ਬਾਕੀ ਖਬਰ ਸਫਾ 19 'ਤੇ

## ਜੋਅ ਬਾਇਡਨ ਦੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾਗਰਿਕਤਾ ਦੇਣ ਦੇ ਪ੍ਰੋਗਰਾਮ 'ਤੇ ਲੱਗੀ ਰੋਕ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਰਾਸ਼ਟਰਪਤੀ ਜੋਅ ਬਾਇਡਨ ਦਾ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾਗਰਿਕਤਾ ਦੇਣ ਦਾ ਪ੍ਰੋਗਰਾਮ ਅਦਾਲਤ ਵੱਲੋਂ ਰੋਕ ਦਿੱਤਾ ਗਿਆ ਹੈ। ਇਸ ਨਵੰਬਰ ਵਿਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਗੈਰ-ਕਾਨੂੰਨੀ ਪਰਵਾਸ ਇੱਕ ਅਹਿਮ ਮੁੱਦਾ ਹੈ, ਜਿਸ ਵਿਚ ਰਾਸ਼ਟਰਪਤੀ ਬਾਇਡਨ ਨੇ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਸੀ, ਜੋ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਨ ਵਾਲੇ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀਆਂ ਨੂੰ ਕਾਨੂੰਨੀ ਨਾਗਰਿਕਤਾ ਪ੍ਰਦਾਨ ਕਰੇਗਾ, ਪਰ ਇਸ ਪ੍ਰੋਗਰਾਮ ਨੂੰ

■ ਟੈਕਸਾਸ 'ਚ ਇੱਕ ਸੰਘੀ ਜੱਜ ਨੇ ਪ੍ਰੋਗਰਾਮ ਨੂੰ ਅਸਥਾਈ ਤੌਰ 'ਤੇ ਰੋਕਿਆ



■ ਅਮਰੀਕਾ 'ਚ ਰਹਿੰਦੇ ਪ੍ਰਵਾਸੀਆਂ ਨੂੰ ਲੱਗਾ ਝਟਕਾ

ਫਿਲਹਾਲ ਟੈਕਸਾਸ ਵਿਚ ਇੱਕ ਜੱਜ ਨੇ ਰੋਕ ਦਿੱਤਾ ਹੈ। ਬਾਇਡਨ ਪ੍ਰਸ਼ਾਸਨ ਦੇ ਪ੍ਰੋਗਰਾਮ ਦਾ ਰਿਪਬਲਿਕਨਾਂ ਵੱਲੋਂ ਵਿਰੋਧ ਕੀਤਾ ਗਿਆ ਹੈ। ਟੈਕਸਾਸ ਵਿਚ ਇੱਕ ਸੰਘੀ ਜੱਜ ਨੇ ਬਾਇਡਨ ਪ੍ਰਸ਼ਾਸਨ ਦੇ ਪ੍ਰੋਗਰਾਮ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ। ਇਹ ਪ੍ਰੋਗਰਾਮ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਨ ਵਾਲੇ ਪੰਜ ਲੱਖ ਗੈਰ-ਦਸ਼ਤਾਵੇਜ਼ੀ ਪ੍ਰਵਾਸੀਆਂ ਲਈ ਅਮਰੀਕਾ ਦੀ ਨਾਗਰਿਕਤਾ ਪ੍ਰਦਾਨ ਕਰ ਸਕਦਾ ਸੀ। ਟੈਕਸਾਸ ਦੇ ਅਗਵਾਈ ਹੇਠ 16 ਰਾਜਾਂ ਵੱਲੋਂ ਦਾਇਰ ਮੁਕੱਦਮੇ ਵਿਚ ਦਲੀਲ ਦਿੱਤੀ ਗਈ ਹੈ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਗਰੀਨ ਕਾਰਡ ਮਿਲਣ ਨਾਲ ਸੂਬਾ ਸਰਕਾਰਾਂ ਨੂੰ ਵੱਡਾ ਆਰਥਿਕ ਨੁਕਸਾਨ ਹੋਵੇਗਾ ਅਤੇ ਅਜਿਹੇ ਵਿਚ ਫੈਡਰਲ ਸਰਕਾਰ ਦੀ ਯੋਜਨਾ ਰੱਦ ਕਰ ਦਿਤੀ ਜਾਵੇ। ਟੈਕਸਾਸ ਦੇ ਉਤਰੀ ਜ਼ਿਲ੍ਹੇ ਦੀ ਅਦਾਲਤ ਵਿਚ

■ ਬਾਕੀ ਖਬਰ ਸਫਾ 19 'ਤੇ

## ਕੈਨੇਡਾ 'ਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ 'ਤੇ ਲਟਕਿਆ ਦੇਸ਼ ਨਿਕਾਲੇ ਦਾ ਖਤਰਾ !

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵਿਚ ਸੈਂਕੜੇ ਭਾਰਤੀ ਵਿਦਿਆਰਥੀਆਂ ਨੇ ਨਵੀਂ ਫੈਡਰਲ ਨੀਤੀ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਦਰਅਸਲ ਇਸ ਨੀਤੀ ਕਾਰਨ ਕੈਨੇਡਾ ਵਿਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦਾ ਖਤਰਾ ਹੈ ਅਤੇ ਇਸ ਦਾ ਸਭ ਤੋਂ ਵੱਧ ਅਸਰ ਭਾਰਤੀ ਵਿਦਿਆਰਥੀਆਂ 'ਤੇ ਪਵੇਗਾ। ਦਰਅਸਲ ਕੈਨੇਡੀਅਨ ਸਰਕਾਰ ਨੇ ਹਾਲ ਹੀ ਵਿਚ ਆਪਣੀ ਇਮੀਗ੍ਰੇਸ਼ਨ ਨੀਤੀ ਵਿਚ ਕੁਝ ਬਦਲਾਅ ਕੀਤੇ ਹਨ। ਇਨ੍ਹਾਂ ਤਬਦੀਲੀਆਂ ਕਾਰਨ 70 ਹਜ਼ਾਰ ਤੋਂ ਵੱਧ ਗ੍ਰੈਜੂਏਟ ਵਿਦਿਆਰਥੀਆਂ ਦਾ ਭਵਿੱਖ ਅਨਿਸ਼ਚਿਤਤਾ ਵਿਚ ਹੈ।

ਕੈਨੇਡਾ ਦੇ ਪ੍ਰਿੰਸ ਐਡਵਰਡ ਆਈਲੈਂਡ ਦੀ ਵਿਧਾਨ ਸਭਾ ਦੇ ਬਾਹਰ ਭਾਰਤੀ ਵਿਦਿਆਰਥੀਆਂ ਨੇ ਪ੍ਰਦਰਸ਼ਨ ਕੀਤਾ। ਇਸੇ ਤਰ੍ਹਾਂ ਦੇ ਪ੍ਰਦਰਸ਼ਨ ਓਨਟਾਰੀਓ, ਮੈਨੀਟੋਬਾ ਅਤੇ ਬ੍ਰਿਟਿਸ਼ ਕੋਲੰਬੀਆ ਸੂਬਿਆਂ ਵਿਚ ਵੀ ਹੋਏ ਹਨ।

■ ਭਾਰਤੀ ਵਿਦਿਆਰਥੀਆਂ 'ਤੇ ਪਵੇਗਾ ਸਭ ਤੋਂ ਵੱਧ ਅਸਰ

ਇਮੀਗ੍ਰੇਸ਼ਨ ਨੀਤੀ ਵਿਚ ਬਦਲਾਅ ਦੇ ਹਿੱਸੇ ਵਜੋਂ ਕੈਨੇਡਾ ਸਰਕਾਰ ਸਥਾਈ ਨਿਵਾਸ ਲਈ ਨਾਮਜ਼ਦਗੀਆਂ ਦੀ ਗਿਣਤੀ ਨੂੰ 25 ਪ੍ਰਤੀਸ਼ਤ ਤੱਕ ਘਟਾਉਣ ਦੀ ਤਿਆਰੀ ਕਰ ਰਹੀ ਹੈ ਅਤੇ ਕੈਨੇਡਾ ਵਿਚ ਪੜ੍ਹਨ ਲਈ ਪਰਮਿਟਾਂ ਦੀ ਗਿਣਤੀ ਵੀ ਘਟਾਈ ਜਾਵੇਗੀ। ਵਰਣਨਯੋਗ ਹੈ ਕਿ ਕੈਨੇਡਾ ਵਿਚ ਪਿਛਲੇ ਕੁਝ ਸਾਲਾਂ ਵਿਚ ਆਬਾਦੀ ਤੇਜ਼ੀ ਨਾਲ ਵਧੀ ਹੈ ਅਤੇ ਇਸ ਆਬਾਦੀ ਵਿਚ ਲਗਭਗ 97 ਫੀਸਦੀ ਵਾਧੇ ਵਿਚ ਪ੍ਰਵਾਸੀ ਸ਼ਾਮਲ ਹਨ। ਇਸ ਲਈ ਕੈਨੇਡੀਅਨ ਸਰਕਾਰ ਦੇਸ਼ ਵਿਚ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਨੂੰ ਸੀਮਤ ਕਰਨਾ ਚਾਹੁੰਦੀ ਹੈ।

## ਵਰਜੀਨੀਆ 'ਚ ਪਤਨੀ ਦੇ ਕਤਲ ਦੇ ਦੋਸ਼ ਹੇਠ ਨਰੇਸ਼ ਭੱਟ ਗ੍ਰਿਫਤਾਰ

**ਮਾਨਸਾਸ ਪਾਰਕ (ਵਰਜੀਨੀਆ), (ਪੰਜਾਬ ਮੇਲ)-** ਨੇਪਾਲੀ ਮੂਲ ਦੇ 37 ਸਾਲਾ ਨਰੇਸ਼ ਭੱਟ ਨੂੰ ਆਪਣੀ ਪਤਨੀ 28 ਸਾਲਾ ਮਮਤਾ ਕਾਫਲੇ ਭੱਟ ਦੀ ਹੱਤਿਆ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਅਦਾਲਤ ਅਨੁਸਾਰ ਉਸ ਦੀ ਗ੍ਰਿਫਤਾਰੀ ਗੈਰ ਜ਼ਮਾਨਤੀ ਹੋਵੇਗੀ। ਪਿਛਲੇ ਕਈ ਦਿਨਾਂ ਤੋਂ ਇਹ ਕਤਲ ਇਕ ਭੇਦ ਬਣਿਆ ਹੋਇਆ ਸੀ। ਨਰੇਸ਼ ਭੱਟ ਨੇ ਕਤਲ ਤੋਂ ਕਈ ਦਿਨਾਂ ਬਾਅਦ ਖੁਦ ਹੀ ਪੁਲਿਸ ਕੋਲ ਰਿਪੋਰਟ ਲਿਖਾਈ ਸੀ ਕਿ ਉਸ ਦੀ ਪਤਨੀ ਲਾਪਤਾ ਹੈ। ਪੁਲਿਸ ਵੱਲੋਂ ਬਾਰੀਕੀ ਨਾਲ ਤਫਤੀਸ਼ ਕੀਤੀ ਗਈ। ਇਸ ਦੌਰਾਨ ਨਰੇਸ਼ ਭੱਟ ਦੇ ਘਰ ਦੀ ਵੀ ਤਲਾਸ਼ੀ ਲਈ ਗਈ, ਜਿੱਥੋਂ ਪੁਲਿਸ ਨੂੰ ਕੁੱਝ ਮਹੱਤਵਪੂਰਨ ਡਿਜ਼ੀਟਲ ਅਤੇ ਫੋਰੈਂਸਿਕ ਸਬੂਤ ਮਿਲੇ, ਜੋ ਇਹ ਦਰਸਾਉਂਦੇ ਸਨ ਕਿ ਮਮਤਾ ਦੀ ਹੱਤਿਆ ਉਸ ਦੇ ਆਪਣੇ ਘਰ ਵਿਚ ਹੀ ਹੋਈ ਹੈ ਅਤੇ ਉਸ ਦੇ ਪਤੀ ਨਰੇਸ਼ ਭੱਟ ਨੇ ਇਸ ਕਤਲ ਨੂੰ ਲੁਕਾਉਣ ਦੀ



ਕੋਸ਼ਿਸ਼ ਕੀਤੀ ਸੀ। ਪੁਲਿਸ ਨੇ ਉਨ੍ਹਾਂ ਦੇ ਘਰ ਵਿਚ ਬੈੱਡਰੂਮ ਅਤੇ ਬਾਥਰੂਮ ਵਿਚ ਲਾਸ਼ ਨੂੰ ਘਸੀਟਣ ਅਤੇ ਖੂਨ ਦੇ ਧੱਬੇ ਹੋਣ ਦੇ ਸਬੂਤ ਹਾਸਲ ਕੀਤੇ ਹਨ। ਜਾਂਚਕਰਤਾਵਾਂ ਨੇ ਇਹ ਵੀ ਪਾਇਆ ਕਿ ਭੱਟ ਨੇ 30 ਜੁਲਾਈ ਨੂੰ ਵਾਲਮਾਰਟ ਸਟੋਰ ਤੋਂ ਚਾਕੂ ਖਰੀਦੇ ਸਨ, ਜਿਸ ਨਾਲ ਉਸ ਨੇ ਆਪਣੀ ਪਤਨੀ ਦੀ ਹੱਤਿਆ ਕੀਤੀ। ਇਸ ਜੋੜੇ ਦੀ 1 ਸਾਲ ਦੀ ਧੀ ਵੀ ਹੈ। ਮਮਤਾ ਦੇ ਮਾਤਾ-ਪਿਤਾ ਨੇਪਾਲ ਤੋਂ ਜਲਦ ਹੀ ਅਮਰੀਕਾ ਪਹੁੰਚ ਰਹੇ ਹਨ।


## ਅਮਰੀਕਾ ਤੋਂ ਅੰਮ੍ਰਿਤਸਰ ਪਰਤੇ ਐੱਨ.ਆਰ.ਆਈ. ਨੂੰ ਮਾਰੀ ਗੋਲੀ

**ਅੰਮ੍ਰਿਤਸਰ, (ਪੰਜਾਬ ਮੇਲ)-** ਅਮਰੀਕਾ 'ਚ ਰਹਿ ਰਹੇ ਇੱਕ ਐੱਨ.ਆਰ.ਆਈ. ਨੂੰ ਦੋ ਦਿਨ ਪਹਿਲਾਂ ਪੰਜਾਬ, ਭਾਰਤ ਵਿਚ ਗੋਲੀ ਮਾਰ ਦਿੱਤੀ ਗਈ। ਪੁਲਿਸ ਨੇ ਇਸ ਮਾਮਲੇ ਵਿਚ ਅੱਠ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਵਿਚ ਐੱਨ.ਆਰ.ਆਈ. ਦੀ ਪਹਿਲੀ ਪਤਨੀ ਦਾ ਪਿਤਾ ਵੀ ਸ਼ਾਮਲ ਹੈ। ਅਮਰੀਕਾ 'ਚ ਰਹਿਣ ਵਾਲੇ ਤਿੰਨ ਲੋਕਾਂ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ।

ਐੱਨ.ਆਰ.ਆਈ. ਸੁਖਚੈਨ ਸਿੰਘ ਨੂੰ ਸ਼ਨੀਵਾਰ ਸ਼ਾਮ ਨੂੰ ਅੰਮ੍ਰਿਤਸਰ ਦੇ ਦਬੁਰਜੀ ਵਿਚ ਉਸਦੇ ਘਰ ਵਿਚ ਗੋਲੀ ਮਾਰ ਦਿੱਤੀ ਗਈ। ਇਸ ਸਮੇਂ ਸੁਖਚੈਨ ਦੀ ਮਾਂ ਅਤੇ ਛੋਟਾ ਬੱਚਾ ਵੀ ਮੌਜੂਦ ਸਨ। ਇਹ ਸਾਰੀ ਘਟਨਾ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ ਹੈ।

ਰਿਪੋਰਟ ਮੁਤਾਬਕ ਸੁਖਚੈਨ ਕਰੀਬ 20 ਦਿਨ ਪਹਿਲਾਂ ਅਮਰੀਕਾ ਤੋਂ ਅੰਮ੍ਰਿਤਸਰ ਪਹੁੰਚਿਆ ਸੀ। ਹਾਲ ਹੀ 'ਚ ਉਨ੍ਹਾਂ ਨੇ 1.5 ਕਰੋੜ ਰੁਪਏ ਦੀ ਲਗਜ਼ਰੀ ਕਾਰ ਖਰੀਦੀ ਹੈ। ਇਸ ਕਾਰ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਬਾਰੇ ਪੁੱਛ-ਪੜਤਾਲ ਕਰਨ ਦੇ ਬਹਾਨੇ ਦੋ ਹਮਲਾਵਰ ਉਸ ਦੇ ਘਰ ਦਾਖਲ ਹੋਏ।

■ ਪਹਿਲੀ ਪਤਨੀ ਦੇ ਪਿਤਾ ਸਮੇਤ 8 ਗ੍ਰਿਫ਼ਤਾਰ
■ ਪੁਲਿਸ ਵੱਲੋਂ ਹਮਲਾਵਰਾਂ ਦੀ ਫੋਟੋ ਜਾਰੀ



ਸੀਸੀਟੀਵੀ ਕੈਮਰੇ 'ਚ ਕੈਦ ਹਮਲਾਵਰ।

ਜਿਵੇਂ ਹੀ ਉਹ ਘਰ ਪਹੁੰਚੇ ਤਾਂ ਹਮਲਾਵਰਾਂ ਨੇ ਨੇੜੇ ਤੋਂ ਸੁਖਚੈਨ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ ਉਹ ਮੌਕੇ ਤੋਂ ਫਰਾਰ ਹੋ ਗਏ। ਇਸ ਘਟਨਾ ਵਿਚ ਸੁਖਚੈਨ ਸਿੰਘ ਦੇ ਚਿਹਰੇ ਅਤੇ ਹੱਥਾਂ 'ਤੇ ਗੰਭੀਰ ਸੱਟਾਂ ਲੱਗੀਆਂ। ਹਸਪਤਾਲ ਵਿਚ ਉਸ ਦੀ ਹਾਲਤ ਹੁਣ ਸਥਿਰ ਦੱਸੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਹਮਲਾ ਸੁਖਚੈਨ ਦੀ ਪਹਿਲੀ ਪਤਨੀ ਦੇ ਪਰਿਵਾਰਕ ਮੈਂਬਰਾਂ ਨੇ ਕੀਤਾ ਸੀ। ਸੁਖਚੈਨ ਦੀ ਪਹਿਲੀ ਪਤਨੀ ਨੇ ਦਸੰਬਰ 2022 ਵਿਚ ਖੁਦਕੁਸ਼ੀ ਕਰ ਲਈ ਸੀ। ਇਸ ਸਬੰਧੀ ਉਸ ਦੇ ਪਰਿਵਾਰ ਨੇ ਸੁਖਚੈਨ ਨਾਲ ਰੰਜਿਸ਼ ਰੱਖਣੀ ਸ਼ੁਰੂ ਕਰ ਦਿੱਤੀ। ਪੁਲਿਸ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਦੋ

■ ਬਾਕੀ ਖਬਰ ਸਫਾ 19 'ਤੇ


PINNU BRAR
MANINDER MAAN
NAVI GILL
HARDEEP BINNING
DALBIR RAI
JASWANT DHILLON
BAL K SINDAL
SANDEEP DEOL
MANDEEP KAUR
KEERAT TAKHAR
IAPW
INTERNATIONAL ASSOCIATION of PUNJABI WOMEN
26TH ANNUAL
ONE N ONE ONLY
YUBA CITY
HARMANDEEP KAUR
GUEST APPEARANCE
SURLEENA SINGH
AND TEAM SANGEET BY
SAKHIYAN FROM CANADA
GUEST APPEARANCE
SHIPRA GOYAL
TEEYAN DA Mela
TIME: 11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
SEPT 1ST 2024
(SUNDAY BEFORE LABORDAY)
$10 MANDATORY RAFFLE ENTRY TICKET AT THE GATE ENDS AT 3:45 PM
3:45PM TO 5PM ENTRACE TICKET IS $20/PERSON
GATES CLOSE AT 5PM ( NO ENTRY AFTER 5 PM )
FOR PARTICIPATION, BOOTH BOOKINGS
N SPONSORSHIP, PLEASE CONTACT
CALL : (530) 845-4800
JOT RANJIT KAUR
(HOST)
PARM TAKHAR
(HOST)
SUKHI JHUTTY
SITAL GORAYA
BAKHSHO VISLA
SHIVPREET BIHALA
NEETU HUNDAL
RAJINDER KAUR
( OWNER MEHFIL )
Space sponsored by
Gurjatinder S. Randhawa
(REALTOR) CA DRE licence # 01490567
916-320-9444

# ਸਿਆਟਲ 'ਚ ਬੱਚਿਆਂ ਦੇ ਖੇਡ ਕੈਂਪ ਦੇ ਸਮਾਪਤੀ ਸਮਾਰੋਹ ਸਮੇਂ ਜੇਤੂ ਖਿਡਾਰੀਆਂ, ਦਾਨੀਆਂ ਤੇ ਵਲੰਟੀਅਰਾਂ ਦਾ ਹੋਇਆ ਮਾਣ-ਸਨਮਾਨ























# ਇੰਡਸਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ ਵੱਲੋਂ ਮਨਾਈ ਗਈ ਸਾਲਾਨਾ ਲਾਹੌਰੀ ਰਾਮ ਯਾਦਗਾਰੀ ਪਿਕਨਿਕ


















**ਸੈਕਰਾਮੈਂਟੋ, (ਪੰਜਾਬ ਮੇਲ)**-ਇੰਡਸਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ ਵੱਲੋਂ 16ਵੀਂ ਸਾਲਾਨਾ ਪਿਕਨਿਕ ਐਲਕ ਗਰੋਵ ਪਾਰਕ (ਸੈਕਰਾਮੈਂਟੋ) ਵਿਖੇ ਮਨਾਈ ਗਈ। ਕਮਿਸ਼ਨਰ ਲਾਹੌਰੀ ਰਾਮ ਜੀ ਦੀ ਯਾਦ ਵਿਚ ਕਰਵਾਈ ਜਾਂਦੀ ਇਸ ਪਿਕਨਿਕ ਵਿਚ ਭਾਰੀ ਗਿਣਤੀ 'ਚ ਸਥਾਨਕ ਲੋਕਾਂ ਨੇ ਹਿੱਸਾ ਲਿਆ। ਅਮਰੀਕੀ ਆਗੂ, ਕਾਊਂਟੀ ਸੁਪਰਵਾਈਜ਼ਰ ਪੈਟ ਹਿਊਮ, ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ, ਕੌਂਸਲ ਮੈਂਬਰ ਡੈਰੇਨ ਸਿਊਨ, ਸਾਬਕਾ ਅਸੈਂਬਲੀ ਮੈਂਬਰ ਰੋਜਰ ਡਿਕਨਸਨ, ਤੇਜ ਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਇਸ ਮੌਕੇ ਹਾਜ਼ਰ ਸਨ। ਚੈਂਬਰ ਦੇ ਪ੍ਰਧਾਨ ਕੇਵਲ ਸਿੰਘ ਬੋਲੀਨਾ ਅਤੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਸਮੂਹ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਇਸ ਮੌਕੇ ਗੁਰਪ੍ਰੀਤ ਸਿੰਘ ਸਿੱਧੂ, ਗੁਰਮੀਤ ਵੜੈਚ, ਦਲਜੀਤ ਸਿੰਘ ਸੰਧੂ ਅਤੇ ਇਕਬਾਲ ਪੱਡਾ ਨੂੰ ਅਸੈਂਬਲੀ ਮੈਂਬਰ ਵੱਲੋਂ ਅਵਾਰਡ ਦੇ ਕੇ ਨਿਵਾਜਿਆ ਗਿਆ।

ਇਸ ਮੌਕੇ ਕੁੱਝ ਖੇਡਾਂ ਕਰਵਾਈਆਂ ਗਈਆਂ। ਜਿਸ ਦੌਰਾਨ ਵਾਲੀਬਾਲ ਟੂਰਨਾਮੈਂਟ ਕਰਵਾਈ ਗਈ। ਇਸ ਵਿਚ 10 ਟੀਮਾਂ ਨੇ ਹਿੱਸਾ ਲਿਆ। ਟੀ.ਐੱਮ.ਸੀ. ਫਰੀਮਾਂਟ ਦੀ ਟੀਮ ਨੇ ਸੈਂਟਾ ਕਲਾਰਾ ਟੀਮ ਨੂੰ ਫਾਈਨਲ ਵਿਚ ਹਰਾ ਕੇ ਟਰਾਫੀ ਜਿੱਤ ਲਈ। ਤਾਸ਼ ਦੇ ਮੁਕਾਬਲੇ ਵੀ ਕਾਫੀ ਰੌਚਕ ਰਹੇ। ਇਸ ਤੋਂ ਇਲਾਵਾ ਮਿਊਜ਼ੀਕਲ ਚੇਅਰ, ਰੱਸਾਕੱਸ਼ੀ ਦੇ ਮੁਕਾਬਲੇ ਦਿਲਚਸਪ ਰਹੇ। ਬੀਬੀਆਂ ਦਾ ਗਿੱਧਾ ਸਲਾਹੁਣਯੋਗ ਸੀ। ਲਾਹੌਰੀ ਰਾਮ ਪਰਿਵਾਰ ਵੱਲੋਂ ਉਨ੍ਹਾਂ ਦੀ ਪਤਨੀ ਅਤੇ ਬੇਟਾ ਪਾਲ ਰਾਮ ਇਸ ਪਿਕਨਿਕ ਵਿਚ ਹਿੱਸਾ ਲੈਣ ਲਈ ਪਹੁੰਚੇ ਹੋਏ ਸਨ। ਨਰਿੰਦਰਪਾਲ ਸਿੰਘ ਹੁੰਦਲ, ਗੁਰਜਤਿੰਦਰ ਸਿੰਘ ਰੰਧਾਵਾ, ਸੁਰਿੰਦਰ ਬਿੰਦਰਾ, ਲੱਖੀ ਸਿੰਘ, ਪੂਰੇਵਾਲ ਸਾਹਿਬ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਕੁੱਝ ਗਾਇਕਾਂ ਨੇ ਆਪਣੇ ਗੀਤਾਂ ਰਾਹੀਂ ਆਏ ਮਹਿਮਾਨਾਂ ਦਾ ਖ਼ੂਬ ਮਨੋਰੰਜਨ ਕੀਤਾ। ਕੁੱਲ ਮਿਲਾ ਕੇ ਇਹ ਸਾਲਾਨਾ ਪਿਕਨਿਕ ਕਾਮਯਾਬੀ ਰਹੀ।


CHARDA PUNJAB CLUB
SACRAMENTO PRESENTS
1st ROSVILLE KABADDI CUP
Gurcharan Singh Billa
IN THE MEMORY OF
Lakhbir Singh Sangha
CHARDA PUNJAB CLUB
Sacramento, Ca
WORLD KABADDI CUP
22nd September 2024
5480 FIFTH ST. ROCKLIN, CA
3:23 PM

# ਸਿਆਟਲ 'ਚ ਬੱਚਿਆਂ ਦੇ ਖੇਡ ਕੈਂਪ ਦੇ ਸਮਾਪਤੀ ਸਮਾਰੋਹ ਸਮੇਂ ਜੇਤੂ ਖਿਡਾਰੀਆਂ, ਦਾਨੀਆਂ ਤੇ ਵਲੰਟੀਅਰਾਂ ਦਾ ਹੋਇਆ ਮਾਣ-ਸਨਮਾਨ




ਕੋਚ ਸਾਹਿਬਾਨਾਂ ਤੇ ਵਲੰਟੀਅਰਾਂ ਦਾ ਮਾਣ-ਸਨਮਾਨ ਕਰਨ ਦਾ ਦ੍ਰਿਸ਼।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਬੀਤੇ ਐਤਵਾਰ 25 ਅਗਸਤ ਨੂੰ ਖੇਡ ਕੈਂਪ ਦੀ ਸਮਾਪਤੀ ਸਮਾਰੋਹ ਸਮੇਂ ਜੇਤੂ ਖਿਡਾਰੀਆਂ ਤੇ ਦਾਨੀਆਂ, ਵਲੰਟੀਅਰ ਸੇਵਾਦਾਰਾਂ ਦਾ ਮਾਣ-ਸਨਮਾਨ ਹੋਇਆ। ਪੰਜਾਬੀ ਭਾਈਚਾਰੇ ਦੇ ਸਮੂਹ ਲੋਕਾਂ ਨੇ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਬੱਚਿਆਂ ਦੀਆਂ ਖੇਡਾਂ ਦੇ ਮੁਕਾਬਲਿਆਂ ਦਾ ਖੂਬ ਆਨੰਦ ਮਾਣਿਆ। ਦਾਨੀਆਂ ਦੇ ਸਹਿਯੋਗ ਸਦਕਾ ਇਹ ਸਪੋਰਟਸ ਕੈਂਪ ਦੋ ਮਹੀਨੇ ਫਰੀ ਚਲਾਇਆ ਗਿਆ। ਇਸ ਮੌਕੇ ਸੁੱਚਾ ਸਿੰਘ ਗਿੱਲ ਸਾਬਕਾ ਡੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਮੁੱਖ ਮਹਿਮਾਨ ਅਤੇ ਗੈਸਟ ਆਫ ਔਨਰ ਸ. ਜੇ.ਐੱਸ. ਭਿੰਡਰ ਸ਼ਾਮਲ ਹੋਏ।



ਕਮੇਟੀ ਮੈਂਬਰ ਮੁੱਖ ਮਹਿਮਾਨ ਦਇਆਬੀਰ ਸਿੰਘ ਪਿੰਟੂ ਬਾਠ ਦਾ ਸਵਾਗਤ ਕਰਦੇ ਸਮੇਂ।

ਇਸ ਮੌਕੇ 'ਤੇ ਯੂ.ਕੇ. ਤੋਂ ਅਜੈਬ ਸਿੰਘ ਗਰਚਾ, ਬਲਬੀਰ ਸਿੰਘ ਉਸਮਾਨਪੁਰ, ਗੁਰਬਿੰਦਰ ਸਿੰਘ ਧਾਲੀਵਾਲ, ਮਨਦੀਪ ਸਿੰਘ ਸੰਘਾ, ਰਛਪਾਲ ਸਿੰਘ ਥਿੰਦ, ਜਗਦੇਵ ਸੰਧੂ, ਜੋਗਿੰਦਰ ਸਿੰਘ ਸੰਧੂ, ਮਿੱਤਰਪਾਲ ਸਿੰਘ ਸਮੇਤ ਮਾਣ-ਮੱਤੀਆਂ ਸ਼ਖਸੀਅਤਾਂ ਹਾਜ਼ਰ ਸਨ। ਅਖੀਰ ਵਿਚ ਗੁਰਚਰਨ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਸਾਰੀ ਜ਼ਿੰਮੇਵਾਰੀ ਗੁਰਦੀਪ ਸਿੰਘ ਸਿੱਧੂ ਨੇ ਬਾਖ਼ੂਬੀ ਨਿਭਾਈ।

# ਭਾਰਤੀ-ਅਮਰੀਕੀ ਕਾਰੋਬਾਰੀ ਟੈਕਸਾਸ ਦੀ ਆਰਥਿਕ ਸੰਸਥਾ ਦੇ ਚੇਅਰਮੈਨ ਨਿਯੁਕਤ

**ਹਿਊਸਟਨ, (ਪੰਜਾਬ ਮੇਲ)**- ਟੈਕਸਾਸ ਦੇ ਗਵਰਨਰ ਗਰੇਗ ਐਬਟ ਨੇ ਡਲਾਸ ਨਿਵਾਸੀ ਭਾਰਤੀ ਅਮਰੀਕੀ ਕਾਰੋਬਾਰੀ ਅਰੁਣ ਅਗਰਵਾਲ ਨੂੰ 'ਟੈਕਸਾਸ ਆਰਥਿਕ ਵਿਕਾਸ ਨਿਗਮ' ਦੇ ਬੋਰਡ ਆਫ ਡਾਇਰੈਕਟਰਜ਼ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਗਵਰਨਰ ਦਫ਼ਤਰ ਵੱਲੋਂ ਜਾਰੀ ਬਿਆਨ ਅਨੁਸਾਰ ਗਵਰਨਰ ਦੇ ਆਰਥਿਕ ਵਿਕਾਸ ਤੇ ਸੈਰ-ਸਪਾਟਾ ਦਫ਼ਤਰ ਨਾਲ ਇੱਕ ਅਹਿਮ ਜਨਤਕ-ਨਿੱਜੀ ਭਾਈਵਾਲੀ ਤਹਿਤ ਟੀ.ਈ.ਡੀ.ਸੀ. ਦਾ ਕੰਮ ਘਰੇਲੂ ਤੇ ਆਲਮੀ ਪੱਧਰ 'ਤੇ ਵਪਾਰ ਲਈ ਸਿਖਰਲੇ ਅਮਰੀਕੀ ਰਾਜ ਵਜੋਂ ਪ੍ਰਚਾਰ ਕਰਨ ਦਾ ਹੈ। ਉਸ ਨੇ ਕਿਹਾ ਕਿ ਇਹ ਨਿਯੁਕਤੀ ਵੰਨ-ਸੁਵੰਨਤਾ ਪ੍ਰਤੀ ਟੈਕਸਾਸ ਦੀ ਪ੍ਰਤੀਬੱਧਤਾ ਨੂੰ ਉਭਾਰਦੀ ਹੈ ਤੇ ਅਹਿਮ ਆਰਥਿਕ ਭੂਮਿਕਾਵਾਂ 'ਚ ਭਾਰਤੀ-ਅਮਰੀਕੀ ਲੋਕਾਂ ਦੇ ਵਧਦੇ ਪ੍ਰਭਾਵ ਨੂੰ ਸਾਹਮਣੇ ਲਿਆਉਂਦੀ ਹੈ। ਅਗਰਵਾਲ ਦੇ ਤਜਰਬੇ ਨਾਲ ਟੈਕਸਾਸ ਦੀ ਸਥਿਤੀ ਹੋਰ ਬਿਹਤਰ

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# 'ਇਲਾਹੀ ਗਿਆਨ ਦਾ ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ' ਪੁਸਤਕ ਕੈਨੇਡਾ 'ਚ ਅੰਤਰਰਾਸ਼ਟਰੀ ਸਮਾਗਮ ਦੌਰਾਨ ਹੋਈ ਰਿਲੀਜ਼




**ਬਰੈਂਪਟਨ (ਕੈਨੇਡਾ), (ਪੰਜਾਬ ਮੇਲ)**- ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ (ਰਕਬਾ, ਲੁਧਿਆਣਾ) ਵੱਲੋਂ ਪ੍ਰਕਾਸ਼ਿਤ ਕੀਤੀ ਗਈ ਪੁਸਤਕ 'ਇਲਾਹੀ ਗਿਆਨ ਦਾ ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ' ਕਾਫੀ ਚਰਚਾ ਵਿਚ ਹੈ। ਇਸ ਸੰਸਥਾ ਦੇ ਮੁਖੀ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਜੀ ਵੱਲੋਂ ਪੰਜਾਬ ਤੋਂ ਬਾਅਦ ਪਹਿਲਾਂ ਅਮਰੀਕਾ ਵਿਚ ਅਤੇ ਹੁਣ ਕੈਨੇਡਾ ਵਿਚ ਇਸ ਕਿਤਾਬ ਨੂੰ ਰਿਲੀਜ਼ ਕੀਤਾ ਗਿਆ ਹੈ। ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਬਰੈਂਪਟਨ ਵਿਖੇ ਕਰਵਾਈ ਗਈ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਦੌਰਾਨ ਇਹ ਕਿਤਾਬ ਰਿਲੀਜ਼ ਕੀਤੀ ਗਈ। ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਉਥੇ ਪਹੁੰਚੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਜਨਰਲ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ, ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਡਾ. ਆਤਮਜੀਤ ਸਿੰਘ, ਤਾਹਿਰਾ ਸਰਾ, ਡਾ. ਸੁਰਿੰਦਰ ਕੰਵਲ ਨੇ ਭਰਵੇਂ ਸਮਾਗਮ ਦੌਰਾਨ ਇਸ ਕਿਤਾਬ ਨੂੰ ਰਿਲੀਜ਼ ਕੀਤਾ। ਇਸ ਮੌਕੇ ਬੋਲਦਿਆਂ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਜੀ ਨੇ ਇਸ ਕਿਤਾਬ ਨੂੰ ਪ੍ਰਕਾਸ਼ਿਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ, ਸਿੱਖ ਗੁਰੂਆਂ ਅਤੇ ਭਗਤਾਂ ਦੀ ਜੀਵਨੀ ਬਾਰੇ ਚਾਨਣਾ ਪਾਇਆ ਹੈ। ਇਹ ਕਿਤਾਬ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਵਿਚ ਵੀ ਛਾਪੀ ਗਈ ਹੈ, ਤਾਂਕਿ ਦੇਸ਼ਾਂ-ਵਿਦੇਸ਼ਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਹੋ ਸਕੇ। ਇਸ ਮੌਕੇ ਡਾ. ਦਲਬੀਰ ਸਿੰਘ ਕਥੂਰੀਆ ਨੇ ਕ੍ਰਿਸ਼ਨ ਕੁਮਾਰ ਬਾਵਾ ਜੀ ਦੇ ਇਸ ਉਪਰਾਲੇ ਲਈ ਸਰਾਹਣਾ ਕੀਤੀ। ਡਾ. ਆਤਮਜੀਤ ਸਿੰਘ ਨੇ ਕਿਹਾ ਕਿ ਅਜਿਹੇ ਕਾਰਜਾਂ ਨਾਲ ਅਸੀਂ ਆਪਣੀ ਆਉਣ ਵਾਲੀ ਨਸਲ ਨੂੰ ਸਿੱਖ ਧਰਮ ਨਾਲ ਜੋੜਨ ਵਿਚ ਸਹਾਈ ਹੋਵਾਂਗੇ।

# ਅਮਰੀਕਾ 'ਚ ਕਾਲੇ ਫੌਜੀ ਦੀ ਹੱਤਿਆ ਦੇ ਮਾਮਲੇ 'ਚ ਸਾਬਕਾ ਪੁਲਿਸ ਅਫਸਰ ਗ੍ਰਿਫਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਫਲੋਰਿਡਾ ਰਾਜ ਦੇ ਇਕ ਸਾਬਕਾ ਡਿਪਟੀ ਨੂੰ ਯੂ.ਐੱਸ. ਏਅਰ ਫੋਰਸ ਦੇ ਇਕ ਸੀਨੀਅਰ ਕਾਲੇ ਅਧਿਕਾਰੀ ਦੀ ਇਸ ਸਾਲ ਮਈ ਮਹੀਨੇ ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਅਸਿਸਟੈਂਟ ਸਟੇਟ ਅਟਾਰਨੀ ਗਰੇ ਮੈਰਸੀਲੇ ਨੇ ਐਲਾਨ ਕੀਤਾ ਕਿ ਓਕਾਲੋਸਾ ਕਾਊਂਟੀ ਦੇ ਸਾਬਕਾ ਡਿਪਟੀ ਏਡੀ ਡੂਰਾਨ (38) ਵਿਰੁੱਧ 23 ਸਾਲਾ ਰੋਜਰ ਫੋਰਟਸਨ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ 'ਚ ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਉਸ ਨੂੰ 30 ਸਾਲ ਤੱਕ ਕੈਦ ਹੋ ਸਕਦੀ ਹੈ। ਅਧਿਕਾਰੀਆਂ ਅਨੁਸਾਰ ਡੂਰਾਨ ਨੂੰ ਫੋਰਟਸਨ ਦੇ ਫੋਰਟ ਵਾਲਟਨ ਬੀਚ ਅਪਾਰਟਮੈਂਟ ਵਿਚ ਘਰੇਲੂ ਗੜਬੜੀ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਭੇਜਿਆ ਗਿਆ ਸੀ। ਹਾਲਾਂਕਿ ਇਹ ਸੂਚਨਾ ਗਲਤ ਨਿਕਲੀ ਸੀ। ਡੂਰਾਨ ਵੱਲੋਂ ਵਾਰ-ਵਾਰ ਦਰਵਾਜ਼ਾ ਖੜਕਾਉਣ 'ਤੇ ਫੋਰਟਸਨ ਨੇ ਆਪਣੇ ਹੱਥ ਵਿਚ ਹੈਂਡਗੰਨ ਲੈ ਕੇ ਦਰਵਾਜ਼ਾ ਖੋਲ੍ਹਿਆ, ਤਾਂ ਡੂਰਾਨ ਨੇ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਫੋਰਟਸਨ ਦੇ ਕਈ ਗੋਲੀਆਂ ਮਾਰਨ ਉਪਰੰਤ ਡੂਰਾਨ ਨੇ ਉਸ ਨੂੰ ਹੈਂਡ ਗੰਨ ਹੇਠਾਂ ਸੁੱਟਣ ਲਈ ਕਿਹਾ। ਡੂਰਾਨ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਜਦੋਂ ਫੋਰਟਸਨ ਦੇ ਦਰਵਾਜ਼ਾ ਖੋਲ੍ਹਿਆ, ਤਾਂ ਉਸ ਨੇ ਉਸ ਦੀਆਂ ਅੱਖਾਂ ਵਿਚ ਗੁੱਸਾ ਵੇਖਿਆ। ਡੂਰਾਨ ਨੇ ਕਿਹਾ ਕਿ ਮੈਂ ਸੋਚਿਆ ਕਿ ਉਹ ਮੈਨੂੰ ਮਾਰ ਦੇਵੇਗਾ, ਇਸ ਲਈ ਮੈਂ ਉਸ ਉਪਰ ਗੋਲੀ ਚਲਾ ਦਿੱਤੀ।

**ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ**



ਅਮਰੀਕੀ ਫੌਜੀ ਰੋਜਰ ਫੋਰਟਸਨ ਦੀਆਂ ਕੁਝ ਫਾਈਲ ਤਸਵੀਰਾਂ।

# ਐਪਲ ਈਵੈਂਟ 2024 'ਚ ਆਈਫੋਨ 16 ਸੀਰੀਜ਼ ਦੇ ਚਾਰ ਮਾਡਲ ਹੋਣਗੇ ਲਾਂਚ

**ਵਾਸ਼ਿੰਗਟਨ/ਨਵੀਂ ਦਿੱਲੀ, (ਪੰਜਾਬ ਮੇਲ)**- ਐਪਲ ਈਵੈਂਟ 2024 ਦਾ ਐਲਾਨ ਕੀਤਾ ਗਿਆ ਹੈ। ਇਸ ਵਾਰ ਦੇ ਐਪਲ ਈਵੈਂਟ ਲਈ, ਇਸਨੂੰ **'ਇਟ'ਸ ਗਲੋਅਟਾਈਮ'** ਨਾਮ ਦਿੱਤਾ ਗਿਆ ਹੈ। ਇਹ ਸਮਾਗਮ 9 ਸਤੰਬਰ ਨੂੰ ਸਵੇਰੇ 10 ਵਜੇ ਹੋਵੇਗਾ। ਜਦੋਂ ਇਹ ਇਵੈਂਟ ਅਮਰੀਕਾ ਵਿੱਚ ਹੋਵੇਗਾ ਤਾਂ ਭਾਰਤ ਵਿਚ ਰਾਤ ਦੇ 10.30 ਵਜੇ ਹੋਣਗੇ। ਈਵੈਂਟ ਐਪਲ ਪਾਰਕ ਤੋਂ ਪ੍ਰਸਾਰਿਤ ਕੀਤਾ ਜਾਵੇਗਾ, ਜਿਸ ਨੂੰ ਉਪਭੋਗਤਾ ਐਪਲ ਦੀ ਵੈੱਬਸਾਈਟ ਅਤੇ ਯੂਟਿਊਬ ਚੈਨਲ ਤੋਂ ਆਨਲਾਈਨ ਦੇਖ ਸਕਣਗੇ। ਇਸ ਵਾਰ ਐਪਲ ਈਵੈਂਟ 2024 'ਚ ਆਈਫੋਨ 16 ਸੀਰੀਜ਼ ਦੇ ਚਾਰ ਮਾਡਲ ਆਈਫੋਨ 16, ਆਈਫੋਨ 16 ਪਲੱਸ, ਆਈਫੋਨ 16 ਪਰੋ ਅਤੇ ਆਈਫੋਨ 16 ਪਰੋ ਮੈਕਸ ਲਾਂਚ ਕੀਤੇ ਜਾਣਗੇ। ਨਾਲ ਹੀ, ਐਪਲ ਅਲਟਰਾ ਵਾਚ ਦੀ ਇੱਕ ਨਵੀਂ ਸੀਰੀਜ਼ ਲਾਂਚ ਕੀਤੀ ਜਾ ਸਕਦੀ ਹੈ।

ਜੇਕਰ ਅਸੀਂ ਸਕ੍ਰੀਨ ਸਾਈਜ਼ ਦੀ ਗੱਲ ਕਰੀਏ ਤਾਂ ਆਈਫੋਨ 16 'ਚ 6.1 ਇੰਚ ਦੀ ਸਕਰੀਨ ਹੋ ਸਕਦੀ ਹੈ। ਨਾਲ ਹੀ ਆਈਫੋਨ 16 ਪਲੱਸ ਸਮਾਰਟਫੋਨ 'ਚ 6.7 ਇੰਚ ਦੀ ਸਕਰੀਨ ਦਿੱਤੀ ਜਾ ਸਕਦੀ ਹੈ। ਆਈਫੋਨ 16 ਸਮਾਰਟਫੋਨ 'ਚ 3561ਐੱਮ.ਏ.ਐੱਚ. ਦੀ ਬੈਟਰੀ ਹੋਵੇਗੀ, ਜਦਕਿ ਪਲੱਸ 'ਚ 4006ਐੱਮ.ਏ.ਐੱਚ. ਦੀ ਬੈਟਰੀ ਹੋਵੇਗੀ। ਆਈਫੋਨ 16 ਪਰੋ ਵਿਚ 6.3 ਇੰਚ ਦੀ ਡਿਸਪਲੇ ਹੋਵੇਗੀ। ਆਈਫੋਨ 16 ਪਰੋ ਮੈਕਸ ਵਿਚ 6.9 ਇੰਚ ਦੀ ਸਕਰੀਨ ਹੋਵੇਗੀ। ਨਾਲ ਹੀ, ਇਹ ਦੋਵੇਂ ਵੇਰੀਐਂਟ 120Hz ਰਿਫਰੈਸ਼ ਰੇਟ ਹੋਣਗੇ। ਆਈਫੋਨ 16 ਅਤੇ 16 ਪਲੱਸ ਵਿਚ 2× ਆਪਟੀਕਲ ਜ਼ੂਮ ਦੇ ਨਾਲ 12ਐੱਮ.ਪੀ. ਦਾ ਅਲਟਰਾ-ਵਾਈਡ ਐਂਗਲ ਕੈਮਰਾ ਹੋਵੇਗਾ। ਆਈਫੋਨ 16 ਪ੍ਰੋ ਸੀਰੀਜ਼ 'ਚ 48ਐੱਮਪੀ ਦਾ ਅਲਟਰਾ-ਵਾਈਡ-ਐਂਗਲ ਲੈਂਸ ਹੋਵੇਗਾ। ਆਈਫੋਨ 16 ਪ੍ਰੋ ਮਾਡਲ ਏ18 ਪ੍ਰੋ ਚਿੱਪਸੈੱਟ ਦੇ ਨਾਲ ਆਵੇਗਾ। ਹਾਲਾਂਕਿ, ਬੇਸ ਵੇਰੀਐਂਟ 'ਚ ਏ17 ਚਿਪਸੈੱਟ ਦਿੱਤਾ ਜਾ ਸਕਦਾ ਹੈ। ਆਈਫੋਨ 16 ਪਰੋ ਵਿਚ 3355 ਐੱਮ.ਏ.ਐੱਚ. ਦੀ ਬੈਟਰੀ ਹੋਵੇਗੀ ਅਤੇ ਆਈਫੋਨ 16 ਪਰੋ ਮੈਕਸ ਵਿਚ 4676 ਐੱਮ.ਏ.ਐੱਚ. ਦੀ ਬੈਟਰੀ ਹੋਵੇਗੀ। ਆਈਫੋਨ 16 ਪਰੋ ਮਾਡਲ ਨੂੰ ਨਵਾਂ 'ਕੈਪਚਰ ਬਟਨ' ਦਿੱਤਾ ਜਾ ਸਕਦਾ ਹੈ। ਆਈਫੋਨ 15 ਸੀਰੀਜ਼ ਦੀ ਤਰ੍ਹਾਂ ਫੋਨ 'ਚ ਟਾਈਪ-ਸੀ ਚਾਰਜਿੰਗ ਸਪੋਰਟ ਦਿੱਤਾ ਜਾ ਸਕਦਾ ਹੈ। ਨਾਲ ਹੀ, ਇਸ ਵਿਚ ਬਿਹਤਰ ਫਾਸਟ ਚਾਰਜਿੰਗ ਵਿਕਲਪ ਮਿਲਣ ਦੀ ਉਮੀਦ ਹੈ।

**ਆਈਫੋਨ 16 ਸੀਰੀਜ਼ ਦੀ ਸੰਭਾਵਿਤ ਕੀਮਤ 'ਤੇ ਨਜ਼ਰ**

- ਆਈਫੋਨ 16 – 799 ਡਾਲਰ, ਲਗਭਗ 67,100 ਰੁਪਏ
- ਆਈਫੋਨ 16 ਪਲੱਸ – 899 ਡਾਲਰ, ਲਗਭਗ 75,500 ਰੁਪਏ
- ਆਈਫੋਨ 16 ਪਰੋ – 1,099 ਡਾਲਰ, ਲਗਭਗ 92,300 ਰੁਪਏ
- ਆਈਫੋਨ 16 ਪਰੋ ਮੈਕਸ – 1,199 ਡਾਲਰ, ਲਗਭਗ 1,00,700 ਰੁਪਏ

ਜੇਕਰ ਕੀਮਤ ਦੀ ਗੱਲ ਕਰੀਏ ਤਾਂ ਇਹ ਯੂ.ਐੱਸ. ਦੀ ਕੀਮਤ ਹੈ। ਭਾਰਤੀ ਕੀਮਤ ਅਮਰੀਕੀ ਕੀਮਤਾਂ ਨਾਲੋਂ ਵੱਧ ਹੈ ਕਿਉਂਕਿ ਇਸ ਵਿਚ ਆਯਾਤ ਡਿਊਟੀ ਅਤੇ ਜੀ.ਐੱਸ.ਟੀ. ਸ਼ਾਮਲ ਹੈ। ਇਹ ਵੀ ਸੰਭਾਵਿਤ ਕੀਮਤ ਹੈ। ਅਜਿਹੀ ਸਥਿਤੀ ਵਿਚ, ਅਸਲ ਕੀਮਤ ਵਿਚ ਅੰਤਰ ਹੋ ਸਕਦਾ ਹੈ।

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com
Web Page: gurneknagra.com

# ਵਿਸ਼ਵ ਪੰਜਾਬੀ ਕੈਨੇਡਾ ਵੱਲੋਂ ਕਰਵਾਈ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਕਈ ਮਤੇ ਪਾਸ











ਬਰੈਂਪਟਨ, (ਪੰਜਾਬ ਮੇਲ)- ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਕਰਵਾਈ ਤਿੰਨ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਜਿਥੇ ਬਹੁਤ ਸਾਰੇ ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਪ੍ਰਫੁਲਿਤ ਕਰਨ ਲਈ ਆਪੋ-ਆਪਣੇ ਵਿਚਾਰ ਪੇਸ਼ ਕੀਤੇ, ਉਥੇ ਇਸ ਮੌਕੇ ਕੁੱਝ ਮਤੇ ਵੀ ਪੇਸ਼ ਕੀਤੇ ਗਏ। ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ 6 ਮਤੇ ਪੇਸ਼ ਕੀਤੇ ਗਏ, ਜਿਨ੍ਹਾਂ ਦੀ ਤਾਈਦ ਡਾ. ਆਤਮਜੀਤ ਅਤੇ ਡਾ. ਦਲਬੀਰ ਸਿੰਘ ਕਥੂਰੀਆ ਵੱਲੋਂ ਕੀਤੀ ਗਈ।

ਇਨ੍ਹਾਂ ਮਤਿਆਂ ਅਨੁਸਾਰ ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਪੰਜਾਬੀ ਭਾਸ਼ਾ ਐਕਟ ਅਨੁਸਾਰ ਹੂਬਹੂ ਲਾਗੂ ਕਰਾਉਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਸੂਬੇ ਵਿਚ ਕਿਸੇ ਵੀ ਮਾਨਤਾ ਪ੍ਰਾਪਤ ਅਦਾਰੇ ਵਿਚ ਪੰਜਾਬੀ ਬੋਲਣ 'ਤੇ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ ਕੈਨੇਡਾ ਸਰਕਾਰ ਤੋਂ ਵੀ ਮੰਗ ਕੀਤੀ ਗਈ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਤਰਜ਼ 'ਤੇ ਓਨਟਾਰੀਓ ਵਿਚ ਵੀ ਪੋਸਟ ਗ੍ਰੈਜੂਏਟ ਪੱਧਰ 'ਤੇ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਜਾਵੇ। ਪੰਜਾਬ ਅਤੇ ਭਾਰਤ ਦੀਆਂ ਯੂਨੀਵਰਸਿਟੀਆਂ ਵਿਚਲੇ ਪੰਜਾਬੀ ਵਿਭਾਗਾਂ ਦਾ ਵਕਾਰ ਬਹਾਲ ਕਰਕੇ ਲੰਮੇ ਸਮੇਂ ਤੋਂ ਖਾਲੀ ਪਈਆਂ ਪੋਸਟਾਂ ਅਤੇ ਲੋੜੀਂਦੀਆਂ ਗ੍ਰਾਂਟਾਂ ਦੀ ਮੰਗ ਕੀਤੀ ਗਈ। ਪਾਕਿਸਤਾਨ ਸਰਕਾਰ ਨੂੰ ਪਹਿਲੀ ਜਮਾਤ ਤੋਂ ਪੀ.ਐੱਚ.ਡੀ. ਤੱਕ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਦੀ ਮੰਗ ਕੀਤੀ ਗਈ। ਭਾਰਤ ਦੇ ਜਿਨ੍ਹਾਂ ਸੂਬਿਆਂ ਵਿਚ ਯੂਨੀਵਰਸਿਟੀਆਂ ਵਿਚ ਪੰਜਾਬੀ ਵਿਭਾਗ ਸਥਾਪਤ ਹਨ, ਉਨ੍ਹਾਂ ਨੂੰ ਪ੍ਰਫੁਲਿਤ ਕਰਨ ਦੀ ਅਪੀਲ ਕੀਤੀ ਗਈ ਅਤੇ ਬਾਕੀ ਸੂਬਿਆਂ ਦੀਆਂ ਯੂਨੀਵਰਸਿਟੀਆਂ ਵਿਚ ਵੀ ਪੰਜਾਬੀ ਵਿਭਾਗ ਸਥਾਪਤ ਕੀਤੇ ਜਾਣ ਦੀ ਮੰਗ ਕੀਤੀ ਗਈ। ਕਾਨਫਰੰਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਪਹੁੰਚੇ ਸਾਹਿਤਕਾਰਾਂ ਨੇ ਹੱਥ ਖੜ੍ਹੇ ਕਰਕੇ ਇਨ੍ਹਾਂ ਮਤਿਆਂ ਨੂੰ ਪ੍ਰਵਾਨਗੀ ਦਿੱਤੀ।

ਤਿੰਨ ਦਿਨ ਚੱਲੀ ਇਸ ਅੰਤਰਰਾਸ਼ਟਰੀ ਕਾਨਫਰੰਸ ਨੂੰ ਵੱਖ-ਵੱਖ ਭਾਗਾਂ ਵਿਚ ਵੰਡਿਆ ਗਿਆ ਸੀ। ਸਟੇਜ ਸਕੱਤਰ ਗੁਰਮਿੰਦਰ ਸਿੰਘ ਆਹਲੂਵਾਲੀਆ ਨੇ ਸਟੇਜ ਸੰਭਾਲਦਿਆਂ ਹੀ ਇਸ ਸਮਾਗਮ ਦੀ ਤਰਤੀਬ ਬਾਰੇ ਜਾਣਕਾਰੀ ਦਿੱਤੀ ਅਤੇ ਵਾਰੋ-ਵਾਰੀ ਆਏ ਬੁਲਾਰਿਆਂ ਦੀ ਪੇਸ਼ਕਾਰੀ ਬਾਖ਼ੂਬੀ ਕੀਤੀ। ਸਮਾਗਮ ਦੀ ਸ਼ੁਰੂਆਤ ਕਰਦਿਆਂ ਡਾ. ਦਲਬੀਰ ਸਿੰਘ ਕਥੂਰੀਆ ਨੇ ਸਮੂਹ ਆਏ ਹੋਏ ਬੁੱਧੀਜੀਵੀ, ਸਾਹਿਤਕਾਰਾਂ ਅਤੇ ਮਹਿਮਾਨਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ।

ਮੁੱਖ ਬੁਲਾਰਿਆਂ ਵਿਚ ਡਾ. ਆਤਮਜੀਤ ਸਿੰਘ, ਸ. ਇੰਦਰਜੀਤ ਸਿੰਘ ਬੱਲ, ਡਾ. ਦਲਬੀਰ ਸਿੰਘ ਕਥੂਰੀਆ, ਸਤਪਾਲ ਜੌਹਲ, ਪ੍ਰਿੰਸੀਪਲ ਸਰਵਣ ਸਿੰਘ (ਪੰਜਾਬ), ਦਲਬੀਰ ਸਿੰਘ ਰਿਆੜ, ਡਾ. ਬਲਵਿੰਦਰ ਸਿੰਘ, ਜਗੀਰ ਸਿੰਘ ਕਾਹਲੋਂ, ਡਾ. ਦਰਸ਼ਨਦੀਪ ਅਰੋੜਾ (ਇੰਗਲੈਂਡ), ਡਾ. ਜੋਗਾ ਸਿੰਘ ਵਿਰਕ, ਡਾ. ਪ੍ਰਗਟ ਸਿੰਘ ਬੱਗਾ, ਡਾ. ਜਗਤਾਰ ਸਿੰਘ ਧੀਮਾਨ, ਡਾ. ਜਗਦੀਪ ਕੌਰ ਆਹੂਜਾ, ਡਾ. ਡੀ.ਪੀ. ਸਿੰਘ, ਡਾ. ਪਿੰਦਰਜੀਤ ਕੌਰ ਗਿੱਲ, ਪਰਮਜੀਤ ਸਿੰਘ ਬਿਰਦੀ, ਡਾ. ਜਸਪ੍ਰੀਤ ਕੌਰ, ਡਾ. ਸੁਰਿੰਦਰ ਕੰਵਲ, ਸੁਰਜੀਤ ਕੌਰ, ਗੁਰਜਤਿੰਦਰ ਸਿੰਘ ਰੰਧਾਵਾ (ਯੂ.ਐੱਸ.ਏ.), ਪੂਰਨ ਸਿੰਘ ਪਾਂਧੀ, ਸੁਖਬੀਰ ਸਿੰਘ ਮੋਹਾਲੀ, ਰਛਪਾਲ ਸਿੰਘ ਸਹੋਤਾ, ਡਾ. ਨਬੀਲਾ ਰਹਿਮਾਨ (ਪਾਕਿਸਤਾਨ), ਤਾਹਿਰਾ ਸਰਾ (ਪਾਕਿਸਤਾਨ), ਡਾ. ਨਿਹਾਰਿਕਾ (ਪੰਜਾਬ), ਡਾ. ਜਸਵਿੰਦਰ ਸਿੰਘ (ਹਾਂਗਕਾਂਗ), ਪ੍ਰਿੰਸੀਪਲ ਤਰਲੋਕ ਸਿੰਘ ਨਡਾਲਾ, ਡਾ. ਪ੍ਰਭਸ਼ਰਨ ਕੌਰ (ਪੰਜਾਬ), ਮਨਧੀਰ ਕੌਰ ਮਨੂੰ, ਕ੍ਰਿਪਾਲ ਸਿੰਘ ਪਨੂੰ, ਸੋਹਣ ਸਿੰਘ (ਹੈਦਰਾਬਾਦ), ਬਲਦੇਵ ਸਿੰਘ ਰੰਧਾਵਾ ਰੂਪ ਕਾਹਲੋਂ, ਡਾ. ਸੁੱਚਾ ਸਿੰਘ, ਹਰਜਿੰਦਰ ਕੌਰ (ਚੰਡੀਗੜ੍ਹ), ਮਹਿੰਦਰ ਲੂਥਰਾ, ਸੁਖਦੇਵ ਸਿੰਘ ਝੰਡ, ਕੁਲਦੀਪ ਕੌਰ ਪਾਹਵਾ, ਹਰਕਿਰਤ ਸਿੰਘ, ਡਾ. ਜਗਦੀਪ ਕੌਰ ਆਹੂਜਾ, ਡਾ. ਪਿੰਦਰਜੀਤ ਕੌਰ ਗਿੱਲ, ਰੋਬਿਨਦੀਪ ਕੌਰ ਸੈਣੀ, ਸ. ਭੰਡਾਲ, ਪਵਨ ਕੁਮਾਰ ਕੈਲੇ, ਪ੍ਰਿਤਪਾਲ ਸਿੰਘ ਚੱਗੜ, ਮੇਜਰ ਸਿੰਘ ਨਾਗਰਾ, ਡਾ. ਦਵਿੰਦਰ ਸਿੰਘ ਲੱਧੜ, ਹਰਦਿਆਲ ਸਿੰਘ ਝੀਤਾ, ਕਿਰਨ ਸੰਧੂ, ਮਹਿਮੂਦ ਚੌਧਰੀ, ਸੁੰਦਰ ਪਾਲ ਰਾਜਾਸਾਂਸੀ, ਮੀਨੂ ਕਾਹਲੋਂ, ਮੈਡਮ ਗੋਸਲ, ਸੁਜਾਨ ਸਿੰਘ ਸੁਜਾਨ, ਸੁਖਵੀਰ ਸਿੰਘ, ਜਸਪਾਲ ਸਿੰਘ ਕਾਹਲੋਂ, ਸੁਖਿੰਦਰ, ਸੁਖਦੇਵ ਸਿੰਘ ਝੰਡ, ਸਤੀਸ਼ ਗੁਲਾਟੀ ਅਤੇ ਹਰਜੀਤ ਬਾਜਵਾ ਸ਼ਾਮਲ ਸਨ।

ਇਸ ਦੌਰਾਨ ਨੌਜਵਾਨਾਂ ਵੱਲੋਂ ਇਕ ਨਾਟਕ ਖੇਡਿਆ ਗਿਆ, ਜੋ ਕਿ ਕੈਨੇਡਾ ਦੀ ਮੌਜੂਦਾ ਸਥਿਤੀ ਬਾਰੇ ਚਾਨਣਾ ਪਾਉਂਦਾ ਸੀ।

ਤਿੰਨ ਦਿਨ ਚੱਲਿਆ ਇਹ ਅੰਤਰਰਾਸ਼ਟਰੀ ਸਮਾਗਮ ਕਾਮਯਾਬੀ ਨਾਲ ਹੋ ਨਿਬੜਿਆ। ਅੰਤ ਵਿਚ ਡਾ. ਦਲਬੀਰ ਸਿੰਘ ਕਥੂਰੀਆ ਅਤੇ ਡਾ. ਪ੍ਰਗਟ ਸਿੰਘ ਬੱਗਾ ਨੇ ਸਮੂਹ ਆਏ ਹੋਏ ਮਹਿਮਾਨਾਂ ਦਾ ਇਸ ਕਾਨਫਰੰਸ ਨੂੰ ਕਾਮਯਾਬੀ ਬਣਾਉਣ ਲਈ ਧੰਨਵਾਦ ਕੀਤਾ।



# ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਫਰਿਜ਼ਨੋ ਦੇ ਉਮੀਦਵਾਰ ਜਸਪ੍ਰੀਤ ਸਿੱਧੂ ਲਈ ਫੰਡ ਇਕੱਤਰਤਾ



**ਫਰਿਜ਼ਨੋ, (ਪੰਜਾਬ ਮੇਲ)-** ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੇ ਉਮੀਦਵਾਰ ਜਸਪ੍ਰੀਤ ਸਿੱਧੂ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਇੱਕ ਵੱਡੇ ਫੰਡ ਇਕੱਤਰਤਾ ਸਮਾਗਮ ਨਾਲ ਸ਼ੁਰੂ ਕੀਤੀ ਗਈ, ਜਿਸ ਨੂੰ ਸਮੂਹ ਪੰਜਾਬੀ ਭਾਈਚਾਰੇ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਸੈਂਟਰਲ ਯੂਨੀਫਾਈਡ ਸਕੂਲ ਫਰਿਜ਼ਨੋ, ਕੈਲੀਫੋਰਨੀਆ ਵਿਚੋਂ ਪੜ੍ਹਿਆਂ ਅਤੇ ਬਤੌਰ ਰਜਿਸਟਰਡ ਨਰਸ ਸੇਵਾਵਾ ਨਿਭਾ ਰਹੇ ਜਸਪ੍ਰੀਤ ਸਿੰਘ ਸਿੱਧੂ ਹੁਣ ਆਪਣੇ ਅਗਲੇਰੇ




ਭਵਿੱਖ ਅਤੇ ਸਮੁੱਚੇ ਭਾਈਚਾਰੇ ਦੀ ਆਵਾਜ਼ ਬਣ ਅੱਗੇ ਆ ਰਹੇ ਹਨ। ਉਹ ਸਮਾਜਿਕ ਸੇਵਾਵਾਂ ਨਿਭਾ ਰਹੇ ਸ. ਉਦੈਦੀਪ ਸਿੰਘ ਸਿੰਘ ਸਿੱਧੂ ਦੇ ਹੋਣਹਾਰ ਪੁੱਤਰ ਹਨ। ਜਸਪ੍ਰੀਤ ਸਿੱਧੂ ਹਮੇਸ਼ਾ ਬੱਚਿਆਂ ਦੇ ਚੰਗੇਰੇ ਭਵਿੱਖ ਦੀ ਗੱਲ ਕਰਦਾ ਹੈ ਅਤੇ ਸਮਾਜ ਸੇਵਾ ਅਤੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਸਰਗਰਮ ਰਹਿੰਦਾ ਹੈ। ਹੁਣ ਉਹ ਆਪਣੇ ਸੈਂਟਰਲ ਯੂਨੀਫਾਈਡ ਸਕੂਲ ਦੇ ਬੋਰਡ ਟਰੱਸਟੀ ਦੀ ਚੋਣ ਲੜਨ ਜਾ ਰਹਾ ਹੈ।

ਉਸ ਨੇ ਬੋਲਦਿਆਂ ਕਿਹਾ ਕਿ 'ਬੱਚਿਆਂ ਨੂੰ ਆ ਰਹੀਆਂ ਸਮੱਸਿਆਵਾ ਨਾਲ ਨਜਿੱਠਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

# ਅਮਰੀਕਾ 'ਚ ਨਵੇਂ ਕੋਵਿਡ-19 ਟੀਕਿਆਂ ਨੂੰ ਮਿਲੀ ਮਨਜ਼ੂਰੀ



**ਲਾਸ ਏਂਜਲਸ, (ਪੰਜਾਬ ਮੇਲ)-** ਯੂ.ਐੱਸ. ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐੱਫ.ਡੀ.ਏ.) ਨੇ ਵਰਤਮਾਨ ਵਿਚ ਫੈਲ ਰਹੇ ਰੂਪਾਂ ਤੋਂ ਬਿਹਤਰ ਸੁਰੱਖਿਆ ਲਈ ਨਵੇਂ ਐੱਮ.ਆਰ.ਐੱਨ.ਏ. ਕੋਵਿਡ-19 ਟੀਕਿਆਂ ਦੀ ਸੰਕਟਕਾਲੀਨ ਵਰਤੋਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਐੱਫ.ਡੀ.ਏ. ਨੇ ਵੀਰਵਾਰ ਨੂੰ ਕਿਹਾ ਕਿ ਨਵੇਂ ਟੀਕੇ ਓਮਿਕਰੋਨ ਵੇਰੀਐਂਟ ਕੇਪੀ.2 ਸਟ੍ਰੇਨ ਨੂੰ ਨਿਸ਼ਾਨਾ ਬਣਾਉਣਗੇ। ਐੱਫ.ਡੀ.ਏ. ਦੇ ਜੀਵ ਵਿਗਿਆਨ ਮੁਲਾਂਕਣ ਅਤੇ ਖੋਜ ਕੇਂਦਰ ਦੇ ਨਿਰਦੇਸ਼ਕ ਪੀਟਰ ਮਾਰਕਸ ਨੇ ਕਿਹਾ, "ਵਾਇਰਸ ਦੇ ਪਿਛਲੇ ਐਕਸਪੋਜਰ ਅਤੇ ਪੁਰਾਣੇ ਟੀਕਾਕਰਨ ਤੋਂ ਘਟਦੀ ਆਬਾਦੀ ਪ੍ਰਤੀਰੋਧਕਤਾ ਨੂੰ ਦੇਖਦੇ ਹੋਏ, ਅਸੀਂ ਉਨ੍ਹਾਂ ਲੋਕਾਂ ਨੂੰ ਜ਼ੋਰਦਾਰ ਉਤਸ਼ਾਹਿਤ ਕਰਦੇ ਹਾਂ ਜੋ ਮੌਜੂਦਾ ਪ੍ਰਸਾਰਿਤ ਰੂਪਾਂ ਤੋਂ ਆਪਣੇ ਆਪ ਨੂੰ ਬਿਹਤਰ ਢੰਗ ਨਾਲ ਸੁਰੱਖਿਅਤ ਰੱਖਣ ਲਈ ਨਵੀਂ ਕੋਵਿਡ-19 ਵੈਕਸੀਨ ਦੀ ਖ਼ੁਰਾਕ ਪ੍ਰਾਪਤ ਕਰਨਾ ਚਾਹੁੰਦੇ ਹਨ।"

ਐੱਫ.ਡੀ.ਏ. ਦੁਆਰਾ ਜਾਰੀ ਇੱਕ ਪ੍ਰੈੱਸ ਰਿਲੀਜ਼ ਦੇ ਅਨੁਸਾਰ, 'ਨਵੇਂ ਐੱਮ.ਆਰ.ਐੱਨ.ਏ. ਕੋਵਿਡ-19 ਟੀਕਿਆਂ ਵਿਚ ਸ਼ਾਮਲ ਹਨ, ਜਿਨ੍ਹਾਂ ਲਈ ਅਧਿਕਾਰਤ ਹਨ। 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕ, ਜਦੋਂਕਿ ਮੋਡਰਨਾ ਕੋਵਿਡ-19 ਵੈਕਸੀਨ ਅਤੇ ਫਾਇਜ਼ਰ-ਬਾਇਓਨਟੈਕ ਕੋਵਿਡ-19 ਵੈਕਸੀਨ ਦੋਵੇਂ ਐਮਰਜੈਂਸੀ ਵਰਤੋਂ ਲਈ ਅਧਿਕਾਰਤ ਹਨ ਅਤੇ ਛੇ ਮਹੀਨੇ ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਲਈ ਵਰਤੀ ਜਾ ਸਕਦੀ ਹੈ।

# ਅਮਰੀਕਾ 'ਚ ਭਾਰਤੀ ਮੂਲ ਦਾ ਡਾਕਟਰ ਸੈਕਸ ਅਪਰਾਧ ਦੇ ਮਾਮਲਿਆਂ 'ਚ ਗ੍ਰਿਫਤਾਰ

**ਹਸਪਤਾਲ 'ਚ ਲਾ ਰਖੇ ਸਨ ਗੁਪਤ ਕੈਮਰੇ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਰੋਚੈਸਟਰ ਹਿਲਜ਼, ਮਿਸ਼ੀਗਨ ਵਾਸੀ ਭਾਰਤੀ ਮੂਲ ਦੇ ਫਿਜ਼ੀਸੀਅਨ ਉਮੇਰ ਏਜਾਜ਼ (40) ਨੂੰ ਸੈਕਸ ਅਪਰਾਧ ਦੇ ਕਈ ਮਾਮਲਿਆਂ 'ਚ ਗ੍ਰਿਫਤਾਰ ਕੀਤਾ ਗਿਆ ਹੈ। ਉਸ ਉਪਰ ਬਾਲਗਾਂ ਤੇ ਬੱਚਿਆਂ ਨਾਲ ਸੈਕਸ ਅਪਰਾਧ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਇਨ੍ਹਾਂ ਦੋਸ਼ਾਂ ਵਿਚ ਬੱਚਿਆਂ ਦਾ ਸਰੀਰਕ ਸ਼ੋਸ਼ਣ ਕਰਨ, ਨਿਰਵਸਤਰ ਵਿਅਕਤੀਆਂ ਦੀਆਂ ਤਸਵੀਰਾਂ ਖਿੱਚਣ ਤੇ ਅਪਰਾਧ ਲਈ ਕੰਪਿਊਟਰ ਦੀ ਵਰਤੋਂ ਕਰਨ ਦੇ ਦੋਸ਼ ਸ਼ਾਮਲ ਹਨ। ਉਸ ਨੇ ਕਥਿਤ ਤੌਰ 'ਤੇ ਕੱਪੜੇ ਬਦਲਣ ਵਾਲੇ ਕਮਰਿਆਂ, ਨਹਾਉਣ ਵਾਲੇ ਕਮਰਿਆਂ, ਹਸਪਤਾਲ ਦੇ ਕਮਰਿਆਂ ਤੇ ਹੋਰ ਨਿੱਜੀ ਸਥਾਨਾਂ 'ਤੇ ਗੁਪਤ ਰੂਪ ਵਿਚ



ਉਮੇਰ ਏਜਾਜ਼।

ਕੈਮਰੇ ਲਾਏ ਹੋਏ ਸਨ, ਜਿਨ੍ਹਾਂ ਰਾਹੀਂ ਉਹ ਪੀੜਤਾਂ ਦੀਆਂ ਗਤੀਵਿਧੀਆਂ ਵੇਖਦਾ ਸੀ। ਓਕਲੈਂਡ ਕਾਊਂਟੀ ਸ਼ੈਰਿਫ ਮਾਈਕਲ ਬੋਚਰਡ ਅਨੁਸਾਰ ਡਾਕਟਰ ਵੱਲੋਂ ਰਿਕਾਰਡ ਕੀਤੇ ਕੁਝ ਦ੍ਰਿਸ਼ ਤੇ ਖਿੱਚੀਆਂ ਤਸਵੀਰਾਂ ਪ੍ਰੇਸ਼ਾਨ ਕਰ ਦੇਣ ਵਾਲੀਆਂ ਹਨ। ਏਜਾਜ਼ ਭਾਰਤੀ ਨਾਗਰਿਕ ਹੈ ਤੇ ਉਹ 2011 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਏਜਾਜ਼ ਵਿਆਹਿਆ ਹੋਇਆ ਹੈ ਤੇ ਉਸ ਦੇ 2 ਨੌਜਵਾਨ ਬੱਚੇ ਹਨ। ਏਜਾਜ਼ ਦੀ ਗ੍ਰਿਫਤਾਰੀ ਉਸ ਦੀ ਪਤਨੀ ਵੱਲੋਂ ਸ਼ਿਕਾਇਤ ਕਰਨ 'ਤੇ ਹੋਈ ਜਾਂਚ ਤੋਂ ਬਾਅਦ ਕੀਤੀ ਗਈ ਹੈ।

# ਗਿੱਦੜਬਾਹਾ 'ਚ ਡਿੰਪੀ ਦੇ ਅਸਤੀਫ਼ੇ ਨਾਲ ਵਿਗੜੇ ਅਕਾਲੀ ਦਲ ਦੇ ਸਮੀਕਰਨ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਗਿੱਦੜਬਾਹਾ ਤੋਂ ਹਲਕਾ ਇੰਚਾਰਜ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਅਸਤੀਫ਼ਾ ਦੇਣ ਤੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕਰਨ ਤੋਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇੱਥੋਂ ਦੀ ਕਮਾਨ ਸੰਭਾਲਣ ਦੀ ਚਰਚਾ ਹੈ।

ਸਿਆਸੀ ਗਲਿਆਰਿਆਂ 'ਚ ਚਰਚਾ ਛਿੜ ਗਈ ਹੈ ਕਿ ਹੁਣ ਗਿੱਦੜਬਾਹਾ ਜ਼ਿਮਨੀ ਚੋਣ ਲਈ ਪਾਰਟੀ ਦਾ ਉਮੀਦਵਾਰ ਕੌਣ ਹੋਵੇਗਾ। ਪਿਛਲੇ ਕੁਝ ਦਿਨਾਂ ਤੋਂ ਸੁਖਬੀਰ ਸਿੰਘ ਬਾਦਲ ਵੱਲੋਂ ਗਿੱਦੜਬਾਹਾ 'ਚ ਸਰਗਰਮੀਆਂ ਵਧਾਉਂਦਿਆਂ ਹਲਕੇ ਦੇ ਪਿੰਡਾਂ 'ਚ ਕਾਫ਼ੀ ਦੌਰੇ ਕੀਤੇ ਜਾ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਇਸ ਹਲਕੇ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਉਮੀਦਵਾਰੀ ਤੈਅ ਮੰਨੀ ਜਾ ਰਹੀ ਹੈ।

ਇਕ ਤੋਂ ਬਾਅਦ ਇਕ ਕਈ ਸੀਨੀਅਰ ਆਗੂਆਂ ਵੱਲੋਂ ਪਾਰਟੀ ਛੱਡ ਕੇ ਜਾਣ ਤੋਂ ਬਾਅਦ ਅਕਾਲੀ ਦਲ ਲਈ ਆਪਣੀ ਸਾਖ਼ ਬਚਾਉਣਾ ਵੱਡੀ ਚੁਣੌਤੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਬਾਗ਼ੀ ਧੜੇ ਵੱਲੋਂ ਲਗਾਤਾਰ ਕੀਤੇ ਜਾ ਰਹੇ ਵਿਰੋਧ ਦੇ ਨਾਲ-ਨਾਲ ਹੁਣ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਅਸਤੀਫ਼ਾ ਦੇਣਾ ਪਾਰਟੀ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਰਿਹਾ ਹੈ। ਖ਼ਾਸ ਕਰਕੇ ਗਿੱਦੜਬਾਹਾ ਜ਼ਿਮਨੀ ਚੋਣ ਤੋਂ ਪਹਿਲਾਂ ਮਜ਼ਬੂਤ ਆਗੂ ਵੱਲੋਂ ਪਾਰਟੀ ਨੂੰ ਅਲਵਿਦਾ ਕਹਿਣਾ ਪਾਰਟੀ ਪ੍ਰਧਾਨ ਲਈ ਵੱਡੀ ਚੁਣੌਤੀ ਸਮਝਿਆ ਜਾ ਰਿਹਾ ਹੈ।

# ਵਿਧਾਇਕ ਪਠਾਣਮਾਜਰਾ ਦੀ ਪਤਨੀ ਦੀ ਸ਼ਿਕਾਇਤ 'ਤੇ ਐੱਨ.ਆਰ.ਆਈ. ਖ਼ਿਲਾਫ਼ ਛੇੜਛਾੜ ਦੇ ਦੋਸ਼ ਹੇਠ ਕੇਸ ਦਰਜ

**ਗੁਰੂਸਰ ਸੁਧਾਰ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਵਿਚ ਹਾਕਮ ਧਿਰ ਆਮ ਆਦਮੀ ਪਾਰਟੀ ਦੇ ਸਨੌਰ ਹਲਕੇ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਪਤਨੀ ਗੁਰਪ੍ਰੀਤ ਕੌਰ ਨੇ ਕੈਨੇਡਾ ਵਾਸੀ ਬਜ਼ੁਰਗ ਨਛੱਤਰ ਸਿੰਘ ਵਾਸੀ ਪਿੰਡ ਘੁਮਾਣ ਜ਼ਿਲ੍ਹਾ ਲੁਧਿਆਣਾ ਖ਼ਿਲਾਫ਼ ਛੇੜਛਾੜ ਦੇ ਦੋਸ਼ ਹੇਠ ਕੇਸ ਦਰਜ ਕਰਵਾਇਆ ਹੈ।

ਥਾਣਾ ਸੁਧਾਰ ਦੀ ਪੁਲਿਸ ਨੇ ਐੱਨ.ਆਰ.ਆਈ. ਨਛੱਤਰ ਸਿੰਘ ਖ਼ਿਲਾਫ਼ ਨਵੇਂ ਭਾਰਤੀ ਨਿਆਂ ਕਾਨੂੰਨ ਦੀ ਧਾਰਾ 75 ਤਹਿਤ ਕੇਸ ਦਰਜ ਕਰਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੁਕੱਦਮੇ ਦੀ ਜਾਂਚ ਥਾਣੇਦਾਰ ਕੁਲਦੀਪ ਸਿੰਘ ਨੂੰ ਸੌਂਪੀ ਗਈ ਹੈ। ਜਾਂਚ ਅਫ਼ਸਰ ਕੁਲਦੀਪ ਸਿੰਘ ਅਨੁਸਾਰ ਕੈਨੇਡਾ ਦੇ ਮਿਸੀਗਾਸਾ ਵਿਚ ਰਹਿਣ ਵਾਲੇ ਨਛੱਤਰ ਸਿੰਘ ਨੂੰ ਭਾਰਤ ਵਾਪਸ ਲਿਆਉਣ ਲਈ ਕਾਰਵਾਈ ਆਰੰਭ ਕੀਤੀ ਜਾ ਰਹੀ ਹੈ।



# ਰਾਬਰਟ ਐੱਫ. ਕੈਨੇਡੀ ਵੱਲੋਂ ਅਮਰੀਕੀ ਰਾਸ਼ਟਰਪਤੀ ਦੀ ਦੌੜ 'ਚੋਂ ਹਟਣ ਦਾ ਐਲਾਨ

## ■ ਟਰੰਪ ਦਾ ਕੀਤਾ ਸਮਰਥਨ



**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੇ ਲਈ ਆਜ਼ਾਦ ਉਮੀਦਵਾਰ ਰਾਬਰਟ ਐਫ. ਕੈਨੇਡੀ ਜੂਨੀਅਰ ਨੇ ਐਲਾਨ ਕੀਤਾ ਹੈ ਕਿ ਉਹ ਆਪਣੀ ਮੁਹਿੰਮ ਨੂੰ ਮੁਅੱਤਲ ਕਰ ਰਹੇ ਹਨ ਅਤੇ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਦਾ ਸਮਰਥਨ ਕਰ ਰਹੇ ਹਨ। ਕੈਨੇਡੀ, ਜੋ ਰਾਜਨੀਤੀ ਵਿਚ ਸਭ ਤੋਂ ਮਸ਼ਹੂਰ ਅਮਰੀਕੀ ਪਰਿਵਾਰਾਂ ਵਿਚੋਂ ਇੱਕ ਹੈ, ਨੇ ਬੀਤੇ ਦਿਨੀਂ ਕਿਹਾ ਕਿ ਉਹ ਆਪਣੀ ਉਮੀਦਵਾਰੀ ਇਸ ਲਈ ਛੱਡ ਰਿਹਾ ਹੈ ਕਿਉਂਕਿ ਉਹ ਆਪਣੇ ਲਈ "ਵ੍ਹਾਈਟ ਹਾਊਸ ਦਾ ਰਸਤਾ" ਨਹੀਂ ਦੇਖਣਾ ਚਾਹੁੰਦਾ ਹੈ।

ਕੈਨੇਡੀ ਨੇ ਇੱਕ ਰੈਲੀ ਵਿਚ ਕਿਹਾ, "ਮੈਂ ਅਮਰੀਕੀ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਮੇਰੇ ਦਿਲ ਵਿਚ, ਮੈਨੂੰ ਹੁਣ ਵਿਸ਼ਵਾਸ ਨਹੀਂ ਹੈ ਕਿ ਮੇਰੇ ਕੋਲ ਇਸ ਨਿਰੰਤਰ, ਯੋਜਨਾਬੱਧ ਸੈਂਸਰਸ਼ਿਪ ਅਤੇ ਮੀਡੀਆ ਨਿਯੰਤਰਣ ਦੇ ਮੱਦੇਨਜ਼ਰ ਚੋਣ ਜਿੱਤਣ ਦਾ ਰਸਤਾ ਨਹੀਂ ਹੈ, ਤਾਂ ਮੈਂ ਪਿੱਛੇ ਹੱਟ ਜਾਵਾਂਗਾ।" ਕੈਨੇਡੀ ਨੇ ਟਰੰਪ ਦਾ ਸਮਰਥਨ ਕਰਨ ਦੇ ਕਾਰਨਾਂ ਬਾਰੇ ਕਿਹਾ ਕਿ ਇਹ ਡੈਮੋਕ੍ਰੇਟਿਕ ਪਾਰਟੀ ਛੱਡਣ ਅਤੇ ਇੱਕ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦੇ ਉਸਦੇ ਕਾਰਨਾਂ ਵਾਂਗ ਹੀ ਸੀ। ਸੁਤੰਤਰ ਭਾਸ਼ਣ ਅਤੇ ਯੂਕ੍ਰੇਨ ਉਨ੍ਹਾਂ ਕਾਰਨਾਂ ਵਿਚੋਂ ਇੱਕ ਸਨ, ਜਿਨ੍ਹਾਂ ਦਾ ਉਸਨੇ ਵਧੇਰੇ ਖਾਸ ਤੌਰ 'ਤੇ ਹਵਾਲਾ ਦਿੱਤਾ ਹੈ।

ਉੱਧਰ ਟਰੰਪ ਨੇ ਕਿਹਾ, "ਸਾਨੂੰ ਹੁਣੇ ਹੀ ਕੈਨੇਡੀ ਤੋਂ ਬਹੁਤ ਵਧੀਆ ਸਮਰਥਨ ਮਿਲਿਆ ਹੈ।" ਟਰੰਪ ਮੁਤਾਬਕ ਅਸੀਂ ਉਸ ਬਾਰੇ ਗੱਲ ਕਰਨ ਜਾ ਰਹੇ ਹਾਂ। ਉਹ ਇੱਕ ਮਹਾਨ ਵਿਅਕਤੀ ਹੈ, ਜਿਸ ਦਾ ਹਰ ਕੋਈ ਸਤਿਕਾਰ ਕਰਦਾ ਹੈ। ਸਰਵੇਖਣਾਂ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਬਾਹਰ ਨਿਕਲਣ ਨਾਲ ਟਰੰਪ ਨੂੰ ਮਦਦ ਮਿਲੇਗੀ, ਜੋ ਚੋਣਾਂ ਵਿਚ ਉਪ-ਰਾਸ਼ਟਰਪਤੀ ਕਮਲਾ ਹੈਰਿਸ ਤੋਂ ਪਿੱਛੇ ਰਹਿ ਗਏ ਹਨ। ਕੈਨੇਡੀ ਰਾਬਰਟ ਐੱਫ. ਅਤੇ ਸਾਬਕਾ ਰਾਸ਼ਟਰਪਤੀ ਜੌਹਨ ਐੱਫ. ਕੈਨੇਡੀ ਦਾ ਭਤੀਜਾ ਹੈ। ਵਾਸ਼ਿੰਗਟਨ ਪੋਸਟ ਨੇ ਰਿਪੋਰਟ ਦਿੱਤੀ ਹੈ ਕਿ ਉਸ ਨੇ ਕਮਲਾ ਹੈਰਿਸ ਦੀ ਮੁਹਿੰਮ ਤੋਂ ਮੰਤਰੀ ਮੰਡਲ ਵਿਚ ਸ਼ਾਮਲ ਹੋਣ ਦੀ ਮੰਗ ਕੀਤੀ ਸੀ। ਕੈਨੇਡੀ ਨੇ ਰੈਲੀ ਵਿਚ ਪੁਸ਼ਟੀ ਕੀਤੀ ਕਿ ਪਰ ਉਸ ਨੂੰ ਇਨਕਾਰ ਕਰ ਦਿੱਤਾ ਗਿਆ ਸੀ।

## ਹਾਈਕੋਰਟ ਵੱਲੋਂ ਕੇਂਦਰ ਨੂੰ ਸਿੱਖ ਕਤਲੇਆਮ ਦੇ ਪੀੜਤ ਨੂੰ ਮੁਆਵਜ਼ੇ 'ਤੇ ਵਿਆਜ ਦੇਣ ਦੇ ਨਿਰਦੇਸ਼

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤ ਨੂੰ ਮੁਆਵਜ਼ੇ 'ਚ ਦੇਰੀ 'ਤੇ ਵਿਆਜ ਛੇ ਹਫ਼ਤਿਆਂ 'ਚ ਅਦਾ ਕਰਨ ਦੇ ਕੇਂਦਰ ਨੂੰ ਨਿਰਦੇਸ਼ ਦਿੱਤੇ ਹਨ। ਹਾਈ ਕੋਰਟ ਨੇ ਕਿਹਾ ਕਿ ਅਰਜ਼ੀਕਾਰ ਅਤੇ ਉਸ ਦੇ ਪਰਿਵਾਰ ਨੂੰ ਪਹਿਲਾਂ ਦੰਗਾਕਾਰੀਆਂ ਹੱਥੋਂ ਅਤੇ ਫਿਰ ਪ੍ਰਸ਼ਾਸਨ ਦਾ ਗ਼ੈਰ-ਸੰਜੀਦਾ ਤੇ ਲਾਪ੍ਰਵਾਹ ਰਵੱਈਆ ਸਹਿਣ ਕਰਨਾ ਪਿਆ ਹੈ। ਵਿਆਜ ਦਾ ਭੁਗਤਾਨ 8 ਅਪ੍ਰੈਲ, 2016, ਜਦੋਂ ਇਕ ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਗਈ ਸੀ ਅਤੇ 16 ਜਨਵਰੀ, 2006, ਜਦੋਂ ਮੁੜ ਵਸੇਬਾ ਨੀਤੀ ਦਾ ਐਲਾਨ ਕੀਤਾ ਗਿਆ ਸੀ, ਵਿਚਕਾਰ ਦੇ ਸਮੇਂ ਲਈ 10 ਫ਼ੀਸਦੀ ਸਾਲਾਨਾ ਦਰ ਨਾਲ ਕੀਤਾ ਜਾਵੇਗਾ।

# ਟਰੰਪ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲਾ ਗ੍ਰਿਫ਼ਤਾਰ



**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ ਦੇ ਐਰੀਜ਼ੋਨਾ ਰਾਜ ਦੀ ਪੁਲਿਸ ਨੇ ਸੋਸ਼ਲ ਮੀਡੀਆ 'ਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲੇ ਰੋਨਾਲਡ ਸਿਵਰਡ (66) ਨਾਂ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਜਦੋਂ ਟਰੰਪ ਨੇ ਵੀਰਵਾਰ ਨੂੰ ਕੋਚੀਜ਼ ਕਾਊਂਟੀ ਵਿਚ ਅਮਰੀਕਾ-ਮੈਕਸੀਕੋ ਸਰਹੱਦ ਦਾ ਦੌਰਾ ਕੀਤਾ ਸੀ। ਇਸ ਤੋਂ ਪਹਿਲਾਂ ਰੋਨਾਲਡ ਸਿਵਰਡ ਨਾਮੀਂ ਵਿਅਕਤੀ ਨੇ ਸੋਸ਼ਲ ਮੀਡੀਆ 'ਤੇ ਟਰੰਪ ਨੂੰ ਜਾਨੋਂ ਮਾਰਨ ਦੀ ਪੋਸਟ ਪਾਈ ਸੀ। ਪੋਸਟ ਵਿਚ ਉਸ ਨੇ ਲਿਖਿਆ ਸੀ ਕਿ ਉਹ ਟਰੰਪ ਨੂੰ ਜਾਨੋਂ ਮਾਰ ਦੇਵੇਗਾ। ਅਮਰੀਕੀ ਸੂਬੇ ਐਰੀਜ਼ੋਨਾ ਦੀ ਪੁਲਿਸ ਨੇ ਜਾਂਚ ਪੜਤਾਲ ਕੀਤੀ ਅਤੇ ਉਸ ਨੇ ਰੋਨਾਲਡ ਸਿਵਰਡ ਨਾਮੀਂ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਅਨੁਸਾਰ ਇਹ ਕਈ ਮਾਮਲਿਆਂ ਵਿਚ ਲੋੜੀਂਦਾ ਅਪਰਾਧੀ ਦੱਸਿਆ ਜਾਂਦਾ ਹੈ।

## ਭਾਰਤੀ-ਅਮਰੀਕੀਆਂ ਵੱਲੋਂ ਕਮਲਾ ਹੈਰਿਸ ਦੀ ਮੁਹਿੰਮ ਲਈ ਵੈੱਬਸਾਈਟ ਲਾਂਚ



**ਸ਼ਿਕਾਗੋ, (ਪੰਜਾਬ ਮੇਲ)-** ਡੈਮੋਕ੍ਰੇਟਿਕ ਪਾਰਟੀ ਵਲੋਂ ਕਮਲਾ ਹੈਰਿਸ ਨੂੰ ਅਮਰੀਕੀ ਰਾਸ਼ਟਰਪਤੀ ਚੋਣ ਲਈ ਉਮੀਦਵਾਰ ਐਲਾਨੇ ਜਾਣ ਤੋਂ ਉਤਸ਼ਾਹਿਤ ਭਾਰਤੀ-ਅਮਰੀਕੀਆਂ ਦੇ ਇਕ ਸਮੂਹ ਨੇ ਉਪ ਰਾਸ਼ਟਰਪਤੀ ਦੇ ਚੋਣ ਪ੍ਰਚਾਰ ਲਈ ਇਕ ਨਵੀਂ ਵੈੱਬਸਾਈਟ-**DesiPresident.com** ਲਾਂਚ ਕੀਤੀ ਹੈ, ਜਿਸ ਦੀ ਟੈਗਲਾਈਨ "ਕਮਲਾ ਕੇ ਸਾਥ" ਵਜੋਂ ਰੱਖੀ ਗਈ ਹੈ। ਹੈਰਿਸ ਦੀ ਮਾਂ ਮੂਲ ਰੂਪ ਵਿਚ ਚੇਨਈ ਦੀ ਸੀ, ਜੋ ਬਾਅਦ ਵਿਚ ਅਮਰੀਕਾ ਆਵਾਸ ਕਰ ਗਈ, ਜਦੋਂਕਿ ਉਸਦੇ ਪਿਤਾ ਜਮੈਕਾ ਤੋਂ ਅਮਰੀਕਾ ਆਏ। ਭਾਰਤੀ-ਅਮਰੀਕੀ ਲੋਕ ਬਹੁਤ ਉਤਸ਼ਾਹਿਤ ਹਨ ਕਿ ਉਨ੍ਹਾਂ ਦੇ ਭਾਈਚਾਰੇ ਦੇ ਕਿਸੇ ਵਿਅਕਤੀ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਗਿਆ ਹੈ। ਵੈੱਬਸਾਈਟ 'ਤੇ ਕਿਹਾ ਗਿਆ ਹੈ, "ਆਉਣ ਵਾਲੇ ਮਹੀਨੇ ਬਹੁਤ ਰੋਮਾਂਚਕ ਹੋਣਗੇ ਅਤੇ ਅਸੀਂ ਵਾਅਦਾ ਕਰਦੇ ਹਾਂ ਕਿ ਇਕੱਠੇ ਅਸੀਂ ਇਤਿਹਾਸ ਰਚਾਂਗੇ। ਤੁਹਾਡਾ ਸਮਰਥਨ ਅਤੇ ਭਾਗੀਦਾਰੀ ਸਾਡੀ ਸਫਲਤਾ ਲਈ ਬਹੁਤ ਮਹੱਤਵ ਰੱਖਦੀ ਹੈ।" ਇੰਡੀਅਨ ਅਮਰੀਕਨ ਇਮਪੈਕਟ ਫੰਡ ਦੀ ਪਹਿਲਕਦਮੀ 'ਦਿ ਦੇਸੀ ਪ੍ਰੈਜ਼ੀਡੈਂਟ' ਨੇ "ਕਮਲਾ ਦੇ ਨਾਲ: ਵੋਟ ਕਮਲਾ" ਦੀ ਇੱਕ ਟੀ-ਸ਼ਰਟ ਜਾਰੀ ਕੀਤੀ ਹੈ, ਜੋ ਸੋਸ਼ਲ ਮੀਡੀਆ 'ਤੇ ਉਪਲਬਧ ਹੈ ਮੀਡੀਆ ਪਲੇਟਫਾਰਮ 'ਤੇ ਥੋੜ੍ਹੇ ਸਮੇਂ 'ਚ ਹੀ ਕਾਫੀ ਮਸ਼ਹੂਰ ਹੋ ਗਿਆ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਰਾਸ਼ਟਰਪਤੀ ਚੋਣਾਂ ਦੌਰਾਨ ਪ੍ਰਚਾਰ ਵਿਚ ਹਿੰਦੀ ਨਾਅਰਿਆਂ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਪਹਿਲਾਂ 2016 ਦੀਆਂ ਚੋਣਾਂ 'ਚ ਟਰੰਪ ਦੀ ਮੁਹਿੰਮ ਟੀਮ ਨੇ "ਇਸ ਵਾਰ ਟਰੰਪ ਸਰਕਾਰ" ਦਾ ਨਾਅਰਾ ਦਿੱਤਾ ਸੀ।

## ਜੇ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਣ, ਤਾਂ ਕਰਨਾ ਪਵੇਗਾ ਵੱਡੀਆਂ ਚੁਣੌਤੀਆਂ ਦਾ ਸਾਹਮਣਾ : ਜ਼ੇਲੈਂਸਕੀ



**ਯੂਕ੍ਰੇਨ, (ਪੰਜਾਬ ਮੇਲ)-** ਯੂਕ੍ਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਜੇ ਭਾਰਤ ਸਮੇਤ ਦੁਨੀਆਂ ਦੇ ਹੋਰ ਦੇਸ਼ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦਿੰਦੇ ਹਨ, ਤਾਂ ਰੂਸ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਹੋ ਜਾਣਗੀਆਂ। ਫਰਵਰੀ 2022 'ਚ ਯੂਕ੍ਰੇਨ 'ਤੇ ਹਮਲੇ ਤੋਂ ਬਾਅਦ ਲਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ ਭਾਰਤ ਰੂਸ ਤੋਂ ਤੇਲ ਖਰੀਦ ਰਿਹਾ ਹੈ, ਜਿਸ ਦੀ ਪੱਛਮੀ ਦੇਸ਼ ਆਲੋਚਨਾ ਕਰ ਰਹੇ ਹਨ। ਭਾਰਤ ਯੂਕ੍ਰੇਨ ਨਾਲ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਰੂਸ ਤੋਂ ਇਕ ਫੀਸਦੀ ਤੋਂ ਵੀ ਘੱਟ ਤੇਲ ਦੀ ਦਰਾਮਦ ਕਰਦਾ ਸੀ, ਜੋ ਹੁਣ ਵਧ ਕੇ ਲੱਗਭਗ 40 ਫੀਸਦੀ ਹੋ ਗਈ ਹੈ। ਜ਼ੇਲੈਂਸਕੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਪੁਤਿਨ ਨੂੰ ਆਰਥਿਕਤਾ ਦੇ ਬਰਬਾਦ ਹੋਣ ਦਾ ਡਰ ਹੈ, ਉਸ ਕੋਲ ਤੇਲ ਤੋਂ ਇਲਾਵਾ ਕੁਝ ਨਹੀਂ ਹੈ। ਇਸ ਲਈ ਜੇਕਰ ਭਾਰਤ ਸਣੇ ਬਾਕੀ ਦੇਸ਼ ਵੀ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਣ, ਤਾਂ ਜੰਗ ਰੋਕਣ 'ਚ ਬਹੁਤ ਮਦਦ ਮਿਲ ਸਕਦੀ ਹੈ।




# ਡਾ. ਓਬਰਾਏ ਦੇ ਯਤਨਾਂ ਸਦਕਾ ਉੱਤਰ ਪ੍ਰਦੇਸ਼ ਦੇ ਨੌਜਵਾਨ ਦਾ ਮ੍ਰਿਤਕ ਸਰੀਰ ਭਾਰਤ ਪਹੁੰਚਿਆ

- 28 ਸਾਲਾ ਸ਼ਕਤੀ ਕੰਬੋਜ਼ ਦੀ ਬੀਤੀ 29 ਜੂਨ ਨੂੰ ਦੁਬਈ 'ਚ ਹੋ ਗਈ ਸੀ ਮੌਤ
- ਡਾ. ਓਬਰਾਏ ਨੇ ਹੁਣ ਤੱਕ 368 ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਵਾਰਸਾਂ ਤੱਕ ਪਹੁੰਚਾਏ

**ਅੰਮ੍ਰਿਤਸਰ, (ਪੰਜਾਬ ਮੇਲ)**- ਖਾੜੀ ਮੁਲਕਾਂ ਅੰਦਰ ਰੱਬ ਦੇ ਫਰਿਸ਼ਤੇ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਹੁਣ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬਿਜਨੌਰ ਦੀ ਤਹਿਸੀਲ ਨਜ਼ੀਬਾਬਾਦ ਦੇ ਕਸਬਾ ਬੜੀਆ ਨਾਲ ਸੰਬੰਧਿਤ 28 ਸਾਲਾ ਨੌਜਵਾਨ ਸ਼ਕਤੀ ਕੰਬੋਜ਼ ਪੁੱਤਰ ਰਮੇਸ਼ ਚੰਦ ਦਾ ਮ੍ਰਿਤਕ ਸਰੀਰ ਦੁਬਈ ਤੋਂ ਹਵਾਈ ਅੱਡਾ ਦਿੱਲੀ ਰਾਹੀਂ ਉਸ ਦੇ ਵਾਰਸਾਂ ਤੱਕ ਪਹੁੰਚਾਇਆ ਗਿਆ ਹੈ।



ਮ੍ਰਿਤਕ ਸ਼ਕਤੀ ਕੰਬੋਜ਼ ਦੀ ਫਾਈਲ ਫੋਟੋ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਆਪਣੇ ਬਜ਼ੁਰਗ ਮਾਪਿਆਂ ਦਾ ਸਹਾਰਾ ਸ਼ਕਤੀ ਕੰਬੋਜ਼ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਕਰੀਬ ਦੋ ਸਾਲ ਪਹਿਲਾਂ ਕੰਮਕਾਜ ਲਈ ਦੁਬਈ ਆਇਆ ਸੀ ਕਿ ਬੀਤੀ 29 ਜੂਨ ਨੂੰ ਅਣਕਿਆਸੇ ਹਲਾਤਾਂ 'ਚ ਉਸਦੀ ਮੌਤ ਹੋ ਗਈ ਸੀ। ਡਾ. ਓਬਰਾਏ ਨੇ ਦੱਸਿਆ ਕਿ ਇਸ ਘਟਨਾ ਸਬੰਧੀ ਜਦ ਮ੍ਰਿਤਕ ਦੇ ਇਲਾਕੇ 'ਚ ਸਥਿਤ ਗੁਰਦੁਆਰਾ ਸਾਹਿਬ ਸਿੰਘ ਸਭਾ ਦੇ ਪ੍ਰਬੰਧਕਾਂ ਨੇ ਉਨ੍ਹਾਂ ਨਾਲ ਟਰੱਸਟ ਦੀ ਅੰਮ੍ਰਿਤਸਰ ਟੀਮ ਰਾਹੀਂ ਸੰਪਰਕ ਕਰਕੇ ਸ਼ਕਤੀ ਕੰਬੋਜ਼ ਦੇ ਪਰਿਵਾਰ ਨਾਲ ਹੋਈ ਇਸ ਅਣਹੋਣੀ ਬਾਰੇ ਦੱਸਿਆ, ਤਾਂ ਉਨ੍ਹਾਂ ਨੇ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਤੁਰੰਤ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਭਾਰਤੀ ਦੂਤਾਵਾਸ ਦੇ ਵੱਡੇ ਸਹਿਯੋਗ ਸਦਕਾ ਸ਼ਕਤੀ ਕੰਬੋਜ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਮ੍ਰਿਤਕ ਸਰੀਰ ਨੂੰ ਭਾਰਤ ਭੇਜਣ ਲਈ ਆਇਆ ਖਰਚ ਭਾਰਤੀ ਦੂਤਾਵਾਸ ਵੱਲੋਂ ਕੀਤਾ ਗਿਆ ਹੈ।

ਗੁਰਦੁਆਰਾ ਸਿੰਘ ਸਭਾ ਬੜੀਆ (ਉੱਤਰ ਪ੍ਰਦੇਸ਼) ਦੇ ਪ੍ਰਧਾਨ ਡਾ. ਨਰਿੰਦਰ ਪਾਲ ਸਿੰਘ ਸੰਧੂ, ਇਲਾਕੇ ਦੇ ਨਾਮਵਰ ਕਿਸਾਨ ਜਤਿੰਦਰ ਸਿੰਘ ਗਿੱਲ, ਸਰਪੰਚ ਦਲਬੀਰ ਸਿੰਘ, ਕੁਲਬੀਰ ਸਿੰਘ ਗਿੱਲ, ਸਾਬਕਾ ਸਰਪੰਚ ਰਤਨ ਲਾਲ, ਹਰਪਿੰਦਰ ਸਿੰਘ ਗਿੱਲ ਤੋਂ ਇਲਾਵਾ ਪੀੜਤ ਪਰਿਵਾਰ ਨੇ ਇਸ ਵੱਡੇ ਉਪਰਾਲੇ ਲਈ ਆਪਣੇ ਸਮੁੱਚੇ ਇਲਾਕੇ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਜੇਕਰ ਉਹ ਇਸ ਔਖੀ ਘੜੀ 'ਚ ਉਨ੍ਹਾਂ ਦੀ ਬਾਂਹ ਨਾ ਫੜਦੇ ਤਾਂ ਸ਼ਕਤੀ ਕੰਬੋਜ਼ ਦੇ ਬਜ਼ੁਰਗ ਮਾਪਿਆਂ ਨੂੰ ਆਪਣੇ ਪੁੱਤ ਦੇ ਅੰਤਿਮ ਦਰਸ਼ਨ ਨਸੀਬ ਨਹੀਂ ਸਨ ਹੋਣੇ।



ਡਾ. ਐੱਸ.ਪੀ. ਸਿੰਘ ਓਬਰਾਏ।

ਜ਼ਿਕਰਯੋਗ ਹੈ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 368 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

# ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਮਿਲੇਗਾ ਯੂਨੀਕ ਆਈ. ਡੀ. ਕਾਰਡ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਹਰ ਮਹੀਨੇ 400 ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ। ਇਸ ਯੋਜਨਾ ਨੂੰ ਹੋਰ ਬਿਹਤਰ ਤਰੀਕੇ ਨਾਲ ਪੀੜਤ ਪਰਿਵਾਰਾਂ ਤੱਕ ਪਹੁੰਚਾਉਣ ਲਈ ਇਕ ਯੂਨੀਕ ਆਈ.ਡੀ. ਕਾਰਡ ਦੇਣ ਦਾ ਫ਼ੈਸਲਾ ਲਿਆ ਗਿਆ ਹੈ। ਇਸ ਸਬੰਧ 'ਚ ਕੁਝ ਪੀੜਤ ਪਰਿਵਾਰ ਦਿੱਲੀ ਦੀ ਬਿਜਲੀ ਮੰਤਰੀ ਆਤਿਸ਼ੀ ਨੂੰ ਮਿਲੇ ਸਨ, ਜਿਨ੍ਹਾਂ ਸਬੰਧਤ ਵਿਭਾਗਾਂ ਨੂੰ ਖਾਸ ਨਿਰਦੇਸ਼ ਜਾਰੀ ਕੀਤੇ ਹਨ।

ਤਿਲਕ ਨਗਰ ਤੋਂ 'ਆਪ' ਦੇ ਵਿਧਾਇਕ ਜਰਨੈਲ ਸਿੰਘ ਨੇ ਦੱਸਿਆ ਕਿ ਪੀੜਤ ਪਰਿਵਾਰਾਂ ਨੂੰ ਹੁਣ ਇਕ ਯੂਨੀਕ ਆਈ.ਡੀ. ਕਾਰਡ ਮਿਲੇਗਾ ਅਤੇ ਸਕੀਮ ਲਾਗੂ ਹੋਣ ਤੋਂ ਲੈ ਕੇ ਸਰਟੀਫਿਕੇਸ਼ਨ ਹੋਣ ਤੱਕ ਦਾ ਬਿੱਲ ਵੀ ਮੁਆਫ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਿਜਲੀ ਵਿਭਾਗ ਅਤੇ ਮਾਲੀਆ ਵਿਭਾਗ ਵੱਲੋਂ ਪੀੜਤਾਂ ਦੀ ਕਾਲੋਨੀ ਵਿਚ ਵਿਸ਼ੇਸ਼ ਕੈਂਪ ਲਾਏ ਜਾਣਗੇ, ਤਾਂ ਜੋ ਵਧ ਤੋਂ ਵਧ ਲੋਕਾਂ ਨੂੰ ਇਸ ਸਕੀਮ ਦਾ ਫਾਇਦਾ ਮਿਲ ਸਕੇ। ਉਨ੍ਹਾਂ ਦੱਸਿਆ ਕਿ ਅਗਲੇ ਤਿੰਨ ਮਹੀਨੇ ਵਿਚ ਸਰਟੀਫਿਕੇਸ਼ਨ ਦਾ ਕੰਮ ਪੂਰਾ ਕਰ ਦਿੱਤੇ ਜਾਣ ਦੇ ਨਿਰਦੇਸ਼ ਦਿੱਤੇ ਗਏ ਹਨ। ਜਰਨੈਲ ਸਿੰਘ ਨੇ ਦੱਸਿਆ ਕਿ ਸਿੱਖ ਕਤਲੇਆਮ ਦੇ ਪੀੜਤਾਂ ਦੀ ਪਹਿਲੀ ਪੀੜ੍ਹੀ ਵਿਚੋਂ ਬਹੁਤੇ ਇਸ ਸੰਸਾਰ ਵਿਚ ਨਹੀਂ ਰਹੇ ਤੇ ਅੱਗੇ ਉਨ੍ਹਾਂ ਦੀ ਤੀਜੀ ਪੀੜ੍ਹੀ ਆ ਗਈ ਹੈ।

# ਸੁਖਬੀਰ ਦੇ ਕਰੀਬੀ ਸੀਨੀਅਰ ਅਕਾਲੀ ਆਗੂ ਡਿੰਪੀ ਢਿੱਲੋਂ ਨੇ ਛੱਡੀ ਪਾਰਟੀ



**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਇਕ ਹੋਰ ਵੱਡਾ ਝਟਕਾ ਲੱਗਾ, ਜਦੋਂ ਸੀਨੀਅਰ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਅਕਾਲੀ ਦਲ ਦੀ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ। ਡਿੰਪੀ ਢਿੱਲੋਂ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਕਰੀਬੀ ਰਹੇ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ ਡਿੰਪੀ ਢਿੱਲੋਂ ਦੇ ਆਮ ਆਦਮੀ ਪਾਰਟੀ 'ਚ ਜਾਣ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ ਪਰ ਉਹ ਕਦੋਂ ਕੋਈ ਹੋਰ ਪਾਰਟੀ ਜੁਆਇਨ ਕਰਨਗੇ, ਇਸ ਬਾਰੇ ਅਜੇ ਕੁਝ ਵੀ ਪਤਾ ਨਹੀਂ ਹੈ।

ਹਰਦੀਪ ਸਿੰਘ ਡਿੰਪੀ ਗਿੱਦੜਬਾਹਾ ਤੋਂ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਹਨ। ਅਸਤੀਫ਼ਾ ਦੇਣ ਮਗਰੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਮੈਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦਿੱਤਾ ਹੈ। ਮਨ ਇੰਨਾ ਭਰਿਆ ਹੋਇਆ ਕਿ ਬੋਲਿਆ ਵੀ ਨਹੀਂ ਜਾ ਰਿਹਾ। ਉਨ੍ਹਾਂ ਦਾ ਸਾਰਾ ਪਰਿਵਾਰ ਇਕੱਠਾ ਹੋ ਗਿਆ ਹੈ। ਸਾਡੇ ਵਰਗੇ ਤਾਂ ਵਰਤਣ ਲਈ ਹੁੰਦੇ ਹਨ। ਸਮਰਥਕਾਂ ਦੀ ਰਾਏ ਨਾਲ ਅਗਲਾ ਫ਼ੈਸਲਾ ਲਵਾਂਗਾ।

ਦੱਸਣਯੋਗ ਹੈ ਕਿ ਡਿੰਪੀ ਢਿੱਲੋਂ ਗਿੱਦੜਬਾਹਾ ਤੋਂ ਅਕਾਲੀ ਦਲ ਦੇ ਇੰਚਾਰਜ ਵੀ ਸਨ ਅਤੇ 2 ਵਾਰ ਅਕਾਲੀ ਦਲ ਵੱਲੋਂ ਰਾਜਾ ਵੜਿੰਗ ਖ਼ਿਲਾਫ਼ ਚੋਣ ਲੜ ਚੁੱਕੇ ਹਨ। ਇਹ ਵੀ ਦੱਸਣਯੋਗ ਹੈ ਕਿ ਗਿੱਦੜਬਾਹਾ 'ਚ ਜ਼ਿਮਨੀ ਚੋਣ ਹੋਣੀ ਹੈ ਅਤੇ ਸੁਖਬੀਰ ਬਾਦਲ ਪਿਛਲੇ ਕੁਝ ਦਿਨਾਂ ਤੋਂ ਇਸ ਹਲਕੇ 'ਚ ਸਰਗਰਮ ਹਨ। ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਡਿੰਪੀ ਢਿੱਲੋਂ ਨੂੰ ਗਿੱਦੜਬਾਹਾ ਤੋਂ ਉਮੀਦਵਾਰ ਐਲਾਨਿਆ ਜਾ ਸਕਦਾ ਸੀ ਪਰ ਅਜੇ ਤੱਕ ਗਿੱਦੜਬਾਹਾ ਤੋਂ ਉਮੀਦਵਾਰ ਵਜੋਂ ਉਨ੍ਹਾਂ ਦੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਹਰਦੀਪ ਸਿੰਘ ਡਿੰਪੀ ਢਿੱਲੋਂ ਅਕਾਲੀ ਦਲ ਤੋਂ ਨਾਰਾਜ਼ ਚੱਲ ਰਹੇ ਹਨ।

ਦੱਸ ਦੇਈਏ ਕਿ 18 ਅਗਸਤ ਨੂੰ ਗਿੱਦੜਬਾਹਾ 'ਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਕੀਤੀ ਗਈ ਮੀਟਿੰਗ ਦੌਰਾਨ ਡਿੰਪੀ ਨੇ ਕਿਹਾ ਸੀ ਕਿ ਮੈਂ ਸ਼ਰੇਆਮ ਕਹਿੰਦਾ ਹਾਂ ਕਿ ਅੱਜ ਜੋ ਕੁੱਝ ਵੀ ਹਾਂ, ਸੁਖਬੀਰ ਬਾਦਲ ਕਰਕੇ ਹਾਂ। ਲੋਕ ਬਹੁਤ ਅਫ਼ਵਾਹਾਂ ਉਡਾ ਰਹੇ ਹਨ ਪਰ ਇਹ ਦਰੱਖ਼ਤ ਹਿੱਲਣ ਵਾਲਾ ਨਹੀਂ ਹੈ।




# ਟੈਕਸਾਸ 'ਚ ਦੋ ਦਿਨਾਂ ਸਟਿੰਗ ਆਪਰੇਸ਼ਨ ਦੌਰਾਨ 7 ਭਾਰਤੀਆਂ ਸਮੇਤ 21 ਗ੍ਰਿਫ਼ਤਾਰ

**■ ਡੈਂਟਨ ਕਾਉਂਟੀ ਸ਼ੈਰਿਫ ਪੁਲਿਸ ਵੱਲੋਂ ਮਿਲੇ ਸੁਰਾਗ ਦੇ ਆਧਾਰ 'ਤੇ ਮਨੁੱਖੀ ਤਸਕਰੀ ਵਿਭਾਗ ਵੱਲੋਂ ਜਾਂਚ ਸ਼ੁਰੂ**



14 ਅਤੇ 15 ਅਗਸਤ ਨੂੰ ਸਟਿੰਗ ਆਪ੍ਰੇਸ਼ਨ 'ਚ ਫੜੇ ਗਏ ਭਾਰਤੀ ਮੂਲ ਦੇ ਸੱਤ ਲੋਕ।

**ਟੈਕਸਾਸ, (ਪੰਜਾਬ ਮੇਲ)-** ਅਮਰੀਕਾ ਦੇ ਡੈਂਟਨ ਕਾਊਂਟੀ 'ਚ ਦੋ ਦਿਨਾਂ ਦੇ ਸਟਿੰਗ ਆਪਰੇਸ਼ਨ 'ਚ 21 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਸੱਤ ਭਾਰਤੀ ਮੂਲ ਦੇ ਹਨ। ਇਨ੍ਹਾਂ ਨੂੰ ਦੇਹ ਵਪਾਰ ਨੂੰ ਉਤਸ਼ਾਹਿਤ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਮਾਮਲੇ ਦੀ ਹੁਣ ਮਨੁੱਖੀ ਤਸਕਰੀ ਦੇ ਕੋਣ ਤੋਂ ਵੀ ਜਾਂਚ ਕੀਤੀ ਜਾ ਰਹੀ ਹੈ।

ਡੈਂਟਨ ਕਾਉਂਟੀ ਸ਼ੈਰਿਫ ਦੇ ਦਫਤਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਸਟਿੰਗ ਆਪਰੇਸ਼ਨ 14 ਅਤੇ 15 ਅਗਸਤ ਨੂੰ ਕੀਤਾ ਗਿਆ ਸੀ। ਇਸ ਤਹਿਤ ਮਿਸ਼ਨ ਅਜਿਹੇ ਲੋਕਾਂ ਨੂੰ ਗ੍ਰਿਫਤਾਰ ਕਰਨਾ ਸੀ, ਜੋ ਗੈਰ-ਕਾਨੂੰਨੀ ਤਰੀਕੇ ਨਾਲ ਕਮਿਊਨਿਟੀ ਵਿਚ ਸੈਕਸ ਸੇਵਾਵਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਸ਼ੈਰਿਫ ਦੇ ਦਫਤਰ ਮੁਤਾਬਕ ਗ੍ਰਿਫਤਾਰ ਕੀਤੇ ਗਏ ਭਾਰਤੀ ਮੂਲ ਦੇ ਲੋਕਾਂ ਵਿਚ ਨਿਖਿਲ ਬਾਂਡੀ, ਨਿਖਿਲ ਕੁਮਾਰੀ, ਗਾਲਾ ਮੋਨੀਸ਼, ਕਾਰਤਿਕ ਰਾਏਪਤੀ, ਨਬੀਨ ਸ਼੍ਰੇਸ਼ਠ, ਅਮਿਤ ਕੁਮਾਰ ਅਤੇ ਜੈਕਿਰਨ ਰੈੱਡੀ ਮੇਕਾਲਾ ਸ਼ਾਮਲ ਹਨ। ਡੈਂਟਨ ਨਿਵਾਸੀ ਨਿਖਿਲ ਬਾਂਡੀ ਅਤੇ ਨਿਖਿਲ ਕੁਮਾਰੀ 'ਤੇ ਗ੍ਰਿਫਤਾਰੀ ਤੋਂ ਬਚਣ ਦੇ ਵੱਖਰੇ ਤੌਰ 'ਤੇ ਦੋਸ਼ ਲਗਾਏ ਗਏ ਹਨ। ਜੈਕਿਰਨ ਮੇਕਾਲਾ 'ਤੇ ਸੈਕਸ ਲਈ ਇੱਕ ਨਾਬਾਲਗ ਨੂੰ ਬੇਨਤੀ ਕਰਨ ਦਾ ਦੋਸ਼ ਹੈ, ਜੋ ਕਿ ਟੈਕਸਾਸ ਦੇ ਕਾਨੂੰਨ ਦੇ ਤਹਿਤ ਦੂਜੀ-ਡਿਗਰੀ ਦਾ ਅਪਰਾਧ ਹੈ। ਉਸ 'ਤੇ ਗ੍ਰਿਫਤਾਰੀ ਤੋਂ ਬਚਣ ਦੀ ਕੋਸ਼ਿਸ਼ ਕਰਨ ਦਾ ਵੀ ਦੋਸ਼ ਹੈ।

ਅਧਿਕਾਰੀਆਂ ਮੁਤਾਬਕ ਇਸ ਆਪ੍ਰੇਸ਼ਨ ਦੇ ਤਹਿਤ ਵੇਸਵਾਗਮਨੀ ਦੇ ਦੋਸ਼ 'ਚ 14 ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਇਸ ਦੋਸ਼ ਵਿਚ ਜੇਲ੍ਹ ਭੇਜਣ ਦੀ ਵਿਵਸਥਾ ਹੈ। ਦੋ ਆਦਮੀਆਂ 'ਤੇ ਇੱਕ ਨਾਬਾਲਗ ਨੂੰ ਸੈਕਸ ਲਈ ਬੇਨਤੀ ਕਰਨ ਦਾ ਦੋਸ਼ ਹੈ। ਇਨ੍ਹਾਂ ਤੋਂ ਇਲਾਵਾ ਦੋ ਵਿਅਕਤੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਹਥਿਆਰ ਰੱਖਣ ਅਤੇ ਤਿੰਨ ਨੂੰ ਗ੍ਰਿਫ਼ਤਾਰੀ ਤੋਂ ਬਚਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।

ਹਾਈਲੈਂਡ ਵਿਲੇਜ ਪੁਲਿਸ ਦੇ ਨਾਲ-ਨਾਲ ਡੈਂਟਨ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਵੀ ਇਸ ਕਾਰਵਾਈ ਵਿਚ ਸਹਾਇਤਾ ਕੀਤੀ। ਇਸ ਮਿਸ਼ਨ ਤੋਂ ਮਿਲੇ ਸੁਰਾਗ ਦੇ ਆਧਾਰ 'ਤੇ ਮਨੁੱਖੀ ਤਸਕਰੀ ਵਿਭਾਗ ਨੇ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਬੁਲਾਰੇ ਨੇ ਕਿਹਾ ਕਿ ਇਨ੍ਹਾਂ ਗ੍ਰਿਫਤਾਰੀਆਂ ਨਾਲ ਸਾਡਾ ਆਪ੍ਰੇਸ਼ਨ ਖਤਮ ਨਹੀਂ ਹੋਇਆ ਹੈ, ਅਸੀਂ ਡੈਂਟਨ ਕਾਉਂਟੀ ਦੇ ਲੋਕਾਂ ਦੀ ਸੁਰੱਖਿਆ ਲਈ ਹੋਰ ਵੀ ਯਤਨ ਜਾਰੀ ਰੱਖਾਂਗੇ।

# ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਪੰਜਾਬ ਸਰਕਾਰ ਨੂੰ 1026 ਕਰੋੜ ਦਾ ਜੁਰਮਾਨਾ

**ਚੰਡੀਗੜ੍ਹ, (ਪੰਜਾਬ ਮੇਲ)-** ਕੌਮੀ ਗਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਨੇ ਸੌਲਿਡ ਵੇਸਟ ਤੇ ਸੀਵਰੇਜ ਪ੍ਰਦੂਸ਼ਣ ਦੇ ਪ੍ਰਬੰਧਨ 'ਚ ਨਾਕਾਮ ਰਹਿਣ ਕਰ ਕੇ ਪੰਜਾਬ ਸਰਕਾਰ ਨੂੰ 1026 ਕਰੋੜ ਦਾ ਜੁਰਮਾਨਾ ਲਾਇਆ ਹੈ। ਕੌਮੀ ਟ੍ਰਿਬਿਊਨਲ ਨੇ ਨੋਟਿਸ ਜਾਰੀ ਕਰਕੇ ਕਿਹਾ ਹੈ ਕਿਉਂ ਨਾ ਵਾਤਾਵਰਨ ਨੇਮਾਂ ਦੀ ਪਾਲਣਾ 'ਚ ਨਾਕਾਮ ਰਹਿਣ ਕਰਕੇ ਉੱਚ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਕੌਮੀ ਟ੍ਰਿਬਿਊਨਲ ਨੇ ਪੰਜਾਬ ਸਰਕਾਰ ਨੂੰ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਕੋਲ ਇੱਕ ਮਹੀਨੇ ਦੇ ਅੰਦਰ 1026 ਕਰੋੜ




ਰੁਪਏ ਜਮ੍ਹਾਂ ਕਰਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਲਈ ਟ੍ਰਿਬਿਊਨਲ ਦਾ ਇਹ ਫੈਸਲਾ ਝਟਕੇ ਵਾਂਗ ਹੈ ਕਿਉਂਕਿ ਸੂਬਾ ਤਾਂ ਪਹਿਲਾਂ ਹੀ ਵਿੱਤੀ ਤੰਗੀ ਵਿਚੋਂ ਲੰਘ ਰਿਹਾ ਹੈ। ਕੌਮੀ ਟ੍ਰਿਬਿਊਨਲ ਨੇ ਕਿਹਾ ਹੈ ਕਿ 22 ਸਤੰਬਰ, 2022 ਨੂੰ ਦਿੱਤੇ ਹੁਕਮਾਂ ਦੀ ਪਾਲਣਾ ਕਰਨ ਵਿਚ ਪੰਜਾਬ ਦੇ ਮੁੱਖ ਸਕੱਤਰ ਫੇਲ੍ਹ ਰਹੇ ਹਨ। ਟ੍ਰਿਬਿਊਨਲ ਨੇ ਮੁੱਖ ਸਕੱਤਰ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ। ਪਤਾ ਲੱਗਾ ਹੈ ਕਿ ਕੌਮੀ ਟ੍ਰਿਬਿਊਨਲ ਦੇ ਹੁਕਮਾਂ ਤੋਂ ਬਾਅਦ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕਰਕੇ ਖਿਚਾਈ ਕੀਤੀ ਹੈ। ਪਤਾ ਲੱਗਾ ਹੈ ਕਿ ਸੂਬਾ ਸਰਕਾਰ ਕੌਮੀ ਟ੍ਰਿਬਿਊਨਲ ਦੇ ਇਨ੍ਹਾਂ ਹੁਕਮਾਂ ਖਿਲਾਫ ਅਪੀਲ ਦਾਇਰ ਕਰਨ ਦੀ ਤਿਆਰੀ ਕਰ ਰਹੀ ਹੈ। ਅਧਿਕਾਰੀਆਂ ਵੱਲੋਂ ਇਸ ਮਾਮਲੇ ਨੂੰ ਵਿੱਤ ਵਿਭਾਗ ਕੋਲ ਵੀ ਉਠਾਇਆ ਜਾ ਰਿਹਾ ਹੈ।

# ਸੁਨੀਤਾ ਵਿਲੀਅਮਜ਼ ਸਮੇਤ ਦੋ ਯਾਤਰੀ ਫਰਵਰੀ ਤੱਕ ਰਹਿਣਗੇ ਪੁਲਾੜ 'ਚ

**ਕੇਪ ਕੇਨਵੇਰਲ, (ਪੰਜਾਬ ਮੇਲ)-** ਅਮਰੀਕੀ ਪੁਲਾੜ ਖੋਜ ਏਜੰਸੀ ਨਾਸਾ ਨੇ ਆਖਿਆ ਕਿ ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਸਮੇਤ ਦੋ ਪੁਲਾੜ ਯਾਤਰੀਆਂ ਨੂੰ ਬੋਇੰਗ ਦੇ ਨਵੇਂ ਕੈਪਸੂਲ ਰਾਹੀਂ ਧਰਤੀ 'ਤੇ ਵਾਪਸ ਲਿਆਉਣ 'ਚ ਵੱਡਾ ਜ਼ੋਖਮ ਹੋ ਸਕਦਾ ਹੈ ਅਤੇ ਸਪੇਸਐਕਸ ਰਾਹੀਂ ਵਾਪਸੀ ਲਈ ਉਨ੍ਹਾਂ ਨੂੰ ਅਗਲੇ ਵਰ੍ਹੇ ਤੱਕ ਉਡੀਕ ਕਰਨੀ ਪਵੇਗੀ। ਨਾਸਾ ਨੇ ਬੀਤੇ ਦਿਨੀਂ ਫ਼ੈਸਲਾ ਕੀਤਾ ਕਿ ਉਨ੍ਹਾਂ ਨੂੰ ਅਗਲੇ ਸਾਲ 'ਸਪੇਸਐਕਸ' ਦੇ ਪੁਲਾੜ ਵਾਹਨ ਰਾਹੀਂ ਵਾਪਸ ਲਿਆਂਦਾ ਜਾਵੇਗਾ।

ਦੋ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਤੇ ਬੁਚ ਵਿਲਮੋਰ ਇਸ ਸਾਲ ਜੂਨ ਮਹੀਨੇ ਦੀ ਸ਼ੁਰੂਆਤ ਤੋਂ ਹੀ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਫਸੇ ਹੋਏ ਹਨ।

ਪਰਖ ਉਡਾਣ ਤਹਿਤ ਇੱਕ ਹਫ਼ਤੇ ਲਈ ਪੁਲਾੜ 'ਚ ਗਏ ਸੁਨੀਤਾ ਤੇ ਵਿਲਮੋਰ ਨੂੰ ਹੁਣ ਅੱਠ ਮਹੀਨ ਤੋਂ ਵੱਧ ਸਮਾਂ ਉੱਥੇ ਰੁਕਣਾ ਹੋਵੇਗਾ। ਨਵੇਂ ਕੈਪਸੂਲ 'ਚ 'ਥਰਸਟਰ' ਦੇ ਕੰਮ ਨਾ ਕਰਨ ਅਤੇ ਹੀਲੀਅਮ ਲੀਕੇਜ ਕਾਰਨ ਪੁਲਾੜ



ਸਟੇਸ਼ਨ ਤੱਕ ਉਨ੍ਹਾਂ ਦੇ ਸਫਰ 'ਚ ਅੜਿੱਕਾ ਪੈਦਾ ਹੋਇਆ ਸੀ, ਜਿਸ ਮਗਰੋਂ ਉਨ੍ਹਾਂ ਨੂੰ ਵਾਪਸ ਲਿਆਉਣ 'ਚ ਮੁਸ਼ਕਲ ਆ ਰਹੀ ਹੈ।

ਲਗਪਗ ਤਿੰਨ ਮਹੀਨਿਆਂ ਬਾਅਦ ਆਖ਼ਰ ਲੰਘੇ ਦਿਨ ਨਾਸਾ ਦੇ ਉੱਚ ਅਧਿਕਾਰੀਆਂ ਨੇ ਦੋ ਪੁਲਾੜ ਯਾਤਰੀਆਂ ਦੀ ਵਾਪਸੀ ਫਰਵਰੀ ਤੱਕ ਟਾਲਣ ਦਾ ਫ਼ੈਸਲਾ ਕੀਤਾ। ਪੁਲਾੜ ਏਜੰਸੀ ਨੇ ਕਿਹਾ ਕਿ ਸੁਨੀਤਾ ਵਿਲੀਅਮਜ਼ ਤੇ ਬੁਚ ਵਿਲਮੋਰ ਫਰਵਰੀ ਮਹੀਨੇ 'ਸਪੇਸਐਕਸ' ਦੇ ਪੁਲਾੜ ਵਾਹਨ ਜ਼ਰੀਏ ਧਰਤੀ 'ਤੇ ਵਾਪਸ ਆਉਣਗੇ।


**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**





# ਸ਼੍ਰੋਮਣੀ ਕਮੇਟੀ ਨੇ ਐਮਰਜੰਸੀ ਫ਼ਿਲਮ ਦੇ ਨਿਰਮਾਤਾਵਾਂ ਨੂੰ ਭੇਜਿਆ ਕਾਨੂੰਨੀ ਨੋਟਿਸ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਦੇ ਕਿਰਦਾਰ ਅਤੇ ਇਤਿਹਾਸ ਪੱਖਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਵਾਲੀ ਕੰਗਨਾ ਰਣੌਤ ਦੀ 'ਐਮਰਜੰਸੀ' ਫ਼ਿਲਮ ਦੇ ਨਿਰਮਾਤਾਵਾਂ ਨੂੰ ਕਾਨੂੰਨੀ ਨੋਟਿਸ ਭੇਜ ਕੇ ਸਿੱਖ-ਵਿਰੋਧੀ ਭਾਵਨਾ ਵਾਲੇ ਇਤਰਾਜ਼ਯੋਗ ਦ੍ਰਿਸ਼ ਕੱਟਣ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਵੱਲੋਂ ਭੇਜੇ ਗਏ ਨੋਟਿਸ ਵਿਚ ਕੰਗਨਾ ਰਣੌਤ ਸਮੇਤ ਫ਼ਿਲਮ ਦੇ ਨਿਮਰਾਤਾਵਾਂ ਨੂੰ ਜਾਰੀ ਕੀਤਾ ਗਿਆ ਟ੍ਰੇਲਰ ਵੀ ਜਨਤਕ ਅਤੇ ਸੋਸ਼ਲ ਮੀਡੀਆ ਮੰਚਾਂ ਤੋਂ ਹਟਾ ਕੇ ਸਿੱਖ ਕੌਮ ਪਾਸੋਂ ਲਿਖਤੀ ਮੁਆਫ਼ੀ ਮੰਗਣ ਲਈ ਕਿਹਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੰਗਨਾ ਰਣੌਤ ਦੀ ਐਮਰਜੰਸੀ ਫ਼ਿਲਮ ਦਾ ਮਾਮਲਾ ਧਿਆਨ ਵਿਚ ਆਉਂਦਿਆਂ ਹੀ ਸਿੱਖ ਸੰਸਥਾ ਵੱਲੋਂ ਇਸ ਦੇ ਵਿਰੁੱਧ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦੇ ਹੋਏ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਇਸ ਫ਼ਿਲਮ ਉੱਤੇ ਸਭ ਤੋਂ ਪਹਿਲਾਂ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਉੱਤੇ ਰੋਕ ਲਗਾਉਣ ਲਈ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ਼੍ਰੀ ਅਸ਼ਵਿਨੀ ਵੈਸ਼ਨਵ ਅਤੇ ਕੇਂਦਰੀ ਫ਼ਿਲਮ ਸੈਂਸਰ ਬੋਰਡ ਦੇ ਚੇਅਰਮੈਨ ਸ਼੍ਰੀ ਪ੍ਰਸੂਨ ਜੋਸ਼ੀ ਨੂੰ ਵੱਖ-ਵੱਖ ਪੱਤਰ ਲਿਖੇ ਗਏ ਸਨ।

ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ ਅਨੁਸਾਰ ਹੁਣ ਕੰਗਨਾ ਰਣੌਤ ਸਮੇਤ ਇਸ ਫ਼ਿਲਮ ਦੇ ਨਿਰਮਾਤਾਵਾਂ ਨੂੰ ਕਾਨੂੰਨੀ ਨਟਿਸ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਐਮਰਜੰਸੀ ਫ਼ਿਲਮ ਦੇ ਜਾਰੀ ਕੀਤੇ ਗਏ ਟ੍ਰੇਲਰ ਤੋਂ ਬਾਅਦ ਕਈ ਸਿੱਖ ਵਿਰੋਧੀ ਦ੍ਰਿਸ਼ ਸਾਹਮਣੇ ਆਏ ਸਨ, ਜਿਨ੍ਹਾਂ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਹੈ। ਫਿਲਮ ਵਿਚ 1984 ਦੇ ਘੱਲੂਘਾਰੇ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਮੇਤ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ ਅਤੇ ਗਲਤ ਪ੍ਰਾਪੇਗੰਡਾ ਦੇ ਆਧਾਰ 'ਤੇ ਸਿੱਖਾਂ ਨੂੰ ਦਹਿਸ਼ਤਗਰਦ ਅਤੇ ਵੱਖਵਾਦੀਆਂ ਦੇ ਰੂਪ ਵਿਚ ਦਿਖਾਉਣ ਦੀ ਕੋਝੀ ਹਰਕਤ ਕੀਤੀ ਗਈ ਹੈ, ਜੋ ਕਿ ਬਰਦਾਸ਼ਤਯੋਗ ਨਹੀਂ ਤੇ ਸੱਚਾਈ ਤੋਂ ਕੋਹਾਂ ਦੂਰ ਹੈ।

ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਫਿਲਮ ਦਾ ਟ੍ਰੇਲਰ ਜਾਰੀ ਹੋਣ ਤੋਂ ਬਾਅਦ ਹੀ ਸਿੱਖ ਸੰਗਤ ਅੰਦਰ ਭਾਰੀ ਰੋਸ ਹੈ, ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੰਗਨਾ ਰਣੌਤ ਤੇ ਫ਼ਿਲਮ ਨਿਰਮਾਤਾਵਾਂ ਵੱਲੋਂ ਸਿੱਖ ਵਿਰੋਧੀ ਇਤਰਾਜ਼ਯੋਗ ਦ੍ਰਿਸ਼ ਨਾ ਕੱਟੇ ਗਏ, ਤਾਂ ਉਨ੍ਹਾਂ ਖਿਲਾਫ਼ ਹਰ ਪੱਧਰ ਉੱਤੇ ਕਾਨੂੰਨੀ ਕਾਰਵਾਈ ਅੱਗੇ ਵਧਾਉਣ ਦੇ ਨਾਲ-ਨਾਲ ਸਖ਼ਤ ਵਿਰੋਧ ਕੀਤਾ ਜਾਵੇਗਾ।


ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।


## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10'', ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## ਮੈਟਰੀਮੋਨੀਅਲ

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ, ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11'', ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸਾਫਟਵੇਅਰ ਇੰਜੀਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨ ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਇਨੋਸੈਂਟ ਇਸੂਲੈਸ, ਡਾਇਵੋਰਸੀ ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਫਿਰ ਵਟਸਅਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ ਆਈ ਡੀ: CJSINGH55@gmail.com ਸਕਦੇ ਹੋ।

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4'', ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com


## MATRIMONIAL

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage) Call: +1-510-281-7065, WhatsApp: +91 98993 79442 Email: cjsingh55@gmail.com

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2'' ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਭਾਰਤੀ-ਅਮਰੀਕੀ ਡਾਕਟਰ ਰਮੇਸ਼ ਬਾਬੂ ਪਰਮਸ਼ੈੱਟੀ ਦੀ ਗੋਲੀਬਾਰੀ 'ਚ ਮੌਤ

**ਨਿਊਯਾਰਕ, (ਰਾਜ ਗੋਗਨਾ/ ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕੀ ਸੂਬੇ ਅਲਬਾਮਾ ਦੇ ਸ਼ਹਿਰ ਟਸਕਾਲੋਸਾ ਵਿਚ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਕੀਤੀ ਗੋਲੀਬਾਰੀ 'ਚ ਭਾਰਤੀ ਮੂਲ ਦੇ ਨਾਮੀ ਡਾਕਟਰ ਪੇਰਮਸੈਟੀ ਰਮੇਸ਼ ਬਾਬੂ (64) ਦੀ ਮੌਤ ਹੋ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ।

ਇਹ ਘਟਨਾ ਬੀਤੀ ਸ਼ਾਮ ਅਮਰੀਕਾ ਦੇ ਸ਼ਹਿਰ ਟਸਕਾਲੂਸਾ 'ਚ ਵਾਪਰੀ, ਜਦੋਂ ਉਹ ਆਪਣੇ ਘਰ ਨੇੜੇ ਇਕ ਕਾਰ ਸ਼ੈੱਡ ਕੋਲ ਖੜ੍ਹਾ ਸੀ।

ਡਾਕਟਰੀ ਭਾਈਚਾਰੇ ਵਿਚ ਜਾਣੇ-ਪਛਾਣੇ ਡਾ. ਬਾਬੂ ਨੂੰ ਗੋਲੀਆਂ ਵੱਜਣ ਉਪਰੰਤ ਘਟਨਾ ਸਥਾਨ 'ਤੇ ਪੁੱਜੇ ਪੁਲਿਸ ਅਫਸਰ ਤੇ ਡਾਕਟਰੀ ਅਮਲੇ ਵੱਲੋਂ ਉਨ੍ਹਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ



ਡਾ. ਰਮੇਸ਼ ਬਾਬੂ ਪੇਰਮਸੈਟੀ।

ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਹੈ ਕਿ ਘਟਨਾ ਸਬੰਧੀ ਹੋਰ ਵੇਰਵਾ ਜਾਂਚ ਉਪਰੰਤ ਹੀ ਜਾਰੀ ਕੀਤਾ ਜਾਵੇਗਾ।

ਡਾ. ਬਾਬੂ ਕ੍ਰਿਮਸਨ ਕੇਅਰ ਨੈੱਟਵਰਕ ਦੇ ਸੰਸਥਾਪਕ ਤੇ ਮੈਡੀਕਲ ਡਾਇਰੈਕਟਰ ਸਨ, ਜਿਸ ਨੈੱਟਵਰਕ ਤਹਿਤ ਅਨੇਕਾਂ ਸਥਾਨਕ ਕਲੀਨਿਕਾਂ ਦਾ ਪ੍ਰਬੰਧ ਚਲਾਇਆ ਜਾਂਦਾ ਹੈ। ਉਨ੍ਹਾਂ ਨੂੰ ਕੋਵਿਡ-19 ਮਹਾਮਾਰੀ ਦੌਰਾਨ ਆਪਣੀਆਂ ਵਿਆਪਕ ਸੇਵਾਵਾਂ ਲਈ ਅਮਰੀਕਾ 'ਚ ਕਈ ਪੁਰਸਕਾਰ ਵੀ ਮਿਲ ਚੁੱਕੇ ਸਨ। ਇਹ ਭਾਰਤੀ ਨਾਮਵਰ ਡਾਕਟਰ ਸਿਹਤ ਦੇ ਖੇਤਰ ਵਿਚ ਪਿਛਲੇ 38 ਸਾਲ ਤੋਂ ਸੀ ਅਤੇ ਉਸ ਦੀ ਪ੍ਰਸਿੱਧੀ ਅਤੇ ਸਿਹਤ ਸੇਵਾਵਾਂ ਨੂੰ ਦੇਖਦੇ ਹੋਏ ਅਲਬਾਮਾ ਰਾਜ ਦੇ ਸ਼ਹਿਰ ਟਸਕਾਲੋਸਾ ਵਿਚ ਇੱਕ ਗਲੀ ਦਾ ਨਾਮ ਉਸ ਦੇ ਨਾਮ 'ਤੇ ਰੱਖਿਆ ਗਿਆ ਸੀ। ਡਾ. ਪੇਰਮਸੈਟੀ ਰਮੇਸ਼ ਆਂਧਰਾ ਪ੍ਰਦੇਸ਼ ਦੇ ਤਿਰੂਪਤੀ ਜ਼ਿਲ੍ਹੇ ਦੇ ਨਾਇਡੂਪੇਟ ਮੰਡਲ ਦੇ ਪਿੰਡ ਮੇਨਾਕੂਰੂ ਦੇ ਰਹਿਣ ਵਾਲਾ ਸੀ ਅਤੇ ਇਥੋਂ ਹੀ ਹਾਈ ਸਕੂਲ ਵਿਚ 10ਵੀਂ ਜਮਾਤ ਤੱਕ ਦੀ ਪੜ੍ਹਾਈ ਕੀਤੀ ਅਤੇ ਤਿਰੂਪਤੀ ਐੱਸ.ਵੀ. ਮੈਡੀਕਲ ਕਾਲਜ ਤੋਂ ਐੱਮ.ਬੀ.ਬੀ.ਐੱਸ. ਪੂਰੀ ਕੀਤੀ। ਬਾਅਦ ਵਿਚ ਉਹ ਅਮਰੀਕਾ ਚਲਾ ਗਿਆ ਅਤੇ ਨਿਊਯਾਰਕ ਦੇ ਜਮਾਇਕਾ ਵਿਚ ਆਪਣੀ ਪੀ.ਜੀ. ਮੈਡੀਕਲ ਦੀ ਪੜ੍ਹਾਈ ਪੂਰੀ ਕੀਤੀ ਅਤੇ ਡਾਕਟਰ ਵਜੋਂ ਪ੍ਰੈਕਟਿਸ ਸ਼ੁਰੂ ਕੀਤੀ ਅਤੇ ਅਮਰੀਕਾ ਵਿਚ ਚੰਗਾ ਨਾਮ ਕਮਾਇਆ। ਉਸ ਦੀ ਪਤਨੀ ਸ਼੍ਰੀਲਤਾ ਉੱਥੇ ਇੱਕ ਡਾਕਟਰ ਵਜੋਂ ਉਸ ਨਾਲ ਕੰਮ ਕਰ ਰਹੀ ਸੀ। ਇਸ ਜੋੜੇ ਦੇ ਦੋ ਪੁੱਤਰ ਅਤੇ ਦੋ ਧੀਆਂ ਹਨ। ਰਮੇਸ਼ ਬਾਬੂ ਦੀ ਮੌਤ ਦੀ ਖ਼ਬਰ ਦੇ ਨਾਲ ਅਮਰੀਕਾ ਅਤੇ ਉਨ੍ਹਾਂ ਦੇ ਪਿੰਡ ਵਿਚ ਗਹਿਰਾ ਸੋਗ ਛਾ ਗਿਆ।

ਟਸਕਾਲੋਸਾ ਸਿਟੀ ਕੌਂਸਲ ਦੇ ਪ੍ਰਧਾਨ ਕਿਪ ਟਾਇਨਰ ਨੇ ਡਾਕਟਰ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਹ ਇਕ ਬਹੁਤ ਪਿਆਰੇ ਤੇ ਨਜ਼ਦੀਕੀ ਮਿੱਤਰ ਸਨ ਤੇ ਉਹ ਪੂਰੀ ਤਰ੍ਹਾਂ ਅਮਰੀਕੀ ਲੋਕਾਂ ਨੂੰ ਸਮਰਪਿਤ ਸਨ। ਡਾਕਟਰ ਪੇਰਮਸੈਟੀ ਤੇਲਗੂ ਦੇਸਮ ਪਾਰਟੀ ਦੇ ਆਗੂ ਪੇਰਮਸੈਟੀ ਰਮਈਆਹ ਦੇ ਭਰਾ ਸਨ।

# ਕਮਲਾ ਹੈਰਿਸ ਦੀ ਤਾਰੀਫ ਕਰਦੇ ਹੋਏ ਓਬਾਮਾ ਨੇ ਡੀ.ਐੱਨ.ਸੀ. 'ਚ ਦਿੱਤਾ ਨਾਅਰਾ

- ਕਿਹਾ: ਉਹ ਅਮਰੀਕਾ ਦੀ ਰਾਸ਼ਟਰਪਤੀ ਬਣਨ ਲਈ ਤਿਆਰ
- ਆਪਣੀ ਪਤਨੀ ਮਿਸ਼ੇਲ ਨਾਲ ਡੀ.ਐੱਨ.ਸੀ. 'ਚ ਸ਼ਾਮਲ ਹੋਏ ਓਬਾਮਾ ਨੇ ਕਮਲਾ ਹੈਰਿਸ ਦੀ ਕੀਤੀ ਤਾਰੀਫ਼

**ਸ਼ਿਕਾਗੋ, (ਪੰਜਾਬ ਮੇਲ)-** ਸ਼ਿਕਾਗੋ 'ਚ ਆਯੋਜਿਤ ਡੈਮੋਕ੍ਰੇਟਿਕ ਨੈਸ਼ਨਲ ਕਨਵੈਨਸ਼ਨ 'ਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਅਮਰੀਕਾ ਉਨ੍ਹਾਂ ਨੂੰ ਰਾਸ਼ਟਰਪਤੀ ਦੀ ਕੁਰਸੀ 'ਤੇ ਦੇਖਣ ਲਈ ਤਿਆਰ ਹੈ।



ਖਚਾਖਚ ਭਰੇ ਮੈਦਾਨ ਵਿਚ ਤਾੜੀਆਂ ਦੀ ਗੜਗੜਾਹਟ ਦਰਮਿਆਨ ਓਬਾਮਾ ਨੇ ਕਮਲਾ ਹੈਰਿਸ ਨੂੰ ਇੱਕ ਅਜਿਹੀ ਸ਼ਖਸੀਅਤ ਦੱਸਿਆ, ਜਿਸ ਨੇ ਸਾਰੀ ਉਮਰ ਲੋਕਾਂ ਦੀ ਆਵਾਜ਼ ਬੁਲੰਦ ਕੀਤੀ ਹੈ। ਜੋ ਲੋਕਾਂ ਦੀ ਸੁਣਦੀ ਹੈ ਅਤੇ ਅਮਰੀਕੀਆਂ ਲਈ ਲੜਦੀ ਹੈ। ਆਪਣੇ ਮੁਹਿੰਮ ਦੇ ਨਾਅਰੇ ਦੀ ਤਰ੍ਹਾਂ, ਯੈੱਸ ਵੀ ਕੈਨ, ਓਬਾਮਾ ਨੇ ਹੈਰਿਸ ਲਈ ਵੀ ਇੱਕ ਨਾਅਰਾ ਦਿੱਤਾ - ਯੈੱਸ ਸ਼ੀ ਕੈਨ।

ਆਪਣੀ ਪਤਨੀ ਮਿਸ਼ੇਲ ਨਾਲ ਡੀ.ਐੱਨ.ਸੀ. ਵਿਚ ਸ਼ਾਮਲ ਹੋਏ ਓਬਾਮਾ ਨੇ ਕਮਲਾ ਹੈਰਿਸ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਅਮਰੀਕਾ ਦੀ ਰਾਸ਼ਟਰਪਤੀ ਬਣਨ ਲਈ ਤਿਆਰ ਹਨ। ਇਸ ਤੋਂ ਬਾਅਦ ਭੀੜ ਨੇ ਵਾਰ-ਵਾਰ ਯੈੱਸ ਵੀ ਕੈਨ ਦੇ ਨਾਅਰੇ ਲਾਏ। ਸਟੇਜ ਤੋਂ ਆਪਣੇ ਧਮਾਕੇਦਾਰ ਪ੍ਰਦਰਸ਼ਨ ਤੋਂ ਪਹਿਲਾਂ, ਬਰਾਕ ਓਬਾਮਾ ਅਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਨੇ ਕਾਨਫਰੰਸ ਵਿਚ ਜਾਣ ਵਾਲਿਆਂ ਨੂੰ ਕਿਹਾ ਕਿ ਇਸ ਵਾਰ ਹਵਾ ਵਿਚ ਕੁਝ ਜਾਦੂਈ ਸੀ। ਮਿਸ਼ੇਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਹ ਉਮੀਦ ਦੀ ਨਵੀਂ ਤਾਕਤ ਹੈ। ਓਬਾਮਾ ਨੇ ਹੈਰਿਸ ਨੂੰ ਮੇਰੀ ਕੁੜੀ ਕਹਿ ਕੇ ਸੰਬੋਧਿਤ ਕਰਦੇ ਹੋਏ ਕਿਹਾ ਕਿ ਦੇਸ਼ ਵਿਚ ਇੱਕ ਵਾਰ ਫਿਰ ਨਵੀਂ ਉਮੀਦ ਜਾਗੀ ਹੈ।

ਇਸ ਤੋਂ ਪਹਿਲਾਂ ਸੋਮਵਾਰ ਨੂੰ, ਰਾਸ਼ਟਰਪਤੀ ਜੋਅ ਬਾਇਡਨ ਨੇ ਡੀ.ਐੱਨ.ਸੀ. ਵਿਖੇ ਇੱਕ ਸ਼ਕਤੀਸ਼ਾਲੀ ਅਤੇ ਭਾਵਨਾਤਮਕ ਭਾਸ਼ਣ ਦਿੱਤਾ। ਤਾੜੀਆਂ ਦੀ ਗੂੰਜ 'ਚ ਆਪਣੇ ਹੰਝੂ ਪੂੰਝਦੇ ਹੋਏ ਬਾਇਡਨ ਨੇ ਕਿਹਾ ਕਿ ਰਾਸ਼ਟਰਪਤੀ ਵਜੋਂ ਤੁਹਾਡੀ ਸੇਵਾ ਕਰਨਾ ਮੇਰੇ ਲਈ ਸਭ ਤੋਂ ਵੱਡਾ ਸਨਮਾਨ ਹੈ। ਮੈਂ ਆਪਣੇ ਕੰਮ ਨੂੰ ਪਿਆਰ ਕਰਦਾ ਹਾਂ, ਮੈਂ ਆਪਣੇ ਦੇਸ਼ ਨੂੰ ਪਿਆਰ ਕਰਦਾ ਹਾਂ।

# ਅਮਰੀਕਾ 'ਚ ਭਾਰਤੀ ਮੂਲ ਦਾ ਡਾਕਟਰ ਸੈਕਸ ਅਪਰਾਧ ਦੇ ਮਾਮਲਿਆਂ 'ਚ ਗ੍ਰਿਫਤਾਰ

- ਹਸਪਤਾਲ 'ਚ ਲਾ ਰਖੇ ਸਨ ਗੁਪਤ ਕੈਮਰੇ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਰੋਚੈਸਟਰ ਹਿਲਜ਼, ਮਿਸ਼ੀਗਨ ਵਾਸੀ ਭਾਰਤੀ ਮੂਲ ਦੇ ਫਿਜ਼ੀਸੀਅਨ ਉਮੇਰ ਏਜਾਜ਼ (40) ਨੂੰ ਸੈਕਸ ਅਪਰਾਧ ਦੇ ਕਈ ਮਾਮਲਿਆਂ 'ਚ ਗ੍ਰਿਫਤਾਰ ਕੀਤਾ ਗਿਆ ਹੈ। ਉਸ ਉਪਰ ਬਾਲਗਾਂ ਤੇ ਬੱਚਿਆਂ ਨਾਲ ਸੈਕਸ ਅਪਰਾਧ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਇਨ੍ਹਾਂ ਦੋਸ਼ਾਂ ਵਿਚ ਬੱਚਿਆਂ ਦਾ ਸਰੀਰਕ ਸ਼ੋਸ਼ਣ ਕਰਨ, ਨਿਰਵਸਤਰ ਵਿਅਕਤੀਆਂ ਦੀਆਂ ਤਸਵੀਰਾਂ ਖਿੱਚਣ ਤੇ ਅਪਰਾਧ ਲਈ ਕੰਪਿਊਟਰ ਦੀ ਵਰਤੋਂ ਕਰਨ ਦੇ ਦੋਸ਼ ਸ਼ਾਮਲ ਹਨ। ਉਸ ਨੇ ਕਥਿਤ ਤੌਰ 'ਤੇ ਕੱਪੜੇ ਬਦਲਣ ਵਾਲੇ ਕਮਰਿਆਂ, ਨਹਾਉਣ ਵਾਲੇ ਕਮਰਿਆਂ, ਹਸਪਤਾਲ ਦੇ ਕਮਰਿਆਂ ਤੇ ਹੋਰ ਨਿੱਜੀ ਸਥਾਨਾਂ 'ਤੇ ਗੁਪਤ ਰੂਪ ਵਿਚ ਕੈਮਰੇ ਲਾਏ ਹੋਏ ਸਨ, ਜਿਨ੍ਹਾਂ ਰਾਹੀਂ ਉਹ ਪੀੜਤਾਂ ਦੀਆਂ ਗਤੀਵਿਧੀਆਂ ਵੇਖਦਾ ਸੀ। ਓਕਲੈਂਡ ਕਾਊਂਟੀ ਸ਼ੈਰਿਫ ਮਾਈਕਲ ਬੋਚਰਡ ਅਨੁਸਾਰ ਡਾਕਟਰ ਵੱਲੋਂ



ਉਮੇਰ ਏਜਾਜ਼।

ਰਿਕਾਰਡ ਕੀਤੇ ਕੁਝ ਦ੍ਰਿਸ਼ ਤੇ ਖਿੱਚੀਆਂ ਤਸਵੀਰਾਂ ਪ੍ਰੇਸ਼ਾਨ ਕਰ ਦੇਣ ਵਾਲੀਆਂ ਹਨ। ਏਜਾਜ਼ ਭਾਰਤੀ ਨਾਗਰਿਕ ਹੈ ਤੇ ਉਹ 2011 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਏਜਾਜ਼ ਵਿਆਹਿਆ ਹੋਇਆ ਹੈ ਤੇ ਉਸ ਦੇ 2 ਨੌਜਵਾਨ ਬੱਚੇ ਹਨ। ਏਜਾਜ਼ ਦੀ ਗ੍ਰਿਫਤਾਰੀ ਉਸ ਦੀ ਪਤਨੀ ਵੱਲੋਂ ਸ਼ਿਕਾਇਤ ਕਰਨ 'ਤੇ ਹੋਈ ਜਾਂਚ ਤੋਂ ਬਾਅਦ ਕੀਤੀ ਗਈ ਹੈ।

# ਮਾਇਆਵਤੀ ਸਰਬਸੰਮਤੀ ਨਾਲ ਮੁੜ ਬਸਪਾ ਦੀ ਪ੍ਰਧਾਨ ਨਿਯੁਕਤ



**ਲਖਨਊ, (ਪੰਜਾਬ ਮੇਲ)-** ਇਥੇ ਹੋਈ ਕਾਰਜਕਾਰਨੀ ਦੀ ਬੈਠਕ 'ਚ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੂੰ ਮੁੜ ਸਰਬਸੰਮਤੀ ਨਾਲ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਕੌਮੀ ਪ੍ਰਧਾਨ ਚੁਣ ਲਿਆ ਗਿਆ। ਪਾਰਟੀ ਨੇ ਕਿਹਾ ਕਿ ਮਾਇਆਵਤੀ ਨੂੰ ਸਰਬਸੰਮਤੀ ਨਾਲ ਬਸਪਾ ਦਾ ਕੌਮੀ ਪ੍ਰਧਾਨ ਚੁਣਿਆ ਗਿਆ ਹੈ। ਇਹ ਫੈਸਲਾ ਬਸਪਾ ਕੇਂਦਰੀ ਕਾਰਜਕਾਰਨੀ ਕਮੇਟੀ (ਸੀ.ਈ.ਸੀ.) ਅਤੇ ਸੀਨੀਅਰ ਕੌਮੀ ਪੱਧਰ ਦੇ ਅਹੁਦੇਦਾਰਾਂ, ਰਾਜ ਇਕਾਈਆਂ ਅਤੇ ਦੇਸ਼ ਭਰ ਤੋਂ ਚੁਣੇ ਗਏ ਨੁਮਾਇੰਦਿਆਂ ਦੀ ਵਿਸ਼ੇਸ਼ ਮੀਟਿੰਗ ਦੌਰਾਨ ਲਿਆ ਗਿਆ। 68 ਸਾਲਾ ਮਾਇਆਵਤੀ ਉੱਤਰ ਪ੍ਰਦੇਸ਼ ਦੀ ਚਾਰ ਵਾਰ ਮੁੱਖ ਮੰਤਰੀ ਰਹਿ ਚੁੱਕੀ ਹੈ। ਬਸਪਾ ਦੇ ਸੰਸਥਾਪਕ ਕਾਂਸ਼ੀ ਰਾਮ ਨੇ ਦੋ ਦਹਾਕੇ ਪਹਿਲਾਂ ਉਨ੍ਹਾਂ ਨੂੰ ਆਪਣਾ ਸਿਆਸੀ ਉੱਤਰਾਧਿਕਾਰੀ ਐਲਾਨਿਆ ਸੀ।


Global Allianz

LAW FIRM LLP

ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕਮਲ ਬੰਗਾ ਸੈਕਰਾਮੈਂਟੋ ਦੀ ਕਿਤਾਬ ਕਾਵਿ-ਕ੍ਰਿਸ਼ਮਾ ਲੋਕ ਅਰਪਣ




**ਪੰਜਾਬ ਭਵਨ ਸਰੀ ਦੇ ਮੁੱਖ ਸੰਚਾਲਕ ਸੁੱਖੀ ਬਾਠ ਫਗਵਾੜਾ ਵਿਖੇ "ਨਵੀਆਂ ਕਲਮਾਂ ਨਵੀਂ ਉਡਾਣ" ਸਮਾਗਮ ਦੌਰਾਨ ਕਮਲ ਬੰਗਾ ਸੈਕਰਾਮੈਂਟੋ ਦੀ ਕਿਤਾਬ 'ਕਾਵਿ-ਕ੍ਰਿਸ਼ਮਾ' ਲੋਕ ਅਰਪਨ ਕਰਦੇ ਹੋਏ। ਨਾਲ ਖੜ੍ਹੇ ਹਨ ਗੁਰਸ਼ਰਨ ਸਿੰਘ ਸਾਬਕਾ ਡੀ.ਈ.ਓ., ਐਡਵੋਕੇਟ ਐੱਸ.ਐੱਲ. ਵਿਰਦੀ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਗਿਆਨ ਸਿੰਘ ਸਾਬਕਾ ਡੀ.ਪੀ.ਆਰ.ਓ. ਅਤੇ ਹੋਰ।**

**ਫਗਵਾੜਾ, (ਪੰਜਾਬ ਮੇਲ)**- ਫਗਵਾੜਾ ਵਿਖੇ ਪੰਜਾਬ ਭਵਨ ਸਰੀ (ਕੈਨੇਡਾ) ਵਲੋਂ ਕਰਵਾਏ ਗਏ "ਨਵੀਆਂ ਕਲਮਾਂ ਨਵੀਂ ਉਡਾਣ" ਸਮਾਗਮ ਦੌਰਾਨ ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ ਕਮਲ ਬੰਗਾ ਸੈਕਰਾਮੈਂਟੋ ਦੀ ਕਿਤਾਬ ਕਾਵਿ-ਕ੍ਰਿਸ਼ਮਾ ਸੁੱਖੀ ਬਾਠ ਮੁੱਖ ਸੰਚਾਲਕ ਪੰਜਾਬ ਭਵਨ ਸਰੀ ਵਲੋਂ ਬਲੱਡ ਸੈਂਟਰ, ਫਗਵਾੜਾ ਵਿਖੇ ਲੋਕ ਅਰਪਿਤ ਕੀਤੀ ਗਈ। ਇਸ ਸਮੇਂ ਬੋਲਦਿਆਂ ਸੁੱਖੀ ਬਾਠ ਨੇ ਕਿਹਾ ਕਿ ਪੰਜਾਬੀ ਬੋਲੀ ਨੂੰ ਕੋਈ ਖ਼ਤਰਾ ਨਹੀਂ ਹੈ, ਇਸ ਨੂੰ ਦੇਸ਼-ਵਿਦੇਸ਼ ਵਿਚ ਬੋਲਣ ਵਾਲਿਆਂ ਦੀ ਗਿਣਤੀ ਬਾਰਾਂ ਕਰੋੜ ਤੋਂ ਵੱਧ ਹੈ। ਲੇਖਕਾਂ ਨੂੰ ਜ਼ਮੀਨ ਪੱਧਰ 'ਤੇ ਲੋਕ ਸਮੱਸਿਆਵਾਂ ਨੂੰ ਆਪਣੀ ਲੇਖਣੀ ਦਾ ਧੁਰਾ ਬਣਾਉਣ ਚਾਹੀਦਾ ਹੈ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਪ੍ਰਸਿੱਧ ਲੇਖਕ ਅਤੇ ਕਾਲਮਨਵੀਸ ਨੇ ਕਮਲ ਬੰਗਾ ਸੈਕਰਾਮੈਂਟੋ ਦੀ 18ਵੀਂ ਕਿਤਾਬ ਛਾਪਣ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਕਮਲ ਬੰਗਾ ਸੂਖਮ ਰੰਗਾ ਦਾ ਸ਼ਾਇਰ ਹੈ। ਉਂਜ ਰੰਗ ਤਾਂ ਸੱਤ ਨੇ, ਪਰ ਕਮਲ ਬੰਗਾ ਨੌਂ ਰੰਗਾਂ 'ਚ ਰੰਗਿਆ ਸ਼ਾਇਰ ਹੈ। ਉਸਦਾ ਅੱਠਵਾਂ ਰੰਗ ਸੂਖਮਤਾ ਹੈ ਅਤੇ ਨੌਵਾਂ ਰੰਗ ਨਿਵੇਕਲਾਪਨ ਹੈ। ਇਸ ਸਮੇਂ ਵੱਡੀ ਗਿਣਤੀ 'ਚ ਲੇਖਕ, ਪਾਠਕ, ਵਿਦਿਆਰਥੀ ਹਾਜ਼ਰ ਸਨ।

## ਆਸਟਰੇਲੀਆ ਦੀ ਅੰਡਰ-19 ਮਹਿਲਾ ਟੀਮ 'ਚ ਭਾਰਤੀ ਮੂਲ ਦੀਆਂ 3 ਖਿਡਾਰਨਾਂ ਸ਼ਾਮਲ



**ਮੈਲਬਰਨ, (ਪੰਜਾਬ ਮੇਲ)**- ਕ੍ਰਿਕਟ ਆਸਟਰੇਲੀਆ ਨੇ ਬ੍ਰਿਸਬੇਨ ਵਿਚ 19 ਸਤੰਬਰ ਤੋਂ ਹੋਣ ਵਾਲੀ ਆਗਾਮੀ ਮਹਿਲਾ ਅੰਡਰ-19 ਤਿਕੋਣੀ ਲੜੀ ਲਈ ਟੀਮ ਦਾ ਐਲਾਨ ਕਰ ਦਿੱਤਾ ਹੈ। ਟੀਮ ਵਿਚ ਭਾਰਤੀ ਮੂਲ ਦੀਆਂ ਤਿੰਨ ਮੁਟਿਆਰਾਂ ਰਿਬਿਆ ਸਿਆਨ, ਸਮਰਾ ਡਲਵਿਨ ਅਤੇ ਹਸਰਤ ਗਿੱਲ ਸ਼ਾਮਲ ਹਨ। 15 ਖਿਡਾਰੀਆਂ ਦੀ ਮੁੱਖ ਕੋਚ ਸਾਬਕਾ ਆਸਟਰੇਲਿਆਈ ਖਿਡਾਰੀ ਕ੍ਰਿਸਟਨ ਬੀਮਸ ਨੂੰ ਬਣਾਇਆ ਗਿਆ ਹੈ। ਆਸਟਰੇਲੀਆ ਤੋਂ ਇਲਾਵਾ ਇਸ ਲੜੀ ਵਿਚ ਨਿਊਜ਼ੀਲੈਂਡ ਅਤੇ ਸ੍ਰੀਲੰਕਾ ਹਨ। ਇਸ 14 ਦਿਨਾਂ ਦੀ ਤਿਕੋਣੀ ਸੀਰੀਜ਼ 'ਚ ਆਸਟਰੇਲੀਆ ਚਾਰ ਟੀ-20 ਅਤੇ ਦੋ ਇਕ ਦਿਨਾਂ ਮੈਚ ਖੇਡੇਗਾ।

## ਮਹਿਲਾ ਟੀ-20 ਵਿਸ਼ਵ ਕੱਪ ਲਈ ਹਰਮਨਪ੍ਰੀਤ ਕੌਰ ਭਾਰਤ ਦੀ ਕਪਤਾਨ



**ਨਵੀਂ ਦਿੱਲੀ, (ਪੰਜਾਬ ਮੇਲ)**- ਸਟਾਰ ਬੱਲੇਬਾਜ਼ ਹਰਮਨਪ੍ਰੀਤ ਕੌਰ 3 ਅਕਤੂਬਰ ਤੋਂ ਸੰਯੁਕਤ ਅਰਬ ਅਮੀਰਾਤ ਵਿਚ ਹੋਣ ਵਾਲੇ ਮਹਿਲਾ ਟੀ-20 ਵਿਸ਼ਵ ਕੱਪ ਲਈ ਐਲਾਨੀ 15 ਮੈਂਬਰੀ ਭਾਰਤੀ ਟੀਮ ਦੀ ਅਗਵਾਈ ਕਰੇਗੀ। ਟੂਰਨਾਮੈਂਟ ਦੀ ਮੇਜ਼ਬਾਨੀ ਪਹਿਲਾਂ ਬੰਗਲਾਦੇਸ਼ ਨੇ ਕਰਨੀ ਸੀ ਪਰ ਉੱਥੇ ਰਾਜਨੀਤਿਕ ਅਸ਼ਾਂਤੀ ਦੇ ਕਾਰਨ ਇਸ ਨੂੰ ਸੰਯੁਕਤ ਅਰਬ ਅਮੀਰਾਤ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਭਾਰਤ ਨੂੰ ਆਸਟਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ ਅਤੇ ਸ੍ਰੀਲੰਕਾ ਦੇ ਨਾਲ ਗਰੁੱਪ ਏ ਵਿਚ ਰੱਖਿਆ ਗਿਆ ਹੈ। ਭਾਰਤੀ ਟੀਮ ਆਪਣੀ ਪਹਿਲੀ ਟੀ-20 ਵਿਸ਼ਵ ਕੱਪ ਟਰਾਫੀ ਜਿੱਤਣ ਦੇ ਟੀਚੇ ਨਾਲ ਟੂਰਨਾਮੈਂਟ ਵਿਚ ਉਤਰੇਗੀ।

**ਮਹਿਲਾ ਟੀ-20 ਵਿਸ਼ਵ ਕੱਪ ਲਈ ਭਾਰਤ ਦੀ ਟੀਮ:** ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ (ਉਪ-ਕਪਤਾਨ), ਸ਼ੈਫਾਲੀ ਵਰਮਾ, ਦੀਪਤੀ ਸ਼ਰਮਾ, ਜੇਮਿਮਾ ਰੌਡਰਿਗਜ਼, ਰਿਚਾ ਘੋਸ਼ (ਵਿਕਟਕੀਪਰ), ਯਸਤਿਕਾ ਭਾਟੀਆ (ਵਿਕਟਕੀਪਰ), ਪੂਜਾ ਵਸਤਰਾਕਰ, ਅਰੁੰਧਤੀ ਰੈੱਡੀ, ਰੇਣੁਕਾ ਸਿੰਘ ਠਾਕੁਰ, ਦਿਆਲਨ ਹੇਮਲਤਾ, ਆਸ਼ਾ ਸੋਭਨਾ, ਰਾਧਾ ਯਾਦਵ, ਸ਼੍ਰੇਅੰਕਾ ਪਾਟਿਲ, ਸਜਨਾ ਸਜੀਵਨ।

# ਭਾਰਤੀਆਂ ਨੂੰ ਅਮਰੀਕੀ ਵਿਜ਼ਟਰ ਵੀਜ਼ਾ ਲਈ ਕਰਨੀ ਹੋਵੇਗੀ ਉਡੀਕ




- **ਉਡੀਕ ਸਮਾਂ ਘਟਾਉਣਾ ਸੰਭਵ ਨਹੀਂ : ਯੂ.ਐੱਸ. ਡਿਪਲੋਮੈਟ**
- **ਭਾਰਤ ਦੇ ਕਿਸੇ ਵੀ ਕੌਂਸਲੇਟ ਵਿਚ ਬੁੱਕ ਕੀਤੀ ਜਾ ਸਕਦੀ ਹੈ ਇੰਟਰਵਿਊ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਵਿਜ਼ਟਰ ਵੀਜ਼ਾ ਲਈ ਭਾਰਤੀ ਲੋਕਾਂ ਨੂੰ ਉਡੀਕ ਸਮੇਂ ਵਿਚ ਹੋਰ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ। ਇਸ ਸਬੰਧੀ ਨਵੀਂ ਦਿੱਲੀ ਸਥਿਤ ਯੂ.ਐੱਸ ਅੰਬੈਸੀ ਵਿਚ ਪਬਲਿਕ ਡਿਪਲੋਮੈਸੀ ਦੇ ਮਿਨਿਸਟਰ ਕੌਂਸਲਰ ਗਲੋਰੀਆ ਬਰਬੀਨਾ ਨੇ ਕਿਹਾ ਕਿ ਫਿਲਹਾਲ ਉਡੀਕ ਸਮੇਂ ਵਿਚ ਸੁਧਾਰ ਸੰਭਵ ਨਹੀਂ ਪਰ ਭਾਰਤ ਦੇ ਕਿਸੇ ਵੀ ਸੂਬੇ ਵਿਚ ਰਹਿਣ ਵਾਲੇ ਕਿਸੇ ਵੀ ਕੌਂਸਲੇਟ ਵਿਚ ਆਪਣੀ ਵੀਜ਼ਾ ਇੰਟਰਵਿਊ ਬੁਕ ਕਰ ਸਕਦੇ ਹਨ। ਬਰਬੀਨਾ ਨੇ ਦੱਸਿਆ ਕਿ ਨਵੀਂ ਦਿੱਲੀ ਵਿਖੇ ਪਹਿਲੀ ਵਾਰ ਅਰਜ਼ੀ ਦਾਖਲ ਕਰਨ ਵਾਲਿਆਂ ਨੂੰ ਇੰਟਰਵਿਊ ਵਾਸਤੇ 386 ਦਿਨ ਉਡੀਕ ਕਰਨੀ ਪੈਂਦੀ ਹੈ ਪਰ ਕਲਕੱਤਾ ਦੇ ਕੌਂਸਲੇਟ ਵਿਖੇ ਇਹ ਸਮਾਂ ਸਿਰਫ 24 ਦਿਨ ਹੀ ਚੱਲ ਰਿਹਾ ਹੈ।

ਇਸ ਦੇ ਉਲਟ ਹੈਦਰਾਬਾਦ ਕੌਂਸਲੇਟ ਵਿਖੇ ਉਡੀਕ ਸਮਾਂ 407 ਦਿਨ ਚੱਲ ਰਿਹਾ ਹੈ। ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਪੂਰੀ ਦੁਨੀਆਂ ਵਿਚੋਂ ਅਮਰੀਕਾ ਪੁੱਜਣ ਦੇ ਇੱਛੁਕ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜਿਸ ਦੇ ਮੱਦੇਨਜ਼ਰ ਅਰਜ਼ੀਆਂ ਦਾ ਬੈਕਲਾਗ ਵਧਣਾ ਲਾਜ਼ਮੀ ਹੈ। ਵੱਖ-ਵੱਖ ਸ਼੍ਰੇਣੀਆਂ ਵਾਲੇ ਵੀਜ਼ੇ ਵੱਖੋ-ਵੱਖਰੀ ਸਮਾਂ ਹੱਦ ਵਿਚ ਜਾਰੀ ਕੀਤੇ ਜਾ ਰਹੇ ਹਨ। ਕੋਰੋਨਾ ਮਹਾਮਾਰੀ ਦੌਰਾਨ ਅੰਬੈਸੀਆਂ ਬੰਦ ਰਹਿਣ ਕਾਰਨ ਹਾਲਾਤ ਵਿਗੜ ਗਏ ਅਤੇ ਇਸ ਮਗਰੋਂ ਉਡੀਕ ਸਮਾਂ ਘਟਾਉਣ ਦੇ ਯਤਨ ਵੱਡੇ ਪੱਧਰ 'ਤੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਅਮਰੀਕਾ ਦੀਆਂ ਕਈ ਯੂਨੀਵਰਸਿਟੀਜ਼ ਭਾਰਤ ਵਿਚ ਕੈਂਪਸ ਬਣਾਉਣਾ ਚਾਹੁੰਦੀਆਂ ਹਨ, ਜਿਸ ਦੇ ਮੱਦੇਨਜ਼ਰ ਮੁਲਕ ਦੇ ਵੱਖ-ਵੱਖ ਸ਼ਹਿਰਾਂ ਦਾ ਦੌਰਾ ਕੀਤਾ ਜਾ ਰਿਹਾ ਹੈ।

ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਨੂੰ ਆ ਰਹੀ ਦਿੱਕਤ ਬਾਰੇ ਪੁੱਛੇ ਜਾਣ 'ਤੇ ਬਰਬੀਨਾ ਨੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਨੂੰ ਸਿਰਫ ਪੜ੍ਹਨ ਦੀ ਸਹੂਲਤ ਦਿੱਤੀ ਗਈ ਹੈ ਅਤੇ ਨੌਕਰੀ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾਂਦੀ। ਅਜਿਹੇ ਵਿਚ ਵਿਦਿਆਰਥੀਆਂ ਨੂੰ ਆਪਣਾ ਕੋਰਸ ਖ਼ਤਮ ਕਰਨ ਮਗਰੋਂ ਵਾਪਸੀ ਕਰਨੀ ਚਾਹੀਦੀ ਹੈ ਅਤੇ ਭਾਰਤ ਵਿਚ ਬਿਹਤਰ ਮੌਕਿਆਂ ਦੀ ਤਲਾਸ਼ ਕਰਨ।




# ਕੈਨੇਡਾ ਪੁਲਿਸ 'ਚ ਭਰਤੀ ਹੋਈ ਪੰਜਾਬਣ ਮੁਟਿਆਰ

**ਨਥਾਣਾ, (ਪੰਜਾਬ ਮੇਲ)-** ਸਟੱਡੀ ਵੀਜ਼ੇ 'ਤੇ ਕੈਨੇਡਾ ਗਈ ਇਕ ਪੰਜਾਬਣ ਨੇ ਉਥੇ ਪੁਲਿਸ 'ਚ ਭਰਤੀ ਹੋ ਕੇ ਆਪਣੀ ਸਫਲਤਾ ਦਾ ਝੰਡਾ ਗੱਡਿਆ ਹੈ। ਜ਼ੀਰਕਪੁਰ ਦੇ ਧਰਮਿੰਦਰ ਸਿੰਘ ਅਤੇ ਸੁਰਿੰਦਰ ਕੌਰ ਦੇ ਘਰ ਜਨਮੀ ਚਰਨਜੀਤ ਕੌਰ ਨੇ ਇਸ ਸਫਲਤਾ ਨਾਲ ਪੰਜਾਬ ਦਾ ਨਾਂ ਚਮਕਾਇਆ ਹੈ। ਜਾਣਕਾਰੀ ਅਨੁਸਾਰ ਚਰਨਜੀਤ ਕੌਰ ਬੀ.ਏ. ਕਰਨ ਮਗਰੋਂ ਆਇਲੈਟਸ ਕਰ ਕੇ ਸਾਲ 2019 ਵਿਚ ਮਾਸਟਰ ਡਿਗਰੀ ਕਰਨ ਲਈ ਕੈਨੇਡਾ ਗਈ ਸੀ।

ਇਹ ਮੁਟਿਆਰ ਕੈਨੇਡਾ ਦੇ ਸਸਕੈਚਵਨ ਸੂਬੇ ਦੇ ਸ਼ਹਿਰ ਸੈਸਕਾਟੂਨ ਵਿਚ ਰਹਿ ਰਹੀ ਹੈ। ਪਿਛਲੇ ਸਾਲ 16 ਫਰਵਰੀ ਨੂੰ ਚਰਨਜੀਤ ਕੌਰ ਦਾ ਵਿਆਹ ਨਥਾਣਾ ਦੇ ਪ੍ਰਦੀਪ ਕੁਮਾਰ ਸ਼ਰਮਾ ਪੁੱਤਰ ਰਮੇਸ਼ ਕੁਮਾਰ ਨਾਲ ਹੋ ਗਿਆ। ਵਿਆਹ ਦੇ ਕੁਝ ਮਹੀਨੇ ਬਾਅਦ ਹੀ ਉਹ ਆਪਣੇ ਪਤੀ ਸਮੇਤ ਮੁੜ ਕੈਨੇਡਾ ਪਰਤ ਗਈ।



ਚਰਨਜੀਤ ਕੌਰ ਆਪਣੇ ਸੀਨੀਅਰਾਂ ਨਾਲ।

ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ ਦੀ ਪੜ੍ਹਾਈ ਮੁਕੰਮਲ ਕਰਨ ਮਗਰੋਂ ਚਰਨਜੀਤ ਕੌਰ ਇਸੇ ਮਹੀਨੇ ਕੈਨੇਡਾ ਪੁਲਿਸ 'ਚ ਭਰਤੀ ਹੋ ਗਈ ਅਤੇ ਉਹ 16 ਅਗਸਤ ਤੋਂ ਆਪਣੀ ਡਿਊਟੀ 'ਤੇ ਹਾਜ਼ਰ ਹੈ। ਪੁਲਿਸ ਦੀ ਵਰਦੀ ਉੱਪਰ ਲੱਗੀ ਨੇਮ ਪਲੇਟ 'ਤੇ ਚਰਨਜੀਤ ਕੌਰ ਲਿਖਿਆ ਦੇਖ ਕੇ ਉਹ ਤੇ ਉਸ ਦਾ ਪਰਿਵਾਰ ਬਹੁਤ ਖੁਸ਼ ਹੈ। ਕੈਨੇਡਾ ਪੁਲਿਸ ਵਿਚ ਉਸ ਦਾ ਰੈਂਕ ਕੁਰੈਕਸ਼ਨਲ ਪੀਸ ਆਫਿਸਰ (ਇੰਸਪੈਕਟਰ ਰੈਂਕ) ਦੱਸਿਆ ਗਿਆ ਹੈ। ਚਰਨਜੀਤ ਕੌਰ ਦੀ ਸਫਲਤਾ ਤੋਂ ਉਸ ਦੇ ਪੇਕੇ ਅਤੇ ਸਹੁਰੇ ਪਰਿਵਾਰ ਵਿਚ ਖੁਸ਼ੀ ਦਾ ਮਾਹੌਲ ਹੈ।

## ਬਾਬਾ ਫਰੀਦ ਯੂਨੀਵਰਸਿਟੀ ਦੀ ਇੰਟਰਨੈਸ਼ਨਲ ਐਵਾਰਡ ਲਈ ਚੋਣ

**ਫਰੀਦਕੋਟ, (ਪੰਜਾਬ ਮੇਲ)-** ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਫਰੀਦਕੋਟ ਨੂੰ ਇੰਟਰਨੈਸ਼ਨਲ ਗ੍ਰੀਨ ਯੂਨੀਵਰਸਿਟੀ ਐਵਾਰਡ 2024 ਲਈ ਚੁਣਿਆ ਗਿਆ ਹੈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਦੱਸਿਆ ਕਿ ਯੂਨੀਵਰਸਿਟੀ ਨੂੰ ਇਹ ਐਵਾਰਡ ਵਾਤਾਵਰਨ ਦੀ ਬਿਹਤਰੀ ਲਈ ਉਪਰਾਲੇ ਕਰਨ ਲਈ ਦਿੱਤਾ ਜਾ ਰਿਹਾ ਹੈ। ਇਹ ਐਵਾਰਡ ਅੱਠਵੀਂ ਐੱਨ.ਵਾਈ.ਸੀ. ਗ੍ਰੀਨ ਸਕੂਲ ਕਾਨਫਰੰਸ 2024 ਵਿਚ ਦਿੱਤਾ ਜਾਵੇਗਾ, ਜੋ 23 ਤੇ 24 ਸਤੰਬਰ ਨੂੰ ਨਿਊਯਾਰਕ ਵਿਚ ਹੋਣ ਵਾਲੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਸੈਸ਼ਨ ਵਿਚ ਦਿੱਤਾ ਜਾਵੇਗਾ।

### ਕੈਨੇਡਾ ਰਹਿੰਦੇ ਭਾਰਤੀਆਂ ਨੂੰ ਵੱਡਾ ਝਟਕਾ

# ਅਸਥਾਈ ਨੌਕਰੀ ਕਰਨ ਵਾਲੇ ਵਿਦੇਸ਼ੀਆਂ ਦੀ ਗਿਣਤੀ ਘਟਾਉਣ ਦਾ ਐਲਾਨ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੀ ਟਰੂਡੋ ਸਰਕਾਰ ਨੇ ਕੈਨੇਡਾ ਵਿਚ ਅਸਥਾਈ ਨੌਕਰੀ ਕਰਨ ਵਾਲੇ ਵਿਦੇਸ਼ੀਆਂ ਦੀ ਗਿਣਤੀ ਘਟਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਫ਼ੈਸਲੇ ਦਾ ਅਸਰ ਘੱਟ ਤਨਖ਼ਾਹ 'ਤੇ ਕੰਮ ਕਰਨ ਵਾਲਿਆਂ ਅਤੇ ਅਸਥਾਈ ਨੌਕਰੀ ਕਰਨ ਵਾਲੇ ਲੱਖਾਂ ਵਿਦੇਸ਼ੀਆਂ 'ਤੇ ਪਵੇਗਾ, ਜਿਨ੍ਹਾਂ ਵਿਚ ਸਭ ਤੋਂ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਟਰੂਡੋ ਦੇ ਇਸ ਫ਼ੈਸਲੇ ਨਾਲ ਪ੍ਰਵਾਸੀਆਂ ਵਿਚਾਲੇ ਬੇਰੋਜ਼ਗਾਰੀ ਵਧੇਗੀ।

ਟਰੂਡੋ ਨੇ ਐਕਸ 'ਤੇ ਪੋਸਟ ਕਰਦਿਆਂ ਲਿਖਿਆ ਕਿ ਲੇਬਰ ਮਾਰਕੀਟ ਬਦਲ ਗਈ ਹੈ। ਅਸੀਂ ਕੈਨੇਡਾ ਵਿਚ ਘੱਟ ਤਨਖ਼ਾਹ ਵਾਲੇ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾਉਣ ਜਾ ਰਹੇ ਹਾਂ। ਹੁਣ ਸਮਾਂ ਆ ਗਿਆ ਹੈ ਕਿ ਸਾਡੇ ਬਿਜ਼ਨੈੱਸਮੈਨ ਕੈਨੇਡਾ ਦੇ ਕਾਮਿਆਂ ਤੇ ਨੌਜਵਾਨਾਂ 'ਤੇ ਨਿਵੇਸ਼ ਕਰਨ।




ਦੱਸ ਦਈਏ ਕਿ ਕੈਨੇਡਾ ਸਰਕਾਰ ਨੇ ਕੋਵਿਡ-19 ਮਗਰੋਂ ਕਾਮਿਆਂ ਦੀ ਘਾਟ ਦੀ ਸਮੱਸਿਆ ਨੂੰ ਦੂਰ ਕਰਨ ਲਈ ਕੁਝ ਨਿਯਮਾਂ ਵਿਚ ਛੋਟ ਦਿੱਤੀ ਸੀ, ਜਿਸ ਕਰਕੇ ਵਿਦੇਸ਼ੀ ਕਾਮਿਆਂ- ਖ਼ਾਸ ਤੌਰ 'ਤੇ ਘੱਟ ਤਨਖ਼ਾਹ ਵਾਲੇ ਵਰਕਰਾਂ ਦੀ ਤਾਦਾਦ ਬਹੁਤ ਵਧ ਗਈ ਸੀ। ਟਰੂਡੋ ਨੇ ਕਿਹਾ ਕਿ ਰੁਜ਼ਗਾਰਦਾਤਾ ਉੱਚ ਬੇਰੁਜ਼ਗਾਰੀ ਵਾਲੇ ਖੇਤਰਾਂ, ਯਾਨੀ ਜਿੱਥੇ ਬੇਰੁਜ਼ਗਾਰੀ ਦਰ 6 ਫ਼ੀਸਦੀ ਜਾਂ ਇਸ ਤੋਂ ਵੱਧ ਹੈ, ਵਿਚ ਘੱਟ ਤਨਖਾਹ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ (TFWs) ਨੂੰ ਭਰਤੀ ਕਰਨ ਦੇ ਯੋਗ ਨਹੀਂ ਹੋਣਗੇ। ਹਾਲਾਂਕਿ ਭੋਜਨ ਸੁਰੱਖਿਆ ਖੇਤਰਾਂ ਜਿਵੇਂ ਖੇਤੀਬਾੜੀ, ਫ਼ੂਡ ਪ੍ਰੋਸੈਸਿੰਗ ਅਤੇ ਮੱਛੀ ਪਾਲਣ ਅਤੇ ਨਾਲ ਹੀ ਉਸਾਰੀ ਅਤੇ ਹੈਲਥ ਕੇਅਰ ਵਰਗੇ ਖੇਤਰਾਂ ਜਿੱਥੇ ਸਟਾਫ ਦੀ ਅਜੇ ਵੀ ਗੰਭੀਰ ਘਾਟ ਹੈ, ਵਿਚ ਸੀਮਤ ਛੋਟਾਂ ਹੋਣਗੀਆਂ।

ਇਕ ਹੋਰ ਉਲਟਫੇਰ ਕਰਦਿਆਂ ਸਰਕਾਰ ਨੇ ਕਿਹਾ ਕਿ ਰੁਜ਼ਗਾਰਦਾਤਾਵਾਂ ਨੂੰ ਹੁਣ ਆਪਣੇ ਕੁੱਲ ਵਰਕਰਾਂ ਦੇ 10 ਪ੍ਰਤੀਸ਼ਤ ਤੋਂ ਵੱਧ ਕਾਮੇ TFW ਰਾਹੀਂ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਨਾਲ ਹੀ, ਘੱਟ ਤਨਖ਼ਾਹ ਵਾਲੇ TFW ਲਈ ਕਾਂਟਰੈਕਟ ਵੀ ਦੋ ਸਾਲ ਤੋਂ ਘਟ ਕੇ ਇਕ ਸਾਲ ਲਈ ਹੋਇਆ ਕਰੇਗਾ।

# ਬਰੈਂਪਟਨ 'ਚ ਸਤਵੀਰ ਕੌਰ ਬਣੀ ਜੇਲ੍ਹ ਸੁਪਰਡੈਂਟ



**ਬਰੈਂਪਟਨ, (ਪੰਜਾਬ ਮੇਲ)-** ਪੰਜਾਬ ਦੀ ਧੀ ਨੇ ਕੈਨੇਡਾ 'ਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਪੰਜਾਬ ਦੇ ਸੰਗਰੂਰ ਨੇੜਲੇ ਪਿੰਡ ਬਡਰੁੱਖਾਂ ਦੀ ਦੋਹਤੀ ਸਤਵੀਰ ਕੌਰ ਬਰੈਂਪਟਨ 'ਚ ਜੇਲ੍ਹ ਸੁਪਰਡੈਂਟ ਚੁਣੀ ਗਈ ਹੈ। ਸਤਵੀਰ ਕੌਰ ਨੇ ਕੈਨੇਡਾ ਦੀ ਪੁਲਿਸ ਵਿਚ ਬਤੌਰ ਜੇਲ੍ਹ ਸੁਪਰਡੈਂਟ ਭਰਤੀ ਹੋ ਕੇ ਆਪਣੇ ਦਾਦਕਿਆਂ/ਨਾਨਕਿਆਂ ਅਤੇ ਪੰਜਾਬ ਸਮੇਤ ਪੂਰੇ ਭਾਰਤ ਦਾ ਸਿਰ ਮਾਣ ਨਾਲ ਉਚਾ ਕੀਤਾ ਹੈ। ਉਹ 2018 'ਚ ਸਟੱਡੀ ਵੀਜ਼ਾ 'ਤੇ ਕੈਨੇਡਾ ਆਈ ਸੀ। ਪੜ੍ਹਾਈ ਉਪਰੰਤ ਉਸਨੂੰ ਸਰਕਾਰੀ ਬੱਸ ਡਰਾਈਵਰ ਦੀ ਨੌਕਰੀ ਮਿਲ ਗਈ।

ਲੜਕੀ ਦੇ ਮਾਮੇ ਨੇ ਦੱਸਿਆ ਕਿ ਜਦੋਂ ਸਾਡੀ ਭਾਣਜੀ ਸਾਨੂੰ ਵੀਡੀਓ ਭੇਜਦੀ, ਤਾਂ ਅਸੀਂ ਉਸਨੂੰ ਬੱਸ ਚਲਾਉਂਦੀ ਦੇਖ ਕੇ ਹੈਰਾਨ ਹੋ ਜਾਂਦੇ ਕਿ ਇੰਨੀ ਵੱਡੀ ਬੱਸ ਸਾਡੀ ਲੜਕੀ ਚਲਾ ਰਹੀ ਹੈ। ਉਨ੍ਹਾਂ ਦੱਸਿਆ ਸਤਵੀਰ ਕੌਰ ਪੜ੍ਹਾਈ ਵਿਚ ਬਹੁਤ ਹੀ ਮਿਹਨਤੀ ਅਤੇ ਹੋਣਹਾਰ ਸੀ। ਉਸਨੇ ਡਾਕਟਰੀ ਦੀ ਪੜ੍ਹਾਈ ਵੀ ਕੀਤੀ ਸੀ। ਲੜਕੀ ਦੇ ਪਿਤਾ ਜੋ ਕਿ ਆਪ ਵੀ ਪੁਲਿਸ ਦੇ ਜੇਲ੍ਹ ਵਿਭਾਗ ਵਿਚ ਸੇਵਾਵਾਂ ਨਿਭਾ ਚੁੱਕੇ ਹਨ, ਨੇ ਦੱਸਿਆ ਕਿ ਉਹ 3 ਧੀਆਂ ਅਤੇ ਇਕ ਪੁੱਤ ਦਾ ਪਿਤਾ ਹੈ ਪਰ ਉਸਨੂੰ ਜੋ ਮਾਣ ਉਸਦੀ ਧੀ ਨੇ ਦਿੱਤਾ ਹੈ, ਸ਼ਾਇਦ ਹੀ ਉਸਦਾ ਪੁੱਤ ਦੇ ਸਕੇ।

### ਪੰਜਾਬ ਦਾ ਨਾਂ ਕੀਤਾ ਰੌਸ਼ਨ

ਉਨ੍ਹਾਂ ਕਿਹਾ ਕਿ ਸਾਨੂੰ ਧੀਆਂ ਦੇ ਪੈਦਾ ਹੋਣ 'ਤੇ ਖੁਸ਼ੀ ਮਹਿਸੂਸ ਕਰਨੀ ਚਾਹੀਦੀ ਹੈ। ਉਹ ਆਪਣੇ ਆਪ ਨੂੰ ਭਾਗੀਸ਼ਾਲੀ ਸਮਝਦਾ ਹੈ ਕਿ ਉਸਦੀ ਧੀ ਨੇ ਆਪਣੀ ਮਿਹਨਤ ਨਾਲ ਜਿੱਥੇ ਮੈਨੂੰ 10 ਲੱਖ ਦੀ ਗੱਡੀ ਲੈ ਕੇ ਦਿੱਤੀ ਅਤੇ ਆਪਣੇ ਲਈ ਵੀ 43 ਲੱਖ ਰੁਪਏ ਦੀ ਕਾਰ ਖਰੀਦੀ। ਉਨ੍ਹਾਂ ਦੀ ਲੜਕੀ ਜਦੋਂ ਸਰਕਾਰੀ ਬੱਸ ਚਲਾਉਂਦੀ ਸੀ, ਤਾਂ ਉਸਨੂੰ ਪੁਲਿਸ ਵਿਚ ਜੇਲ੍ਹ ਵਿਭਾਗ ਦੀ ਨੌਕਰੀ ਕੈਨੇਡਾ ਦੇ ਵਿਨੀਪੈੱਗ ਦੇ ਸਮੁੰਦਰ 'ਚ ਮਿਲ ਗਈ ਸੀ ਪਰ ਉਸਦਾ ਇਹ ਨੌਕਰੀ ਕਰਨ ਲਈ ਦਿਲ ਨਹੀਂ ਮੰਨਿਆ। 3 ਮਹੀਨਿਆਂ ਬਾਅਦ ਫਿਰ ਉਸਨੂੰ ਇਹ ਨੌਕਰੀ ਪ੍ਰਾਪਤ ਹੋਈ ਅਤੇ ਉਸਨੇ ਆਪਣੇ ਮਾਪਿਆਂ ਨਾਲ ਸਲਾਹ ਕਰਕੇ ਇਸ ਨੌਕਰੀ ਨੂੰ ਪ੍ਰਾਪਤ ਕੀਤਾ।



# ਹਰਿਆਣਾ ਵਿਧਾਨ ਸਭਾ ਚੋਣਾਂ: ਜਜਪਾ ਅਤੇ ਆਜ਼ਾਦ ਸਮਾਜ ਪਾਰਟੀ ਵਿਚਾਲੇ ਗੱਠਜੋੜ

**ਨਵੀਂ ਦਿੱਲੀ, (ਪੰਜਾਬ ਮੇਲ)**- ਹਰਿਆਣਾ ਵਿਧਾਨ ਸਭਾ ਚੋਣਾਂ ਲਈ ਜਨਨਾਇਕ ਜਨਤਾ ਪਾਰਟੀ (ਜਜਪਾ) ਅਤੇ ਆਜ਼ਾਦ ਸਮਾਜ ਪਾਰਟੀ ਕਾਂਸ਼ੀਰਾਮ (ਏ.ਐੱਸ.ਪੀ.-ਕੇ.) ਗੱਠਜੋੜ ਦਾ ਐਲਾਨ ਕੀਤਾ ਹੈ ਅਤੇ ਇਨ੍ਹਾਂ ਚੋਣਾਂ 'ਚ ਦੁਸ਼ਿਅੰਤ ਚੌਟਾਲਾ ਦੀ ਪਾਰਟੀ 70, ਜਦਕਿ ਚੰਦਰਸ਼ੇਖਰ ਆਜ਼ਾਦ ਦੀ ਪਾਰਟੀ 20 ਸੀਟਾਂ 'ਤੇ ਚੋਣ ਲੜੇਗੀ।


ਦੁਸ਼ਿਅੰਤ ਚੌਟਾਲਾ ਤੇ ਚੰਦਰਸ਼ੇਖਰ ਆਜ਼ਾਦ ਸਾਥੀ ਆਗੂਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ।

ਚੌਟਾਲਾ ਨੇ ਭਾਜਪਾ ਨਾਲ ਗੱਠਜੋੜ ਦੀ ਕਿਸੇ ਵੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ। ਆਜ਼ਾਦ ਨੇ ਵੀ ਭਾਜਪਾ ਨਾਲ ਗੱਠਜੋੜ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਕਿਸਾਨਾਂ ਤੇ ਮਜ਼ਦੂਰਾਂ ਦੇ ਹਿੱਤਾਂ ਦਾ ਨੁਕਸਾਨ ਕਰਨ ਵਾਲੀ ਪਾਰਟੀ ਦੀ ਹਮਾਇਤ ਨਹੀਂ ਕਰਨਗੇ। ਦੁਸ਼ਿਅੰਤ ਚੌਟਾਲਾ ਨੇ ਕਿਹਾ, 'ਅਸੀਂ ਇਹ ਸਪੱਸ਼ਟ ਕਰ ਦਿੱਤਾ ਹੈ। ਅਸੀਂ ਭਾਜਪਾ ਨਾਲ ਦੁਬਾਰਾ ਕਦੇ ਗੱਠਜੋੜ ਨਹੀਂ ਕਰਾਂਗੇ। ਮੈਂ ਭਾਜਪਾ ਨਾਲ ਗੱਠਜੋੜ ਕਰਕੇ ਬਹੁਤ ਕੁਝ ਭੁਗਤਿਆ ਹੈ ਤੇ ਸਾਨੂੰ ਪਤਾ ਹੈ ਕਿ ਉਹ ਭਾਈਵਾਲਾਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦੇ ਹਨ। ਅਖੌਤੀ ਐੱਨ.ਡੀ.ਏ. ਹੁਣ ਸਿਰਫ਼ ਬਿਹਾਰ ਤੇ ਆਂਧਰਾ ਪ੍ਰਦੇਸ਼ ਤੱਕ ਹੀ ਸੀਮਤ ਰਹਿ ਗਿਆ ਹੈ।' ਉਨ੍ਹਾਂ ਨਾਲ ਹੀ ਕਿਹਾ ਕਿ ਇਹ ਗੱਠਜੋੜ ਕਿਸਾਨੀ ਹਿੱਤਾਂ ਤੇ ਮਜ਼ਬੂਤ ਐੱਮ.ਐੱਸ.ਪੀ. ਨੂੰ ਸੁਰੱਖਿਅਤ ਕਰਨ ਲਈ ਹੋਵੇਗਾ। ਉਨ੍ਹਾਂ ਕਿਹਾ ਕਿ ਅਜਿਹੀ ਸੰਭਾਵਨਾ ਹੈ ਕਿ ਜਜਪਾ ਤੇ ਆਜ਼ਾਦ ਪਾਰਟੀ ਨੂੰ ਇੰਨੀਆਂ ਸੀਟਾਂ ਮਿਲਣਗੀਆਂ ਕਿ ਉਹ ਸਰਕਾਰ ਬਣਾ ਸਕਣ। ਇਸ ਨਾਲ ਹੋਰ ਛੋਟੀਆਂ ਪਾਰਟੀਆਂ ਨੂੰ ਕਾਂਗਰਸ ਤੇ ਭਾਜਪਾ ਦੋਵਾਂ ਖ਼ਿਲਾਫ਼ ਡਟਣ ਦਾ ਹੌਂਸਲਾ ਮਿਲੇਗਾ। ਦੋਵਾਂ ਆਗੂਆਂ ਨੇ ਇਹ ਵੀ ਸੰਕੇਤ ਦਿੱਤਾ ਕਿ ਉਹ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਕਿੰਗ ਮੇਕਰ ਦੀ ਭੂਮਿਕਾ ਵੀ ਨਿਭਾਅ ਸਕਦੇ ਹਨ। ਦੋਵਾਂ ਆਗੂਆਂ ਨੇ ਹੋਰ ਹਮਖਿਆਲੀ ਪਾਰਟੀਆਂ ਨੂੰ ਵੀ ਹੱਥ ਮਿਲਾਉਣ ਦਾ ਸੱਦਾ ਦਿੱਤਾ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਜਪਾ ਤੇ ਆਜ਼ਾਦ ਪਾਰਟੀ ਵਿਚਾਲੇ ਗੱਠਜੋੜ ਕਾਂਗਰਸ ਦੇ ਵੋਟ ਬੈਂਕ 'ਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕਰੇਗਾ, ਜੋ ਮੌਜੂਦਾ ਸਮੇਂ ਜਾਟਾਂ ਤੇ ਦਲਿਤਾਂ ਵਿਚਾਲੇ ਮਜ਼ਬੂਤ ਹਾਜ਼ਰੀ ਦਰਜ ਕਰਵਾ ਰਹੀ ਹੈ। ਹਾਲਾਂਕਿ ਇਸ ਸੂਬੇ 'ਚ ਜਜਪਾ ਲਈ ਹੋਂਦ ਦੀ ਲੜਾਈ ਵੀ ਹੋ ਸਕਦੀ ਹੈ ਕਿਉਂਕਿ 2019 ਦੀਆਂ ਵਿਧਾਨ ਸਭਾ ਚੋਣਾਂ 'ਚ ਉਸ ਨੂੰ ਸਿਰਫ਼ ਇੱਕ ਫੀਸਦੀ ਵੋਟਾਂ ਮਿਲੀਆਂ ਸਨ ਅਤੇ ਇਸ ਤੋਂ ਇਲਾਵਾ ਇਨੈਲੋ ਨੇ ਵੀ ਹਰਿਆਣਾ ਚੋਣਾਂ ਲਈ ਬਸਪਾ ਨਾਲ ਗੱਠਜੋੜ ਕੀਤਾ ਹੋਇਆ ਹੈ। ਹਰਿਆਣਾ ਵਿਚ 1 ਅਕਤੂਬਰ ਨੂੰ ਵਿਧਾਨ ਸਭਾ ਲਈ ਵੋਟਾਂ ਪੈਣਗੀਆਂ ਤੇ ਨਤੀਜੇ 4 ਅਕਤੂਬਰ ਨੂੰ ਆਉਣਗੇ।

# ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਭਾਜਪਾ ਵੱਲੋਂ 44 ਉਮੀਦਵਾਰਾਂ ਦੀ ਪਹਿਲੀ ਲਿਸਟ ਜਾਰੀ

**ਸ਼੍ਰੀਨਗਰ, (ਪੰਜਾਬ ਮੇਲ)**- ਭਾਜਪਾ ਨੇ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਪਹਿਲੀ ਲਿਸਟ ਜਾਰੀ ਕਰ ਦਿੱਤੀ ਹੈ। ਇਸ ਲਿਸਟ 'ਚ ਪਹਿਲੇ ਪੜਾਅ ਲਈ 15, ਦੂਜੇ ਪੜਾਅ ਲਈ 10 ਤਾਂ ਤੀਜੇ ਪੜਾਅ 'ਚ ਹੋਣ ਵਾਲੀ ਵੋਟਿੰਗ ਲਈ 19 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਜੰਮੂ-ਕਸ਼ਮੀਰ 'ਚ ਤਿੰਨ ਪੜਾਵਾਂ 'ਚ ਵੋਟਿੰਗ ਹੋਵੇਗੀ। ਇਸ ਲਿਸਟ 'ਚ ਸਾਬਕਾ ਉੱਪ ਮੁੱਖ ਮੰਤਰੀ ਅਤੇ ਜੰਮੂ ਕਸ਼ਮੀਰ ਵਿਧਾਨ ਸਭਾ ਦੇ ਸਾਬਕਾ ਸਪੀਕਰ ਡਾ. ਨਿਰਮਲ ਸਿੰਘ ਨੂੰ ਟਿਕਟ ਨਹੀਂ ਮਿਲਿਆ ਹੈ। ਨਿਰਮਲ ਸਿੰਘ ਨੇ 2014 'ਚ ਬਿਲਾਵਰ ਵਿਧਾਨ ਸਭਾ ਸੀਟ ਤੋਂ ਜਿੱਤ ਹਾਸਲ ਕੀਤੀ ਸੀ। ਭਾਜਪਾ ਨੇ ਕਸ਼ਮੀਰ ਘਾਟੀ ਦੀਆਂ 2 ਸੀਟਾਂ ਤੋਂ ਕਸ਼ਮੀਰੀ ਪੰਡਤਾਂ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਸ਼ੰਗਸ-ਅਨੰਤਨਾਗ ਪੂਰਬ ਤੋਂ ਵੀਰ ਸਰਾਫ਼ ਅਤੇ ਹੱਬਾਕਦਲ ਤੋਂ ਅਸ਼ੋਕ ਭੱਟ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਦੱਸਣਯੋਗ ਹੈ ਕਿ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਐਤਵਾਰ ਨੂੰ ਨਵੀਂ ਦਿੱਲੀ 'ਚ ਭਾਜਪਾ ਦੀ ਕੇਂਦਰੀ ਚੋਣ ਕਮੇਟੀ ਦੀ



ਬੈਠਕ ਹੋਈ ਸੀ। ਇਸ ਬੈਠਕ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਸਮੇਤ ਕਈ ਸੀਨੀਅਰ ਆਗੂ ਸ਼ਾਮਲ ਹੋਏ ਸਨ।

ਦੱਸ ਦੇਈਏ ਕਿ ਰਾਜ ਦੀਆਂ 90 ਵਿਧਾਨ ਸਭਾ ਸੀਟਾਂ 'ਤੇ ਵੋਟਿੰਗ ਲਈ ਚੋਣ ਕਮਿਸ਼ਨ ਨੇ ਚੋਣ ਤਾਰੀਖ਼ਾਂ ਦਾ ਐਲਾਨ ਕਰ ਦਿੱਤਾ ਹੈ। ਜੰਮੂ ਕਸ਼ਮੀਰ 'ਚ 18 ਸਤੰਬਰ 25 ਸਤੰਬਰ ਅਤੇ ਇਕ ਅਕਤੂਬਰ ਨੂੰ ਵੋਟਿੰਗ ਹੋਵੇਗੀ। ਵਿਧਾਨ ਸਭਾ ਚੋਣਾਂ ਦੇ ਨਤੀਜੇ 4 ਅਕਤੂਬਰ ਨੂੰ ਆਉਣਗੇ। ਪਹਿਲੇ ਪੜਾਅ 'ਚ 24 ਸੀਟਾਂ, ਦੂਜੇ ਪੜਾਅ 'ਚ 26 ਸੀਟਾਂ ਅਤੇ ਤੀਜੇ ਪੜਾਅ 'ਚ 40 ਸੀਟਾਂ 'ਤੇ ਵੋਟਿੰਗ ਹੋਣੀ ਹੈ।

# ਦਿੱਲੀ ਆਬਕਾਰੀ ਘਪਲਾ: ਸੀ.ਬੀ.ਆਈ. ਨੂੰ ਕੇਜਰੀਵਾਲ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਮਿਲੀ

**ਨਵੀਂ ਦਿੱਲੀ, (ਪੰਜਾਬ ਮੇਲ)**- ਸੀ.ਬੀ.ਆਈ. ਨੇ ਦਿੱਲੀ ਦੀ ਅਦਾਲਤ ਨੂੰ ਸੂਚਿਤ ਕੀਤਾ ਕਿ ਉਸ ਨੇ ਕਥਿਤ ਆਬਕਾਰੀ ਘਪਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਦੁਰਗੇਸ਼ ਪਾਠਕ ਵਿਰੁੱਧ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਹਾਸਲ ਕਰ ਲਈ ਹੈ। ਇਹ ਜਾਣਕਾਰੀ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਦੀ ਅਦਾਲਤ ਨੂੰ ਦਿੱਤੀ ਗਈ, ਜਿਸ ਨੇ ਕੇਸ ਦੀ ਸੁਣਵਾਈ 27 ਅਗਸਤ ਨੂੰ ਕਰਨੀ

**■ ਸੀ.ਬੀ.ਆਈ. ਨੇ ਦਿੱਲੀ ਅਦਾਲਤ ਨੂੰ ਕੀਤਾ ਸੂਚਿਤ**

ਹੈ। ਇਸ ਮਾਮਲੇ 'ਚ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਦੀ ਮਿਆਦ 27 ਅਗਸਤ ਨੂੰ ਖਤਮ ਹੋਣ ਜਾ ਰਹੀ ਹੈ। ਅਦਾਲਤ ਨੇ 12 ਅਗਸਤ ਨੂੰ ਸੀ.ਬੀ.ਆਈ. ਨੂੰ ਇਸ ਮਾਮਲੇ ਵਿਚ ਕੇਜਰੀਵਾਲ ਅਤੇ ਪਾਠਕ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਲੋੜੀਂਦੀ ਮਨਜ਼ੂਰੀ ਲੈਣ ਲਈ 15 ਦਿਨਾਂ ਦਾ ਸਮਾਂ ਦਿੱਤਾ ਸੀ।



# ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਤੋਂ ਪਹਿਲਾਂ ਮੁੱਖ ਮੰਤਰੀ ਨੇ ਸੱਦੀ ਕੈਬਨਿਟ ਮੀਟਿੰਗ

**ਚੰਡੀਗੜ੍ਹ, (ਪੰਜਾਬ ਮੇਲ)**- ਵਿਧਾਨ ਸਭਾ ਦਾ ਮਾਨਸੂਨ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ 29 ਅਗਸਤ ਨੂੰ ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ ਬੁਲਾਈ ਹੈ।

ਇਹ ਮੀਟਿੰਗ ਵੀਰਵਾਰ ਸਵੇਰੇ 11 ਵਜੇ ਪੰਜਾਬ ਸਕੱਤਰੇਤ 'ਚ ਹੋਵੇਗੀ, ਜਿਸ 'ਚ ਪੰਜਾਬ ਦੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਜਾ ਸਕਦੀ ਹੈ ਤੇ ਕਈ ਅਹਿਮ ਫ਼ੈਸਲਿਆਂ ਨੂੰ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਵਿਧਾਨ ਸਭਾ ਦਾ ਮਾਨਸੂਨ ਸੈਸ਼ਨ 2 ਸਤੰਬਰ ਤੋਂ 4 ਸਤੰਬਰ ਤੱਕ ਚੱਲੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਅਮਰੀਕਨ ਵੀਜ਼ੇ ਲਈ ਕੈਨੇਡੀਅਨ ਲੋਕਾਂ ਲਈ ਉਡੀਕ ਹੋਈ ਲੰਮੀ

- ਕੈਨੇਡਾ ਵਾਸੀਆਂ ਨੂੰ ਅਪੁਆਇੰਟਮੈਂਟ ਲਈ ਕਰਨਾ ਪੈ ਰਿਹੈ ਲੰਮਾ ਇੰਤਜ਼ਾਰ
- ਪਰਮਾਨੈਂਟ ਰੈਜ਼ੀਡੈਂਟਸ, ਕੌਮਾਂਤਰੀ ਵਿਦਿਆਰਥੀਆਂ ਤੇ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਲੈਣਾ ਲਾਜ਼ਮੀ

**ਟੋਰਾਂਟੋ, (ਪੰਜਾਬ ਮੇਲ)-** ਅਮਰੀਕਾ ਦੇ ਵੀਜ਼ੇ ਲਈ ਜਿੱਥੇ ਭਾਰਤੀ ਲੋਕਾਂ ਨੂੰ ਇਕ ਸਾਲ ਤੋਂ ਵੱਧ ਉਡੀਕ ਕਰਨੀ ਪੈ ਰਹੀ ਹੈ, ਉੱਥੇ ਹੀ ਅਮਰੀਕਾ ਦੇ ਗੁਆਂਢੀ ਕੈਨੇਡਾ ਵਾਸੀਆਂ ਦਾ ਉਡੀਕ ਸਮਾਂ 2 ਸਾਲ ਤੋਂ ਉਪਰ ਚੱਲ ਰਿਹਾ ਹੈ। ਬੀ-1 ਅਤੇ ਬੀ-2 ਵਜੋਂ ਜਾਣੇ ਜਾਂਦੇ ਵਿਜ਼ਟਰ ਵੀਜ਼ਾ ਲਈ ਟੋਰਾਂਟੋ ਵਾਸੀਆਂ ਨੂੰ ਅਪੁਆਇੰਟਮੈਂਟ ਲਈ 753 ਦਿਨ ਉਡੀਕ ਕਰਨੀ ਪੈ ਰਹੀ ਹੈ, ਜਦਕਿ ਵੈਨਕੂਵਰ ਵਿਖੇ ਇਹ ਸਮਾਂ 731, ਓਟਾਵਾ ਵਿਖੇ 850 ਦਿਨ, ਹੈਲੀਫੈਕਸ ਵਿਖੇ 840 ਦਿਨ ਅਤੇ ਕੈਲਗਰੀ ਵਿਖੇ 839 ਦਿਨ ਉਡੀਕ ਕਰਨੀ ਪੈ ਰਹੀ ਹੈ। ਇੱਥੇ ਦੱਸ ਦਈਏ ਕਿ ਕੈਨੇਡੀਅਨ ਨਾਗਰਿਕਾਂ ਨੂੰ ਅਮਰੀਕਾ ਜਾਣ ਲਈ ਵੀਜ਼ੇ ਦੀ ਜ਼ਰੂਰਤ ਨਹੀਂ ਪਰ ਪਰਮਾਨੈਂਟ ਰੈਜ਼ੀਡੈਂਟਸ, ਕੌਮਾਂਤਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਲਾਜ਼ਮੀ ਹੈ।

ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਭਾਰਤ ਅਤੇ ਮੈਕਸੀਕੋ ਵਰਗੇ ਮੁਲਕਾਂ ਵਿਚ ਯੂ.ਐੱਸ. ਵੀਜ਼ਾ ਲਈ ਉਡੀਕ ਸਮਾਂ ਘੱਟ ਰਿਹਾ ਹੈ ਪਰ ਕੈਨੇਡਾ ਵਾਲਿਆਂ ਦਾ ਉਡੀਕ ਸਮਾਂ ਵਧਦਾ ਜਾ ਰਿਹਾ ਹੈ। ਅਗਸਤ ਦੇ ਆਰੰਭ ਵਿਚ ਟੋਰਾਂਟੋ ਦਾ ਉਡੀਕ ਸਮਾਂ 900 ਦਿਨ ਚੱਲ ਰਿਹਾ ਸੀ। ਨਵੰਬਰ 2022 ਵਿਚ 464 ਦਿਨ ਦੇ ਔਸਤ ਉਡੀਕ ਸਮੇਂ ਨਾਲ ਟੋਰਾਂਟੋ ਨੂੰ ਦੁਨੀਆਂ ਭਰ ਵਿਚ 23ਵੇਂ ਸਥਾਨ 'ਤੇ ਰੱਖਿਆ ਗਿਆ ਅਤੇ ਕੈਲਗਰੀ 371 ਦਿਨ ਦੀ ਉਡੀਕ ਨਾਲ 30ਵੇਂ ਸਥਾਨ 'ਤੇ ਰਿਹਾ। ਇਸ ਵੇਲੇ ਅਮਰੀਕਾ ਦੇ ਵਿਜ਼ਟਰ ਵੀਜ਼ਾ ਲਈ ਕੌਮਾਂਤਰੀ ਪੱਧਰ 'ਤੇ ਉਡੀਕ ਸਮਾਂ 151 ਦਿਨ ਹੈ ਪਰ ਕੈਨੇਡੀਅਨਜ਼ ਲਈ ਔਸਤ ਉਡੀਕ ਸਮਾਂ 810 ਦਿਨ ਚੱਲ ਰਿਹਾ ਹੈ। ਉਡੀਕ ਸਮਾਂ ਬਹੁਤ ਜ਼ਿਆਦਾ ਹੋਣ ਕਾਰਨ ਠੱਗੀ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ ਅਤੇ ਅਮਰੀਕੀ ਅਧਿਕਾਰੀਆਂ ਵੱਲੋਂ ਕੈਨੇਡਾ ਵਾਸੀਆਂ ਨੂੰ ਅਜਿਹੇ ਠੱਗਾਂ ਤੋਂ ਸੁਚੇਤ ਰਹਿਣ ਲਈ ਆਖਿਆ ਗਿਆ ਹੈ, ਜੋ ਪੈਸੇ ਦੇ ਕੇ ਜਲਦ ਅਪੁਆਇੰਟਮੈਂਟ ਦਿਵਾਉਣ ਦਾ ਲਾਰਾ ਲਾਉਂਦੇ ਹਨ।

ਹੈਰਾਨੀ ਇਸ ਗੱਲ ਦੀ ਹੈ ਕਿ ਚੀਨ ਵਰਗੇ ਮੁਲਕ 'ਚ ਵੀਜ਼ਾ ਇੰਟਰਵਿਊ ਲਈ ਸਿਰਫ 40 ਦਿਨ ਦੀ ਉਡੀਕ ਕਰਨੀ ਪੈਂਦੀ ਹੈ। ਦੁਨੀਆਂ ਭਰ ਵਿਚ ਅਮਰੀਕਾ ਦੇ 109 ਵੀਜ਼ਾ ਕੇਂਦਰ 'ਤੇ ਉਡੀਕ ਸਮੇਂ ਵਿਚ ਕਮੀ ਆਈ ਹੈ, ਜਦਕਿ 84 ਥਾਵਾਂ 'ਤੇ ਇਸ ਵਿਚ ਵਾਧਾ ਹੋਇਆ ਹੈ। 2023 ਵਿਚ ਓਟਾਵਾ ਸਥਿਤ ਯੂ.ਐੱਸ. ਅੰਬੈਸੀ ਅਤੇ ਵੱਖ-ਵੱਖ ਕੌਂਸਲੇਟਸ ਵੱਲੋਂ 2 ਲੱਖ 30 ਹਜ਼ਾਰ ਕੈਨੇਡੀਅਨਜ਼ ਨੂੰ ਵਿਜ਼ਟਰ ਵੀਜ਼ੇ ਦਿੱਤੇ ਗਏ। 2021 ਦੀ ਮਰਦਮਸ਼ੁਮਾਰੀ ਮੁਤਾਬਕ 31 ਲੱਖ ਕੈਨੇਡਾ ਵਾਸੀਆਂ ਕੋਲ ਸਿਟੀਜ਼ਨਸ਼ਿਪ ਨਹੀਂ, ਜਿਨ੍ਹਾਂ ਵਿਚੋਂ 22 ਲੱਖ ਪਰਮਾਨੈਂਟ ਰੈਜ਼ੀਡੈਂਟ ਹਨ। ਆਸਟ੍ਰੇਲੀਆ, ਇਜ਼ਰਾਈਲ ਅਤੇ ਯੂਰਪ ਦੇ ਕਈ ਮੁਲਕਾਂ ਨਾਲ ਸਬੰਧਤ ਕੈਨੇਡੀਅਨਜ਼ ਨੂੰ ਪੀ.ਆਰ. ਹੋਣ 'ਤੇ ਵੀ ਵੀਜ਼ੇ ਦੀ ਜ਼ਰੂਰਤ ਨਹੀਂ ਪਰ ਭਾਰਤ, ਚੀਨ, ਮੈਕਸੀਕੋ ਅਤੇ ਅਫਰੀਕੀ ਮੁਲਕਾਂ ਨਾਲ ਸਬੰਧਤ ਲੋਕ ਵੀਜ਼ਾ ਤੋਂ ਬਗੈਰ ਕੈਨੇਡਾ ਤੋਂ ਅਮਰੀਕਾ ਨਹੀਂ ਜਾ ਸਕਦੇ। ਯੂ.ਐੱਸ. ਅੰਬੈਸੀ ਜਾਂ ਕੈਨੇਡਾ ਦੇ ਵੱਖ ਵੱਖ ਕੌਂਸਲੇਟਸ ਕੋਲ ਬਕਾਇਆ ਵੀਜ਼ਾ ਅਰਜ਼ੀਆਂ ਦੀ ਗਿਣਤੀ ਬਾਰੇ ਪਤਾ ਨਹੀਂ ਲੱਗ ਸਕਿਆ ਅਤੇ ਇਮੀਗ੍ਰੇਸ਼ਨ ਅਫਸਰਾਂ ਦਾ ਕਹਿਣਾ ਹੈ ਕਿ ਸੁਰੱਖਿਆ ਜਾਂਚ ਉਡੀਕ ਸਮੇਂ ਨੂੰ ਪ੍ਰਭਾਵਤ ਕਰ ਰਹੀ ਹੈ। ਅਮਰੀਕਾ ਦੇ ਇਮੀਗ੍ਰੇਸ਼ਨ ਵਕੀਲ ਗ੍ਰੈਗ ਬੂਜ਼ ਦਾ ਕਹਿਣਾ ਸੀ ਕਿ ਯੂ.ਐੱਸ. ਅੰਬੈਸੀ ਅਤੇ ਕੌਂਸਲੇਟਸ ਵਿਚ ਸਟਾਫ ਦੀ ਕਮੀ ਕਾਰਨ ਕੈਨੇਡਾ ਵਾਲਿਆਂ ਨੂੰ ਲੰਮੀ ਉਡੀਕ ਕਰਨੀ ਪੈ ਰਹੀ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਅਮਰੀਕਾ ਸਰਕਾਰ ਵੀਜ਼ੇ ਦੀਆਂ ਕੁਝ ਸ਼੍ਰੇਣੀਆਂ ਲਈ ਇੰਟਰਵਿਊ ਛੋਟ ਵਧਾ ਕੇ ਅਤੇ ਨਵੇਂ ਸਟਾਫ ਦੀ ਭਰਤੀ ਕਰ ਕੇ ਵੀਜ਼ਾ ਉਡੀਕ ਸਮਾਂ ਘਟਾ ਸਕਦੀ ਹੈ।

# ਅਮਰੀਕਾ-ਮੈਕਸੀਕੋ ਸਰਹੱਦ 'ਤੇ 2 ਟਨ ਡਰੱਗ ਫੜਿਆ

- ਹਦਵਾਣਿਆਂ ਦੀ ਸ਼ਕਲ 'ਚ ਬਣਾਏ ਸਨ ਪੈਕਟ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ-ਮੈਕਸੀਕੋ ਸਰਹੱਦ ਉਪਰ ਇਕ ਟਰੱਕ ਵਿਚੋਂ 2 ਟਨ ਡਰੱਗ (ਮੈਥੰਫੈਟਾਮਾਈਨ) ਬਰਾਮਦ ਹੋਣ ਦੀ ਖਬਰ ਹੈ। ਇਹ ਟਰੱਕ ਮੈਕਸੀਕੋ ਤੋਂ ਅਮਰੀਕਾ 'ਚ ਦਾਖਲ ਹੋਇਆ ਸੀ। ਟਰੱਕ ਦੇ 29 ਸਾਲਾ ਡਰਾਈਵਰ ਨੂੰ ਹੋਰ ਜਾਂਚ ਲਈ ਗ੍ਰਿਫਤਾਰ ਕਰਕੇ ਹੋਮਲੈਂਡ ਸਕਿਉਰਿਟੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਡਰੱਗ ਹਦਵਾਣਿਆਂ ਦੀ ਸ਼ਕਲ ਦੇ ਬਣਾਏ 1220 ਪੈਕਟਾਂ ਵਿਚ ਬੰਦ ਸੀ। ਯੂ.ਐੱਸ. ਕਸਟਮਜ ਐਂਡ ਬਾਰਡਰ ਪੈਟਰੋਲ ਪ੍ਰੋਟੈਕਸ਼ਨ ਅਨੁਸਾਰ ਇਹ ਬਰਾਮਦਗੀ ਸੈਨ ਡਿਆਗੋ ਵਿਚ ਓਟੇ ਮੈਸਾ ਪੋਰਟ ਆਫ ਐਂਟਰੀ ਕਮਰਸ਼ੀਅਲ ਫੈਸਿਲਟੀ ਵਿਖੇ ਹੋਈ ਹੈ। ਬਰਾਮਦ ਡਰੱਗ ਦੀ ਕੁੱਲ ਕੀਮਤ 5 ਮਿਲੀਅਨ ਡਾਲਰ ਤੋਂ ਵਧ ਹੈ। ਟਰੱਕ ਜਦੋਂ ਅਮਰੀਕਾ ਵਿਚ ਦਾਖਲ ਹੋਣ ਲਈ ਪਹੁੰਚਿਆ, ਤਾਂ ਉਸ ਨੂੰ ਜਾਂਚ ਲਈ ਰੋਕ ਲਿਆ ਗਿਆ। ਟਰੱਕ ਵਿਚ ਲੱਦੇ ਹਦਵਾਣਿਆਂ ਨੂੰ ਲਾਹਿਆ ਗਿਆ ਤੇ ਜਾਂਚ ਉਪਰੰਤ ਪਤਾ ਲੱਗਾ ਕਿ ਇਹ ਹਦਵਾਣੇ ਨਹੀਂ ਹਨ, ਬਲਕਿ ਡਰੱਗ ਦੇ ਪੈਕਟ ਹਨ।



ਅਮਰੀਕਾ-ਮੈਕਸੀਕੋ ਸਰਹੱਦ 'ਤੇ ਫੜੇ ਡਰੱਗ ਦੇ ਪੈਕਟ।

# ਆਸਟ੍ਰੇਲੀਆ ਵੱਲੋਂ ਵੀ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਯਤਨ ਸ਼ੁਰੂ

- 2025 'ਚ 2 ਲੱਖ 70 ਹਜ਼ਾਰ ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਨੂੰ ਨਹੀਂ ਮਿਲੇਗਾ ਵੀਜ਼ਾ
- ਆਸਟ੍ਰੇਲੀਆ ਦੀਆਂ ਵੱਡੀਆਂ ਯੂਨੀਵਰਸਿਟੀਆਂ ਵੱਲੋਂ ਫ਼ੈਸਲੇ ਦਾ ਵਿਰੋਧ

**ਜਲੰਧਰ, (ਪੰਜਾਬ ਮੇਲ)-** ਬ੍ਰਿਟੇਨ ਅਤੇ ਕੈਨੇਡਾ ਵਾਂਗ ਆਸਟ੍ਰੇਲੀਆ ਨੇ ਵੀ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਆਸਟ੍ਰੇਲੀਆ ਨੇ ਕਿਹਾ ਹੈ ਕਿ 2025 'ਚ 2 ਲੱਖ 70 ਹਜ਼ਾਰ ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ਾ ਨਹੀਂ ਦਿੱਤਾ ਜਾਵੇਗਾ। ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਆਸਟ੍ਰੇਲੀਆ ਦੇ ਇਸ ਫ਼ੈਸਲੇ ਨਾਲ ਚੀਨ ਅਤੇ ਭਾਰਤ ਦੇ ਵਿਦਿਆਰਥੀ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣਗੇ। ਇਥੇ ਪੜ੍ਹਣ ਵਾਲੇ 21 ਫ਼ੀਸਦੀ ਵਿਦਿਆਰਥੀ ਚੀਨ ਤੋਂ ਆਉਂਦੇ ਹਨ। ਉਸ ਤੋਂ ਬਾਅਦ ਭਾਰਤ (16 ਫ਼ੀਸਦੀ), ਨੇਪਾਲ (8 ਫ਼ੀਸਦੀ), ਫਿਲੀਪੀਨਜ਼ (5 ਫ਼ੀਸਦੀ) ਅਤੇ ਵੀਅਤਨਾਮ ਤੋਂ 5 ਫ਼ੀਸਦੀ ਵਿਦਿਆਰਥੀ ਆਸਟ੍ਰੇਲੀਆ ਆਉਂਦੇ ਹਨ।

ਸਿੱਖਿਆ ਮੰਤਰੀ ਜੇਸਨ ਕਲੇਅਰ ਨੇ ਕਿਹਾ ਹੈ ਕਿ ਅੱਜ ਸਾਡੀਆਂ ਯੂਨੀਵਰਸਿਟੀਆਂ 'ਚ ਕੋਵਿਡ ਮਹਾਮਾਰੀ ਤੋਂ ਪਹਿਲਾਂ ਦੇ ਮੁਕਾਬਲੇ 10 ਫੀਸਦੀ ਜ਼ਿਆਦਾ ਅੰਤਰਰਾਸ਼ਟਰੀ ਵਿਦਿਆਰਥੀ ਹਨ, ਜਦਕਿ ਨਿੱਜੀ ਕਿੱਤਾਮੁਖੀ ਅਤੇ ਸਿਖਲਾਈ ਸੰਸਥਾਵਾਂ 'ਚ ਉਨ੍ਹਾਂ ਦੀ ਗਿਣਤੀ ਲਗਭਗ 50 ਫ਼ੀਸਦੀ ਤੋਂ ਵੱਧ ਹੈ।

ਉਨ੍ਹਾਂ ਕਿਹਾ ਕਿ ਨਵੀਂ ਹੱਦ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਯੂਨੀਵਰਸਿਟੀਆਂ ਲਈ 145,000 ਅਤੇ ਪ੍ਰੈਕਟੀਕਲ ਅਤੇ ਹੁਨਰ-ਅਧਾਰਿਤ ਕੋਰਸਾਂ ਲਈ 95,000 ਤੱਕ ਸੀਮਤ ਕੀਤੀ ਜਾਵੇਗੀ, ਜੋ ਕਰੀਬ 2023 ਦੇ ਪੱਧਰ ਦੇ ਨੇੜੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਯੂਨੀਵਰਸਿਟੀਆਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਦਾਖਲਾ ਹੱਦਾਂ ਬਾਰੇ ਸੂਚਿਤ ਕਰੇਗੀ। ਹਾਲਾਂਕਿ ਯੂਨੀਵਰਸਿਟੀਆਂ ਨੇ ਇਸ ਫ਼ੈਸਲੇ ਦਾ ਵਿਰੋਧ ਕੀਤਾ ਹੈ। ਵੱਡੀਆਂ ਯੂਨੀਵਰਸਿਟੀਆਂ ਦੀ ਐਸੋਸੀਏਸ਼ਨ 'ਯੂਨੀਵਰਸਿਟੀਜ਼ ਆਸਟ੍ਰੇਲੀਆ' ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਸੈਕਟਰ 'ਤੇ ਹੈਂਡ ਬ੍ਰੇਕ ਲਗਾਉਣ ਵਾਂਗ ਹੋਵੇਗਾ। ਯੂਨੀਵਰਸਿਟੀਜ਼ ਆਸਟ੍ਰੇਲੀਆ ਦੇ ਮੁਖੀ ਪ੍ਰੋਫੈਸਰ ਡੇਵਿਡ ਲੋਇਡ ਨੇ ਇਕ ਬਿਆਨ 'ਚ ਕਿਹਾ ਕਿ ਅਸੀਂ ਪ੍ਰਵਾਸੀਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਦੇ ਸਰਕਾਰ ਦੇ ਅਧਿਕਾਰ ਨੂੰ ਸਵੀਕਾਰ ਕਰਦੇ ਹਾਂ ਪਰ ਅਜਿਹਾ ਕਿਸੇ ਇਕ ਖੇਤਰ, ਖਾਸ ਤੌਰ 'ਤੇ ਸਿੱਖਿਆ ਵਰਗੇ ਖੇਤਰ ਦੀ ਕੀਮਤ 'ਤੇ ਨਹੀਂ ਕੀਤਾ ਜਾਣਾ ਚਾਹੀਦਾ ਹੈ, ਜੋ ਆਰਥਿਕ ਤੌਰ 'ਤੇ ਮਹੱਤਵਪੂਰਨ ਹੈ।





## 3 ਸਤੰਬਰ ਨੂੰ ਜਨਮ ਦਿਨ 'ਤੇ ਵਿਸ਼ੇਸ਼

# ਪਾਕਿਸਤਾਨ ਵਿਚ ਪੰਜਾਬੀ ਬੋਲੀ ਦੇ ਝੰਡਾਬਰਦਾਰ 'ਉਸਤਾਦ ਦਾਮਨ'

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਕੁਝ ਪੰਜਾਬੀ ਵਿਦਵਾਨ ਸ਼ੰਕੇ ਖੜ੍ਹੇ ਕਰ ਰਹੇ ਹਨ ਕਿ ਪੰਜਾਬੀ ਬੋਲੀ ਅਗਲੇ 50 ਸਾਲਾਂ ਵਿਚ ਖ਼ਤਮ ਹੋ ਜਾਵੇਗੀ। ਇਹ ਖ਼ਬਰਾਂ ਕਈ ਵਾਰ ਅਖ਼ਬਾਰਾਂ ਦੀਆਂ ਸੁਰਖੀਆਂ ਵੀ ਬਣਦੀਆਂ ਹਨ। ਉਹ ਬੋਲੀ ਕਦੀਂ ਵੀ ਖ਼ਤਮ ਨਹੀਂ ਹੋ ਸਕਦੀ, ਜਿਹੜੀ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੀ ਹੋਈ ਹੋਵੇ। ਪੰਜਾਬੀ ਬੋਲੀ ਜਿਸ ਦਾ ਸੰਬੰਧ ਗੁਰੂਆਂ, ਪੀਰਾਂ ਅਤੇ ਧਾਰਮਿਕ ਭਾਵਨਾਵਾਂ ਨਾਲ ਸੰਬੰਧ ਰੱਖਦੀ ਹੋਵੇ, ਉਸ ਦੇ ਖ਼ਤਮ ਹੋਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਪ੍ਰੰਤੂ ਹੋ ਸਕਦਾ ਸਮੇਂ ਦੇ ਬੀਤਣ ਨਾਲ ਉਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਘੱਟ ਜਾਵੇ। ਪੰਜਾਬੀ ਤਾਂ ਸੰਸਾਰ ਵਿਚ ਫ਼ੈਲੇ ਹੋਏ ਹਨ, ਉਥੇ ਵੀ ਗੁਰੂ ਘਰਾਂ ਵਿਚ ਪਰਵਾਸ ਵਿਚ ਪੈਦਾ ਹੋਏ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਹੈ। ਪਾਕਿਸਤਾਨ ਵਿਚ ਵੀ ਅੱਜਕੱਲ੍ਹ ਪੰਜਾਬੀ ਦੇ ਅਲੰਬਰਦਾਰ ਉਥੇ ਦੇ ਬਸ਼ਿੰਦਿਆਂ ਨੂੰ ਪੰਜਾਬੀ ਬੋਲਣ ਤੇ ਪੰਜਾਬੀ ਪਹਿਰਾਵਾ ਪਾਉਣ ਦੀ ਮੁਹਿੰਮ ਚਲਾ ਰਹੇ ਹਨ। ਦੇਸ਼ ਨੂੰ ਆਜ਼ਾਦ ਕਰਨ ਸਮੇਂ ਗੋਰਿਆਂ ਨੇ ਭਾਰਤੀਆਂ ਨੂੰ ਦੋ ਹਿੱਸਿਆਂ ਵਿਚ ਵੰਡਕੇ ਪਾਕਿਸਤਾਨ ਵੱਖਰਾ ਦੇਸ਼ ਬਣਾ ਦਿੱਤਾ। ਦੋਹਾਂ ਦੇਸ਼ਾਂ ਦੇ ਸਿਆਸੀ ਨੇਤਾਵਾਂ ਦੀ ਕਾਰਗੁਜ਼ਾਰੀ ਵੀ ਚੰਗੀ ਨਹੀਂ ਰਹੀ। ਅਜਿਹੀ ਆਜ਼ਾਦੀ ਨੂੰ ਇਨਸਾਨੀਅਤ ਦੀ ਬਰਬਾਦੀ ਕਿਹਾ ਜਾ ਸਕਦਾ ਹੈ ਕਿਉਂਕਿ ਅਣਗਿਣਤ ਬੇਕਸੂਰ ਇਨਸਾਨਾਂ ਦੇ ਕਤਲਾਂ ਨੇ ਆਜ਼ਾਦੀ ਨੂੰ ਦਾਗ਼ਦਾਰ ਕਰ ਦਿੱਤਾ ਸੀ। ਨਹੁੰ-ਮਾਸ ਦੇ ਰਿਸ਼ਤੇ ਖੇਰੂੰ-ਖੇਰੂੰ ਹੋ ਗਏ ਸਨ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਦੇ ਸਾਹਿਤਕਾਰਾਂ ਨੇ ਖ਼ੂਨੀ ਬਿਰਤਾਂਤ ਲਿਖਿਆ ਸੀ। ਲਹਿੰਦੇ ਪੰਜਾਬ ਤੋਂ ਭਾਰਤ ਵਿਚ ਆਈ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਦੇਸ਼ ਦੀ ਵੰਡ ਬਾਰੇ ਬਹੁਤ ਹੀ ਭਾਵਨਾਤਮਕ ਕਵਿਤਾ ਲਿਖਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਦੂਜੇ ਪਾਸੇ ਪਾਕਿਸਤਾਨ ਜਾ ਕੇ ਵਸੇ ਲੋਕ ਕਵੀ ਉਸਤਾਦ ਦਾਮਨ ਨੇ ਮਨੁੱਖਤਾ ਦੇ ਕਤਲਾਂ ਨੂੰ ਇਨਸਾਨੀਅਤ ਦਾ ਘਾਣ ਦੱਸਦਿਆਂ ਆਪਣੀਆਂ ਭਾਵਪੂਰਤ ਕਵਿਤਾਵਾਂ ਵਿਚ ਸਰਲ ਤੇ ਸਾਦੀ ਬੋਲੀ ਵਿਚ ਲਿਖਿਆ ਸੀ। ਉਸਤਾਦ ਦਾਮਨ ਜਿਨ੍ਹਾਂ ਦਾ ਨਾਮ ਚਿਰਾਗ ਦੀਨ ਸੀ, ਉਨ੍ਹਾਂ ਨੇ ਆਪਣੇ ਨਾਮ ਨੂੰ ਪੰਜਾਬੀ ਦਾ ਝੰਡਾਬਰਦਾਰ ਬਣਨ ਦਾ ਮਾਣ ਦਿੱਤਾ। ਚਿਰਾਗ ਰੌਸ਼ਨੀ ਦੇਣ ਵਾਲੇ ਦੀਵੇ ਦਾ ਪਵਿੱਤਰ ਨਾਮ ਗਿਣਿਆ ਜਾਂਦਾ ਹੈ। ਉਸਤਾਦ ਦਾਮਨ ਨੂੰ ਪੰਜਾਬੀ ਬੋਲੀ ਦੇ ਨਾਲ ਅਥਾਹ ਪਿਆਰ ਅਤੇ ਸਤਿਕਾਰ ਸੀ। ਭੂਗੋਲਿਕ ਵੰਡ ਪੰਜਾਬੀਆਂ ਦੀ ਵਿਰਾਸਤ ਬੋਲੀ, ਪਹਿਰਾਵਾ, ਰਸਮੋ-ਰਿਵਾਜ਼, ਹਵਾ-ਪਾਣੀ, ਸੱਭਿਅਤਾ ਅਤੇ ਸੱਭਿਆਚਾਰ ਦੀਆਂ ਵੰਡੀਆਂ ਨਾ ਪਾ ਸਕੀ। ਪੰਜਾਬੀ ਭਾਵੇਂ ਦੋ ਖਿਤਿਆਂ ਵਿਚ ਵੰਡੇ ਜਾ ਚੁੱਕੇ ਸਨ ਪ੍ਰੰਤੂ ਉਨ੍ਹਾਂ ਦੀਆਂ ਭਾਵਨਾਵਾਂ ਆਪਣੀ ਮਾਤਭੂਮੀ ਲਈ ਭੱਟਕ ਰਹੀਆਂ ਸਨ। ਉਹ ਮਾਨਸਿਕ ਅਤੇ ਆਤਮਿਕ ਤੌਰ 'ਤੇ ਮਾਖਿਓਂ ਮਿੱਠੀ ਪੰਜਾਬੀ ਭਾਸ਼ਾ ਨਾਲ ਓਤਪੋਤ ਸਨ। ਲਹਿੰਦੇ ਪੰਜਾਬ ਦੇ ਲੋਕ ਕਵੀਆਂ ਵਿਚੋਂ ਚਿਰਾਗ ਦੀਨ ਦਾਮਨ ਨੂੰ ਦੇਸ਼ ਦੀ ਵੰਡ ਦੀ ਚੀਸ ਹਮੇਸ਼ਾ ਰੜਕਦੀ ਰਹੀ। ਇਸ ਕਰਕੇ ਉਹ ਦੇਸ਼ ਦੀ ਵੰਡ ਤੋਂ ਬਾਅਦ ਵੀ ਭਾਰਤ ਵਿਚ ਹੋਣ ਵਾਲੇ ਕਵੀ ਦਰਬਾਰਾਂ ਦਾ ਸ਼ਿੰਗਾਰ ਬਣਦਾ ਰਿਹਾ। ਦੇਸ ਦੀ ਵੰਡ ਸੰਬੰਧੀ ਉਸ ਨੇ ਬੜੀਆਂ ਹੀ ਦਿਲ ਨੂੰ ਕੁਰੇਦਣ ਤੇ ਟੁੰਬਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ, ਜਿਹੜੀਆਂ ਰਹਿੰਦੀ ਦੁਨੀਆਂ ਤੱਕ ਤਰੋਤਾਜ਼ਾ ਰਹਿਣਗੀਆਂ। ਉਸਤਾਦ ਦਾਮਨ ਵਰਗੇ ਸਿਰੜੀ ਪੰਜਾਬੀ ਭਾਸ਼ਾ 'ਤੇ ਪਹਿਰਾ ਦਿੰਦੇ ਰਹਿਣਗੇ, ਤਾਂ ਇਹ ਬੋਲੀ ਕਦੀਂ ਵੀ ਖਤਮ ਨਹੀਂ ਹੋ ਸਕਦੀ। ਗੂੜ੍ਹੀ ਸ਼ਬਦਾਵਲੀ ਦੀ ਥਾਂ ਅਜਿਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਹੜੀ ਸੌਖਿਆਂ ਹੀ ਲੋਕਾਂ ਦੇ ਪੱਲੇ ਪੈ ਜਾਵੇ ਅਤੇ ਉਸਦੀ ਸਾਰਥਿਕਤਾ ਦਾ ਪਤਾ ਲੱਗੇ। ਵੇਖੋ ਸਬਜ਼ੀ ਦੀ ਸਫਾਈ ਰੱਖਣ ਬਾਰੇ ਉਸਤਾਦ ਦਾਮਨ ਕਿੰਨੀ ਸਰਲ ਸ਼ਬਦਾਵਲੀ ਵਰਤਦਾ ਹੈ:-

"ਸਬਜ਼ੀ ਲਿਆਓ ਭੱਜ ਕੇ, ਖਾਓ ਸਾਰੇ ਰੱਜ ਕੇ,
ਬਾਕੀ ਰੱਖੋ ਕੱਜ ਕੇ।"

ਕਵਿਤਾ ਪੜ੍ਹਨ 'ਤੇ ਇਉਂ ਲੱਗਦਾ ਹੈ ਕਿ ਜਿਵੇਂ ਹਲਕੀ-ਫੁਲਕੀ ਜਿਹੀ ਹੈ ਪ੍ਰੰਤੂ ਨੀਝ ਲਾ ਕੇ ਸਮਝੋ ਕਿ ਸਰਲ ਸ਼ਬਦਾਂ ਵਿਚ ਕਿਤਨੀ ਵੱਡੀ ਗੱਲ ਕਰ ਗਿਆ ਹੈ। ਪੰਜਾਬੀ ਦਾ ਉਹ ਨਿਧੜਕ ਜਰਨੈਲ ਲੋਕ ਕਵੀ ਸੀ, ਜਿਸਨੇ ਤਾਹਨੇ-ਮਿਹਣੇ ਸਹਿੰਦਿਆਂ ਪੰਜਾਬੀ ਵਿਚ ਕਵਿਤਾ ਲਿਖਣੋਂ ਗੁਰੇਜ ਨਹੀਂ ਕੀਤਾ। ਹਾਲਾਂਕਿ ਉਸ ਨੂੰ ਪਤਾ ਸੀ ਕਿ ਕਿਸੇ ਵੀ ਸਮੇਂ ਉਸ ਨੂੰ ਸਰੀਰਕ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਜਦੋਂ ਵਾਰ-ਵਾਰ ਉਸ ਉਪਰ ਦਬਾਅ ਪਾਇਆ ਗਿਆ ਕਿ ਮੁਸਲਮਾਨ ਹੋਣ ਅਤੇ ਪਾਕਿਸਤਾਨ ਵਿਚ ਰਹਿਣ ਕਰਕੇ ਉਸ ਨੂੰ ਪੰਜਾਬੀ ਦੀ ਥਾਂ ਉਰਦੂ ਵਿਚ ਆਪਣੀਆਂ ਨਜ਼ਮਾਂ ਲਿਖਣੀਆਂ ਚਾਹੀਦੀਆਂ ਹਨ, ਤਾਂ ਉਸ ਨੇ ਕਵਿਤਾ ਵਿਚ ਹੀ ਉਨ੍ਹਾਂ ਨੂੰ ਜਵਾਬ ਦਿੰਦਿਆਂ ਲਿਖਿਆ:

ਉਰਦੂ ਦਾ ਮੈਂ ਦੋਖੀ ਨਾਹੀਂ ਤੇ ਦੁਸ਼ਮਣ ਨਾਹੀਂ ਅੰਗਰੇਜ਼ੀ ਦਾ,
ਪੁਛਦੇ ਹੋ ਮੇਰੇ ਦਿਲ ਦੀ ਬੋਲੀ, ਹਾਂ ਜੀ ਹਾਂ ਪੰਜਾਬੀ ਏ।
ਮੈਨੂੰ ਕਈਆਂ ਨੇ ਆਖਿਆ ਕਈ ਵਾਰ, ਤੂੰ ਲੈਣਾ ਪੰਜਾਬੀ ਦਾ ਨਾਂ ਛੱਡਦੇ
ਗੋਦੀ ਜਿਹਦੀ ਵਿਚ ਪਲਕੇ ਜਵਾਨ ਹੋਇਆਂ, ਉਹ ਮਾਂ ਛੱਡਦੇ ਤੇ ਗਰਾਂ ਛੱਡਦੇ
ਜੇ ਪੰਜਾਬੀ ਪੰਜਾਬੀ ਈ ਕੂਕਣਾ ਏ, ਜਿਥੇ ਖਲੋਤਾ ਏਂ ਥਾਂ ਛੱਡਦੇ
ਮੈਨੂੰ ਇੰਜ ਲੱਗਦੈ ਲੋਕੀ ਆਖਦੇ ਨੇ, ਤੂੰ ਪੁੱਤਰਾ ਆਪਣੀ ਮਾਂ ਛੱਡਦੇ



ਉਸਤਾਦ ਦਾਮਨ

ਜਦੋਂ ਫਿਰਕਾਪ੍ਰਸਤਾਂ ਨੇ ਉਸਨੂੰ ਵਾਰ-ਵਾਰ ਪੰਜਾਬੀ ਵਿਚ ਕਵਿਤਾ ਲਿਖਣ ਤੋਂ ਵਰਜਿਆ ਗਿਆ, ਤਾਂ ਉਹ ਡਰਿਆ ਨਹੀਂ, ਸਗੋਂ ਉਸਨੇ ਲਿਖਿਆ ਕਿ:-

"ਇਥੇ ਬੋਲੀ ਪੰਜਾਬੀ ਹੀ ਬੋਲੀ ਜਾਵੇਗੀ, ਉਰਦੂ ਵਿਚ ਕਿਤਾਬਾਂ ਦੇ ਠੱਣਦੀ ਰਹੇਗੀ।
ਇਹਦਾ ਪੁੱਤਰ ਹਾਂ ਇਹਦੇ ਤੋਂ ਦੁੱਧ ਮੰਗਣਾ, ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।
ਇਹਦੇ ਲੱਖ ਹਰੀਫ ਪਏ ਹੋਣ ਪੈਦਾ, ਦਿਨ-ਬ-ਦਿਨ ਇਹਦੀ ਸ਼ਕਲ ਬਣਦੀ ਰਹੇਗੀ।
ਉਦੋਂ ਤੀਕ ਤੇ ਪੰਜਾਬੀ ਨਹੀਂ ਮਰਦੀ, ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।"

ਨੌਜਵਾਨ ਪੀੜ੍ਹੀ ਤੇ ਕਟਾਖਸ਼ ਕਰਨ ਲੱਗਿਆਂ ਵੀ ਕਮਾਲ ਦੀਆਂ ਪੰਜਾਬੀ ਦੀਆਂ ਠੇਠ ਤਸ਼ਬੀਹਾਂ ਆਪਣੀਆਂ ਕਵਿਤਾਵਾਂ ਵਿਚ ਦਿੰਦਾ ਸੀ, ਜਿਹੜੀਆਂ ਅੱਜ 77 ਸਾਲ ਬਾਅਦ ਵੀ ਢੁਕਦੀਆਂ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ 'ਤੇ ਵਿਅੰਗ ਕਸਦਾ ਉਹ ਲਿਖਦਾ ਹੈ:-

"ਇਹ ਕਾਲਜ ਏ ਕਿ ਫੈਸ਼ਨ ਦੀ ਫੈਕਟਰੀ ਏ,
ਕੁੜੀਆਂ ਮੁੰਡਿਆਂ ਨਾਲ ਇੰਜ ਫਿਰਨ,
ਜਿਵੇਂ ਅਲਜਬਰੇ ਨਾਲ ਜੁਮੈਟਰੀ ਏ।"

ਉਸਤਾਦ ਦਾਮਨ ਨੇ ਸਾਰੀ ਉਮਰ ਅਣਖ ਨਾਲ ਸ਼ਾਇਰੀ ਕੀਤੀ। ਸਰਕਾਰਾਂ ਦੇ ਦਮਨ ਦਾ ਸ਼ਿਕਾਰ ਵੀ ਹੋਇਆ। ਇਨਕਲਾਬੀ ਕਵਿਤਾ ਸਮਾਜਿਕ ਬੁਰਾਈਆਂ ਅਤੇ ਆਮ ਜਨਤਾ ਉਪਰ ਸਰਕਾਰ ਵਲੋਂ ਕੀਤੇ ਜਾਂਦੇ ਜ਼ੋਰ ਜ਼ਬਰਦਸਤੀ ਦੀਆਂ ਕਾਰਵਾਈਆਂ ਵਿਰੁੱਧ ਲਿਖਣ ਕਰਕੇ ਉਸ ਉਪਰ ਕਈ ਕੇਸ ਦਰਜ ਕਰਕੇ ਜੇਲ੍ਹ ਵਿਚ ਬੰਦ ਰੱਖਿਆ ਗਿਆ ਪ੍ਰੰਤੂ ਉਸ ਨੇ ਸਰਕਾਰਾਂ ਨਾਲ ਆਢ੍ਹਾ ਲਾਈ ਰੱਖਿਆ। ਫ਼ੌਜੀ ਰਾਜ ਤੋਂ ਵੀ ਉਹ ਡਰਿਆ ਨਹੀਂ, ਸਗੋਂ ਉਸਨੇ ਫ਼ੌਜੀ ਰਾਜ 'ਤੇ ਟਕੋਰ ਕਰਦਿਆਂ ਅਰਥ ਭਰਪੂਰ ਕਵਿਤਾ ਲਿਖੀ:-

"ਸਾਡੇ ਮੁਲਕ ਦੀਆਂ ਮੌਜਾਂ ਹੀ ਮੌਜਾਂ, ਜਿਧਰ ਦੇਖੋ ਫ਼ੌਜਾਂ ਹੀ ਫ਼ੌਜਾਂ।
ਇਹ ਕੀ ਕਰੀ ਜਾਨਾ, ਕਦੀ ਚੀਨ ਜਾਨਾ ਕਦੀ ਰੂਸ ਜਾਨਾ।
ਕਦੀ ਸਿਮਲੇ ਜਾਨਾ ਕਦੀ ਮਰੀ ਜਾਨਾ, ਜਿਧਰ ਜਾਨਾ ਬਣਕੇ ਜਲੂਸ ਜਾਨਾ।
ਲਈ ਖੇਸ ਜਾਨਾ ਖਿੱਚੀ ਦਰੀ ਜਾਨਾ, ਇਹ ਕੀ ਕਰੀ ਜਾਨਾ।"

ਜੇਲ੍ਹ ਵਿਚ ਰਹਿਣ ਕਰਕੇ ਉਸਦੀ ਵਿਆਹੁਤਾ ਜ਼ਿੰਦਗੀ ਵੀ ਬਹੁਤੀ ਸਫਲ ਨਹੀਂ ਰਹੀ। ਉਸਦਾ ਵਿਆਹ ਇੱਕ ਸਿੱਖ ਪਰਿਵਾਰ ਵਿਚ ਹੋਇਆ ਸੀ। ਉਸਦਾ ਇੱਕ ਲੜਕਾ ਵੀ ਸੀ ਪ੍ਰੰਤੂ ਬਹੁਤਾ ਸਮਾਂ ਜੇਲ੍ਹ ਵਿਚ ਰਹਿਣ ਕਰਕੇ ਇੱਕ ਵਾਰ ਵਿਛੜਿਆ ਪਰਿਵਾਰ ਮੁੜਕੇ ਮਿਲ ਨਹੀਂ ਸਕਿਆ। ਜਿਉਂਦੇ ਜੀਅ ਗ਼ਰੀਬੀ ਕਰਕੇ ਉਹ ਆਪਣੀਆਂ ਕਵਿਤਾਵਾਂ ਦੀ ਕੋਈ ਵੀ ਪੁਸਤਕ ਪ੍ਰਕਾਸ਼ਤ ਨਹੀਂ ਕਰਵਾ ਸਕਿਆ। ਉਸਤਾਦ ਦਾਮਨ ਦੀ ਮੌਤ ਤੋਂ ਬਾਅਦ ਉਸ ਦੀਆਂ ਕਵਿਤਾਵਾਂ ਦੀ ਪੁਸਤਕ ਪਾਕਿਸਤਾਨ ਦੇ ਲੋਕਾਂ ਨੇ ਗੁਰਮੁਖੀ ਵਿਚ ਪ੍ਰਕਾਸ਼ਤ ਹੀ ਨਹੀਂ ਕੀਤੀ, ਸਗੋਂ ਉਰਦੂ ਵਿਚ ਪ੍ਰਕਾਸ਼ਤ ਕਰਕੇ ਉਸਨੂੰ ਉਰਦੂ ਦਾ ਸ਼ਾਇਰ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਸਤਾਦ ਦਾਮਨ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਆਪਣੀਆਂ ਇਨਕਲਾਬੀ ਕਵਿਤਾਵਾਂ ਕਰਕੇ ਜੇਲ੍ਹ ਵਿਚ ਹੀ ਰਿਹਾ ਹੈ। ਉਹ ਇਹ ਵੀ ਆਮ ਕਹਿੰਦਾ ਸੀ ਕਿ ਉਸ ਦਾ ਕਮਰਾ ਹੀ ਬਹੁਤ ਛੋਟਾ ਸੀ, ਜਿਸ ਕਰਕੇ ਉਸ ਉਪਰ ਬੰਬ ਰੱਖਣ ਦੇ ਕੇਸ ਬਣਦੇ ਰਹੇ, ਜੇਕਰ ਮੇਰਾ ਕਮਰਾ ਵੱਡਾ ਹੁੰਦਾ ਤਾਂ ਟੈਂਕ ਰੱਖਣ ਦੇ ਕੇਸ ਵੀ ਹੋ ਸਕਦੇ ਸਨ। ਜੇਲ੍ਹ ਵਿਚ ਰਹਿਣ ਸੰਬੰਧੀ ਉਹ ਲਿਖਦਾ ਹੈ ਕਿ:-

"ਸਟੇਜਾਂ 'ਤੇ ਆਈਏ ਸਿਕੰਦਰ ਹੋਈਦਾ ਏ, ਸਟੇਜੋਂ ਉਤਰਕੇ ਕਲੰਦਰ ਹੋਈਦਾ ਏ।
ਉਲਝੇ ਜੋ ਦਾਮਨ ਹਕੂਮਤ ਕਿਸੇ ਨਾਲ, ਬਸ ਏਨਾ ਹੀ ਹੁੰਦਾ, ਅੰਦਰ ਹੋਈਦਾ ਏ।"

ਉਸਤਾਦ ਦਾਮਨ ਦਾ ਪਿਤਾ ਫ਼ੌਜੀ ਦਰਜੀਖਾਨੇ ਵਿਚ ਕੱਪੜੇ ਸਿਉਣ ਦਾ ਕੰਮ ਕਰਦਾ ਸੀ। ਦਾਮਨ ਦੀਆਂ ਕ੍ਰਾਂਤੀਕਾਰੀ ਅਤੇ ਧਾਰਮਿਕ ਜਨੂੰਨੀਆਂ ਦੇ ਵਿਰੁੱਧ ਹੋਣ ਕਰਕੇ ਉਸਦੇ ਘਰ ਨੂੰ ਅੱਗ ਲਗਾ ਕੇ ਸਾੜ ਦਿੱਤਾ, ਤਾਂ ਉਸਨੇ ਇੱਕ ਕਵਿਤਾ ਵਿਚ ਲਿਖਿਆ:-

"ਕਿਸੇ ਤੀਲ੍ਹੀ ਐਸੀ ਲਗਾਈ ਏ, ਥਾਂ-ਥਾਂ 'ਤੇ ਅੱਗ ਮਚਾਈ ਏ।
ਪਈ ਸੜਦੀ ਲੋਕਾਈ ਏ, ਤੇ ਪੈਂਦੀ ਹਾਲ ਦੁਹਾਈ ਏ।"

ਆਜ਼ਾਦੀ ਤੋਂ ਬਾਅਦ ਇੱਕ ਵਾਰ ਉਸਤਾਦ ਦਾਮਨ ਨੇ ਲਾਲ ਕਿਲ੍ਹੇ ਦਿੱਲੀ ਵਿਚ ਹੋਏ ਇੱਕ ਕਵੀ ਦਰਬਾਰ ਵਿਚ ਆਪਣੀ ਕਵਿਤਾ ਪੜ੍ਹਕੇ ਉਥੇ ਹਾਜ਼ਰ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਰੁਆ ਦਿੱਤਾ ਸੀ। ਉਸ ਦੀ ਕਵਿਤਾ ਦੇ ਬੋਲ ਹਨ:-

"ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿਚੀਂ, ਖੋਏ ਤੁਸੀਂ ਵੀ ਓ ਤੇ ਖੋਏ ਅਸੀਂ ਵੀ ਆਂ।
ਇਹਨਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਏ, ਤੁਸੀਂ ਵੀ ਓ ਹੋਏ ਅਸੀਂ ਵੀ ਆਂ।
ਕੁਝ ਉਮੀਦ ਏ ਜ਼ਿੰਦਗੀ ਮਿਲ ਜਾਵੇਗੀ, ਮੋਏ ਤੁਸੀਂ ਵੀ ਓ ਮੋਏ ਅਸੀਂ ਵੀ ਆਂ।
ਜਿਉਂਦੀ ਜਾਨ ਵੀ ਮੌਤ ਦੇ ਮੂੰਹ ਅੰਦਰ, ਢੋਏ ਤੁਸੀਂ ਵੀ ਓ ਢੋਏ ਅਸੀਂ ਵੀ ਆਂ।
ਜਾਗਣੇ ਵਾਲਿਆਂ ਰੱਜ ਕੇ ਲੁੱਟਿਆ ਏ, ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ, ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।"

ਪੰਡਤ ਜਵਾਹਰ ਲਾਲ ਨਹਿਰੂ ਜਿਹੜੇ ਖ਼ੁਦ ਸਿਆਸਤਦਾਨ ਦੇ ਨਾਲ ਵਿਦਵਾਨ ਲੇਖਕ ਵੀ ਸਨ, ਨੇ ਉਸਤਾਦ ਦਾਮਨ ਨੂੰ ਉਠ ਕੇ ਕਲਾਵੇ ਵਿਚ ਲੈ ਲਿਆ ਅਤੇ ਉਸ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪ੍ਰੰਤੂ ਉਸਤਾਦ ਦਾਮਨ ਨੇ ਕਿਹਾ ਕਿ ਉਹ ਰਹੇਗਾ, ਤਾਂ ਪਾਕਿਸਤਾਨ ਵਿਚ ਹੀ ਭਾਵੇਂ ਜੇਲ੍ਹ ਵਿਚ ਹੀ ਰਹਿਣਾ ਪਵੇ।

# ਬੰਗਲਾ ਦੇਸ਼ ਵਿਚ ਮੀਡੀਆ ਅਦਾਰਿਆਂ ਨੂੰ ਸਖ਼ਤ ਚੇਤਾਵਨੀ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਬੰਗਲਾ ਦੇਸ਼ ਦੀ ਅੰਤ੍ਰਿਮ ਸਰਕਾਰ ਨੇ ਮੀਡੀਆ ਅਦਾਰਿਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਝੂਠੀਆਂ, ਜਾਅਲੀ ਅਤੇ ਕੁਰਾਹੇ ਪਾਉਣ ਵਾਲੀਆਂ ਖ਼ਬਰਾਂ ਪ੍ਰਕਾਸ਼ਿਤ ਪ੍ਰਸਾਰਿਤ ਕਰਨਗੇ, ਤਾਂ ਅਜਿਹੇ ਅਦਾਰਿਆਂ ਨੂੰ ਬੰਦ ਕਰ ਦਿੱਤਾ ਜਾਵੇਗਾ।

ਮੀਡੀਆ ਸੱਚ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ ਅਤੇ ਚਲੰਤ-ਮਾਮਲਿਆਂ ਦੇ ਪ੍ਰੋਗਰਾਮਾਂ ਵਿਚ ਸੰਤੁਲਿਤ ਚਰਚਾ ਨਹੀਂ ਹੋ ਰਹੀ। ਇੰਝ ਮੀਡੀਆ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਵਿਚ ਅਸਫ਼ਲ ਰਿਹਾ ਹੈ।

ਇਹ ਵੀ ਕਿਹਾ ਗਿਆ ਕਿ ਵਿਦਿਆਰਥੀ ਅੰਦੋਲਨ ਦੌਰਾਨ ਜਿਹੜੇ ਕਰਮਚਾਰੀਆਂ ਤੇ ਅਧਿਕਾਰੀਆਂ ਨੇ ਇੰਟਰਨੈੱਟ ਸੇਵਾਵਾਂ ਨੂੰ ਬੰਦ ਕੀਤਾ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਟੈਲੀਕਮਿਊਨੀਕੇਸ਼ਨ ਤੇ ਸੂਚਨਾ ਤਕਨੀਕ ਦੇ ਸਲਾਹਕਾਰ ਨਾਹਿਦ ਇਸਲਾਮ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਅਜਿਹਾ ਗਲਤ ਖ਼ਬਰਾਂ ਦੇ ਪ੍ਰਚਾਰ ਪ੍ਰਸਾਰ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਮੀਡੀਆ ਸੱਚ ਨੂੰ ਛੁਪਾਉਂਦਾ ਹੈ, ਸਾਹਮਣੇ ਨਹੀਂ ਲਿਆਉਂਦਾ, ਤਾਂ ਦੇਸ਼ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜੇਕਰ ਮੀਡੀਆ ਨੇ ਸੱਚ ਸਾਹਮਣੇ ਲਿਆਂਦਾ ਹੁੰਦਾ, ਤਾਂ ਪੁਲਿਸ ਕਰਮਚਾਰੀਆਂ ਨੂੰ ਅਜਿਹੇ ਹਾਲਾਤਾਂ ਦਾ ਸਾਹਮਣਾ ਨਾ ਕਰਨਾ ਪੈਂਦਾ।




ਅਧਿਕਾਰੀਆਂ ਨੇ ਕਿਹਾ ਕਿ ਹੁਣ ਇੰਟਰਨੈੱਟ ਸੇਵਾਵਾਂ ਨੂੰ ਬੰਦ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਬੰਗਲਾ ਦੇਸ਼ ਵਿਚ ਵਧੇਰੇ ਅਖ਼ਬਾਰਾਂ ਬੰਗਾਲੀ ਅਤੇ ਅੰਗਰੇਜ਼ੀ ਭਾਸ਼ਾਵਾਂ 'ਚ ਪ੍ਰਕਾਸ਼ਿਤ ਹੁੰਦੀਆਂ ਹਨ। ਜਿਨ੍ਹਾਂ ਵਿਚੋਂ ਵਧੇਰੇ ਢਾਕਾ ਤੋਂ ਛਪਦੀਆਂ ਹਨ। ਟੈਲੀਵਿਜ਼ਨ ਚੈਨਲ ਸਰਕਾਰ ਦੀ ਨਿਗਰਾਨੀ ਹੇਠ ਚੱਲਦੇ ਹਨ ਅਤੇ ਬੀ.ਟੀ.ਵੀ. ਨਾਂ ਨਾਲ ਪ੍ਰਚਲਿਤ ਹਨ। ਬੀ.ਟੀ.ਵੀ. ਅਰਥਾਤ ਬੰਗਾਲੀ ਟੀ.ਵੀ.। ਇਸਦੀ ਸ਼ੁਰੂਆਤ 1964 ਵਿਚ ਪੀ.ਟੀ.ਵੀ. ਦੀ ਸ਼ਾਖਾ ਵਜੋਂ ਹੋਈ ਸੀ। ਬੰਗਾਲੀ ਭਾਸ਼ਾ ਦਾ ਇਹ ਸਭ ਤੋਂ ਪੁਰਾਣਾ ਟੈਲੀਵਿਜ਼ਨ ਨੈੱਟਵਰਕ ਹੈ।

ਰੇਡੀਓ ਨੂੰ ਬੰਗਲਾ ਦੇਸ਼ ਬੇਤਾਰ ਕਿਹਾ ਜਾਂਦਾ ਹੈ। ਟੈਲੀਵਿਜ਼ਨ ਅਜੇ ਵੀ ਲਾਇਸੈਂਸ ਫੀਸ ਦੀ ਮਦਦ ਨਾਲ ਚੱਲਦਾ ਹੈ। ਇਨ੍ਹਾਂ ਦੇ ਮੁੱਖ ਦਫ਼ਤਰ ਰਾਮਪੁਰਾ ਵਿਖੇ ਹਨ।

1971 ਵਿਚ ਇਸਨੂੰ ਪੀ.ਟੀ.ਵੀ. ਨਾਲੋਂ ਅਲੱਗ ਕਰਕੇ ਇਸਦਾ ਨਾਂ ਬੰਗਲਾਦੇਸ਼ ਟੈਲੀਵਿਜ਼ਨ ਰੱਖ ਦਿੱਤਾ ਗਿਆ ਸੀ।

ਦੂਰਦਰਸ਼ਨ ਵਾਂਗ ਬੀ.ਟੀ.ਵੀ. ਨੇ ਵੀ ਕਈ ਰੰਗ ਵੇਖੇ। 2000 ਤੋਂ ਪਹਿਲਾਂ ਦੇ 20 ਸਾਲਾਂ ਨੂੰ ਸੁਨਹਿਰੀ ਕਾਲ ਵਜੋਂ ਜਾਣਿਆ ਜਾਂਦਾ ਹੈ। ਵੱਖ-ਵੱਖ ਵਿਸ਼ੇਸ਼ ਪ੍ਰੋਗਰਾਮਾਂ ਅਤੇ ਕਵਰੇਜ ਨੂੰ ਕੌਮੀ ਤੇ ਕੌਮਾਂਤਰੀ ਪੁਰਸਕਾਰ ਮਿਲਦੇ ਰਹੇ ਹਨ।

ਭਾਰਤ ਦੀ ਤਰ੍ਹਾਂ ਬੰਗਲਾ ਦੇਸ਼ ਵਿਚ ਵੀ 1995 ਤੋਂ 2010 ਦੇ ਸਮੇਂ ਦੌਰਾਨ ਬਹੁਤ ਸਾਰੇ ਨਿੱਜੀ ਚੈਨਲਾਂ ਦੀ ਆਮਦ ਨਾਲ ਸਥਿਤੀ ਤੇਜ਼ੀ ਨਾਲ ਬਦਲੀ ਅਤੇ ਦਰਸ਼ਕਾਂ ਦੀ ਪਸੰਦ ਨਿੱਜੀ ਚੈਨਲਾਂ ਦੇ ਤਰ੍ਹਾਂ-ਤਰ੍ਹਾਂ ਦੇ ਪ੍ਰੋਗਰਾਮ ਬਣਦੇ ਗਏ।

2018 ਤੋਂ ਬਾਅਦ ਵਾਪਸੀ ਕਰਦਿਆਂ ਬੰਗਾਲ ਟੀ.ਵੀ. ਇੱਕ ਵਾਰ ਫਿਰ ਚਰਚਿਤ ਹੋ ਗਿਆ। ਇਸਦੇ ਪ੍ਰੋਗਰਾਮਾਂ ਨੂੰ ਦਰਸ਼ਕਾਂ ਦੀ ਵੱਡੀ ਗਿਣਤੀ ਨੇ ਵੇਖਣਾ ਸ਼ੁਰੂ ਕਰ ਦਿੱਤਾ।

2024 ਵਿਚ ਵਿਦਿਆਰਥੀਆਂ ਦੁਆਰਾ ਕੋਟਾ ਦੇ ਵਿਰੋਧ 'ਚ ਆਰੰਭ ਕੀਤੇ ਸੰਘਰਸ਼ ਨੇ ਜਦ ਹਿੰਸਕ ਰੂਪ ਅਖ਼ਤਿਆਰ ਕਰ ਲਿਆ, ਤਾਂ 18 ਜੁਲਾਈ 2024 ਨੂੰ ਬੀ.ਟੀ.ਵੀ. ਦੇ ਮੁੱਖ ਕੇਂਦਰ ਨੂੰ ਅੱਗ ਲਗਾ ਦਿੱਤੀ ਅਤੇ ਵੱਡੀ ਪੱਧਰ 'ਤੇ ਇਮਾਰਤ ਨੂੰ ਨੁਕਸਾਨ ਪਹੁੰਚਾਇਆ। ਆਪਾ-ਧਾਪੀ ਵਾਲਾ ਮਾਹੌਲ ਬਣ ਗਿਆ। ਨਤੀਜੇ ਵਜੋਂ ਇਸਦਾ ਪ੍ਰਸਾਰਨ ਬੰਦ ਕਰ ਦਿੱਤਾ ਗਿਆ। ਅਗਲੇ ਦਿਨ 19 ਜੁਲਾਈ ਤੱਕ ਪ੍ਰਸਾਰਨ ਬੰਦ ਰਿਹਾ।

ਸ਼ੇਖ ਹਸੀਨਾ ਦੇ ਦੇਸ਼ ਛੱਡਣ ਬਾਅਦ 18 ਅਗਸਤ 2024 ਨੂੰ ਸੂਚਨਾ ਤੇ ਪ੍ਰਸਾਰਨ ਮਹਿਕਮੇ ਦੇ ਸਲਾਹਕਾਰ ਨਾਹਿਦ ਇਸਲਾਮ ਨੇ ਕਿਹਾ ਕਿ ਸਾਰੇ ਪ੍ਰਸਾਰਨ ਅਦਾਰਿਆਂ ਨੂੰ ਬਹੁਤ ਜਲਦੀ ਆਧੁਨਿਕ ਤਕਨੀਕੀ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ।

ਵੇਖਣ ਵਿਚ ਆਇਆ ਹੈ ਕਿ ਬੰਗਲਾ ਦੇਸ਼ ਮੀਡੀਆ ਦਾ ਹਰੇਕ ਅਦਾਰਾ, ਚਾਹੇ ਉਹ ਰੇਡੀਓ ਹੈ, ਅਖ਼ਬਾਰ ਹੈ, ਟੈਲੀਵਿਜ਼ਨ ਹੈ, ਸੋਸ਼ਲ ਮੀਡੀਆ ਮੰਚ ਹਨ, ਹਰ ਕੋਈ ਆਪਣੇ ਆਪਣੇ ਨਜ਼ਰੀਏ ਤੋਂ ਸਥਾਨਕ ਸੰਕਟ ਦੀ ਕਵਰੇਜ ਕਰ ਰਿਹਾ ਹੈ। ਕਿਉਂਕਿ ਇਸਦੇ ਕਈ ਸਮਾਜਿਕ, ਸਰਕਾਰੀ ਤੇ ਸੰਵੇਦਨਸ਼ੀਲ ਪਹਿਲੂ ਹਨ। ਵੱਖ-ਵੱਖ ਸਰਕਾਰਾਂ ਦਾ ਆਪਣਾ ਪੱਖ ਹੈ, ਸੰਘਰਸ਼ ਕਰ ਰਹੇ ਵਿਦਿਆਰਥੀਆਂ ਦੀਆਂ ਆਪਣੀਆਂ ਮੰਗਾਂ ਹਨ, ਵੱਖ-ਵੱਖ ਵਰਗਾਂ ਦੀਆਂ ਆਪਣੀਆਂ ਸਮੱਸਿਆਵਾਂ ਪ੍ਰੇਸ਼ਾਨੀਆਂ ਹਨ। ਸਭ ਤੋਂ ਵੱਡੀ ਚਿੰਤਾ ਤੇ ਮੁੱਖ ਲੋੜ ਮਾਹੌਲ ਨੂੰ ਸ਼ਾਂਤ ਕਰਨਾ ਤੇ ਆਮ ਜਨਜੀਵਨ ਨੂੰ ਲੀਹ 'ਤੇ ਲਿਆਉਣਾ ਹੈ। ਇਸੇ ਦੇ ਮੱਦੇਨਜ਼ਰ ਅੰਤ੍ਰਿਮ ਸਰਕਾਰ ਨੂੰ ਸਖ਼ਤ ਚੇਤਾਵਨੀ ਦੇਣੀ ਪਈ ਹੈ।

# ਹਰਿਆਣਾ, ਜੰਮੂ-ਕਸ਼ਮੀਰ ਚੋਣਾਂ- ਭਾਜਪਾ ਦਾ ਅਕਸ ਦਾਅ 'ਤੇ

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA





ਇਹ ਸਪੱਸ਼ਟ ਹੈ ਕਿ ਹਰਿਆਣਾ ਅਤੇ ਜੰਮੂ-ਕਸ਼ਮੀਰ ਦੋਨਾਂ ਹੀ ਸੂਬਿਆਂ ਵਿਚ ਹੋਣ ਜਾ ਰਹੀਆਂ ਚੋਣਾਂ ਭਾਰਤੀ ਜਨਤਾ ਪਾਰਟੀ ਲਈ ਸੌਖੀਆਂ ਨਹੀਂ ਹੋਣਗੀਆਂ। ਉਥੇ ਭਾਜਪਾ ਅਤੇ ਕਾਂਗਰਸ/ਇੰਡੀਅਨ ਗਠਬੰਧਨ ਵਿਚ ਸਖ਼ਤ ਟੱਕਰ ਹੋਣ ਵਾਲੀ ਹੈ। ਇਹ ਚੋਣਾਂ ਸਤੰਬਰ/ਅਕਤੂਬਰ 2024 ਵਿਚ ਹੋ ਰਹੀਆਂ ਹਨ।

ਆਮ ਤੌਰ 'ਤੇ ਹਰਿਆਣਾ ਅਤੇ ਮਹਾਂਰਾਸ਼ਟਰ ਵਿਚ ਚੋਣਾਂ ਹੋਣ ਦਾ ਵੇਲਾ ਇਹੋ ਜਿਹਾ ਰਿਹਾ ਹੈ ਪਰ ਹਾਰ ਦੇ ਅਣਜਾਣੇ ਡਰ ਕਾਰਨ ਭਾਜਪਾ ਹਕੂਮਤ ਨੇ ਇਹ ਚੋਣਾਂ ਹਰਿਆਣਾ, ਜੰਮੂ ਕਸ਼ਮੀਰ ਦੀਆਂ ਚੋਣਾਂ ਬਾਅਦ ਕਰਵਾਉਣ ਦਾ ਫੈਸਲਾ ਭਾਰਤੀ ਚੋਣ ਕਮਿਸ਼ਨ ਤੋਂ ਕਰਵਾਇਆ ਹੈ। ਇਥੋਂ ਭਾਜਪਾ ਨੂੰ ਸ਼ਿਵ ਸੈਨਾ (ਯੂ.ਬੀ.ਟੀ.), ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਸ.ਸੀ.) ਕਾਂਗਰਸ ਅਤੇ ਹੋਰ ਪਾਰਟੀਆਂ ਦੀ ਆਪਸੀ ਸਾਂਝ ਇੰਡੀਆ ਗਠਜੋੜ ਦਾ ਏਕਾ ਭਾਜਪਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ, ਕਿਉਂਕਿ ਇੰਡੀਆ ਗੱਠਜੋੜ ਦੇ ਆਗੂ ਸ਼ਰਦ ਪਵਾਰ ਦਾ ਬਿਆਨ ਹੈ ਕਿ ਉਹਨਾ ਦਾ ਪੂਰਾ ਜ਼ੋਰ ਮਹਾਰਾਸ਼ਟਰ 'ਚ ਸਰਕਾਰ ਬਦਲਣ ਤੇ ਕੇਂਦਰਿਤ ਹੈ।

ਉਧਰ ਜੰਮੂ-ਕਸ਼ਮੀਰ 'ਚ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਵਿਚਾਲੇ ਗੱਠਜੋੜ ਹੋ ਰਿਹਾ ਹੈ। ਜਿਥੇ 90 ਸੀਟਾਂ ਉਤੇ ਗਠਜੋੜ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਥੇ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਅਰਥਾਤ ਇੰਡੀਆ ਗੱਠਜੋੜ ਦੀ ਤਰਜੀਹ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਦੀ ਹੈ। ਉਨ੍ਹਾਂ ਦੀ ਤਰਜੀਹ ਲੋਕਾਂ ਦੇ ਖੋਹੇ ਹੋਏ ਹੱਕ ਬਹਾਲ ਕਰਨ ਦੀ ਵੀ ਹੈ। ਇਸ ਗੱਠਜੋੜ ਤੋਂ ਬਾਅਦ ਭਾਜਪਾ ਅਤੇ ਇੰਡੀਆ ਗੱਠਜੋੜ ਦੀ ਟੱਕਰ ਜ਼ਬਰਦਸਤ ਹੋ ਜਾਏਗੀ। ਜੰਮੂ ਕਸ਼ਮੀਰ ਵਿਚ ਭਾਜਪਾ ਦੀ ਸਫ਼ਲਤਾ ਦਾ ਅਰਥ ਉਥੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਮਰੱਥਣ ਵੀ ਹੋਏਗਾ, ਜਿਸ ਵਿਚ 370 ਧਾਰਾ ਨੂੰ ਹਟਾਉਣਾ ਵੀ ਸ਼ਾਮਲ ਹੈ। ਪਰ ਇਸ ਗੱਲ ਦੀ ਸ਼ੰਕਾ ਹੈ ਕਿ ਭਾਜਪਾ ਜੰਮੂ ਕਸ਼ਮੀਰ ਵਿਚ ਇੱਕ ਮਜ਼ਬੂਤ ਤਾਕਤ ਦੇ ਰੂਪ ਵਿਚ ਉੱਭਰ ਪਾਏਗੀ।

2024 ਵਿਚ ਭਾਜਪਾ ਨੇ ਜੰਮੂ ਵਿਚ ਦੋ ਲੋਕ ਸਭਾ ਸੀਟਾਂ ਜਿੱਤੀਆਂ ਅਤੇ 24.4 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ, ਪਰ ਇਹ ਵੀ ਸੱਚਾਈ ਹੈ ਕਿ ਭਾਜਪਾ ਨੇ ਸਾਰੀਆਂ 6 ਲੋਕ ਸਭਾ ਸੀਟਾਂ ਉਤੇ ਲੋਕ ਸਭਾ ਚੋਣਾਂ ਨਹੀਂ ਸਨ ਲੜੀਆਂ। ਇਹ ਭਾਜਪਾ ਦੀ ਕਮਜ਼ੋਰੀ ਦਾ ਸਬੂਤ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਜੰਮੂ ਕਸ਼ਮੀਰ ਵਿਚ 35 ਫ਼ੀਸਦੀ ਲੋਕ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਅਤੇ 27 ਫ਼ੀਸਦੀ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣਾ ਪਸੰਦ ਕਰਦੇ ਸਨ।

2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਹਰਿਆਣਾ ਅਤੇ ਜੰਮੂ ਕਸ਼ਮੀਰ ਵਿਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਸੀ। ਹਰਿਆਣਾ 'ਚ ਭਾਜਪਾ ਨੇ 46.1 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 10 ਸੀਟਾਂ ਵਿਚ 5 ਲੋਕ ਸਭਾ ਸੀਟਾਂ ਜਿੱਤੀਆਂ, ਜਦਕਿ ਕਾਂਗਰਸ ਨੇ ਬਾਕੀ 5 ਸੀਟਾਂ 'ਤੇ ਸਫਲਤਾ ਪ੍ਰਾਪਤ ਕੀਤੀ ਅਤੇ 43.7 ਫ਼ੀਸਦੀ ਵੋਟ ਪ੍ਰਾਪਤ ਕੀਤੀਆਂ। ਭਾਜਪਾ ਨੇ 2019 ਚੋਣਾਂ 'ਚ 58 ਫ਼ੀਸਦੀ ਵੋਟਾਂ ਲਈਆਂ ਸਨ ਅਤੇ ਇਸ ਵੇਰ 12 ਫ਼ੀਸਦੀ ਦੀ ਗਿਰਾਵਟ ਇਨ੍ਹਾਂ ਚੋਣਾਂ 'ਚ ਵੇਖੀ ਗਈ। ਜਦਕਿ ਕਾਂਗਰਸ ਨੇ 2019 'ਚ 28.4 ਫੀਸਦੀ ਵੋਟ ਲਏ ਅਤੇ ਇਸ ਵੇਰ 15.3 ਫ਼ੀਸਦੀ ਦਾ ਵਾਧਾ ਵੋਟਾਂ 'ਚ ਕੀਤਾ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਵਾਰ ਹਵਾ ਕਿਸ ਪਾਸੇ ਵੱਗ ਰਹੀ ਹੈ।

ਸਾਲ 2019 'ਚ ਜਦੋਂ ਹਰਿਆਣਾ 'ਚ ਵਿਧਾਨ ਸਭਾ ਚੋਣਾਂ ਹੋਈਆਂ ਸਨ ਤਾ ਭਾਜਪਾ ਨੂੰ 36.5 ਫ਼ੀਸਦੀ ਵੋਟ ਮਿਲੇ ਸਨ ਤੇ 40 ਸੀਟਾਂ ਪ੍ਰਾਪਤ ਹੋਈਆਂ। ਇਹ ਲੋਕ ਸਭਾ 2019 ਦੀਆਂ ਭਾਜਪਾ ਨੂੰ ਪ੍ਰਾਪਤ ਵੋਟਾਂ ਤੋਂ ਕਾਫ਼ੀ ਘੱਟ ਸਨ। ਇਸ ਵਾਰ ਦੇਖਣਾ ਹੋਏਗਾ ਕਿ ਹਰਿਆਣਾ ਦੇ ਲੋਕ ਇਸੇ ਕਿਸਮ ਦੇ ਫ਼ੈਸਲੇ ਨੂੰ ਦੁਹਰਾਉਂਦੇ ਹਨ ਜਾਂ ਕੋਈ ਅਲੱਗ ਫ਼ੈਸਲਾ ਕਰਦੇ ਹਨ।

ਹਰਿਆਣਾ ਵਿਚ 2019 'ਚ ਭਾਜਪਾ ਨੇ ਗੱਠਜੋੜ ਸਰਕਾਰ ਬਣਾਈ। ਇਸ ਸਮੇਂ ਦੌਰਾਨ ਕਿਸਾਨ ਅੰਦੋਲਨ ਹੋਇਆ। ਇਸ ਅੰਦੋਲਨ 'ਚ ਹਰਿਆਣਾ ਭਾਜਪਾ ਤੇ ਸਰਕਾਰ ਦੀ ਭੂਮਿਕਾ ਬੇਹੱਦ ਇੱਕ ਪਾਸੜ ਰਹੀ। ਕਿਸਾਨਾਂ ਦੀ ਗੁੱਸਾ ਸਰਕਾਰ ਨੂੰ ਝੱਲਣਾ ਪਿਆ। ਪੰਜ ਸਾਲ ਬਾਅਦ 2019 'ਚ ਵੀ ਸਰਕਾਰ ਨੂੰ ਸਰਕਾਰ ਵਿਰੋਧੀ ਰੋਸ ਦਾ ਸਾਹਮਣਾ ਸੀ ਪਰ ਹੁਣ 10 ਸਾਲਾਂ ਬਾਅਦ ਇਹ ਗੁੱਸਾ, ਰੋਸ, ਹੋਰ ਵੀ ਵਧਿਆ। ਮਨੋਹਰ ਲਾਲ ਖੱਟੜ ਵਿਚ ਵਿਚਾਲੇ ਬਦਲੇ ਗਏ, ਨੈਬ ਸਿੰਘ ਸੈਣੀ ਨੂੰ ਲਿਆਂਦਾ ਗਿਆ ਹੈ। ਪਰ ਲੋਕਾਂ 'ਚ ਨਾਰਾਜ਼ਗੀ ਬਰਕਰਾਰ ਹੈ। ਸਰਕਾਰ ਬਦਲਣ ਨਾਲ ਜਨਤਾ ਦੇ ਮੂਡ ਵਿਚ ਕੋਈ ਬਦਲਾਅ ਨਹੀਂ ਹੈ।

ਸੰਭਵ ਹੈ ਕਿ ਰਾਜ ਵਿਚ ਨਰੇਂਦਰ ਮੋਦੀ ਦੇ ਅਕਸ ਦਾ ਪੱਤਾ ਖੇਡਿਆ ਜਾਏ। ਪਰ ਭਾਜਪਾ ਲੋਕ ਸਭਾ ਚੋਣਾਂ 'ਚ ਤਾਂ ਮੋਦੀ ਪੱਤੇ ਨਾਲ ਵੋਟਾਂ ਪ੍ਰਾਪਤ ਕਰਨ 'ਚ ਕਾਮਯਾਬ ਰਹਿੰਦੀ ਹੈ, ਪਰ ਵਿਧਾਨ ਸਭਾਵਾਂ 'ਚ ਇਹ ਮੋਦੀ ਪੱਤਾ ਕਾਰਗਰ ਨਹੀਂ ਰਹਿੰਦਾ। ਉਂਜ ਵੀ 2019 ਦੇ ਮੋਦੀ ਦੇ ਅਕਸ ਦੇ ਮੁਕਾਬਲਾ 2024 'ਚ ਵਿਰੋਧੀ ਆਗੂ ਰਾਹੁਲ ਗਾਂਧੀ ਦੀ ਲੋਕਪ੍ਰਿਯਤਾ ਵਧੀ ਹੈ। ਲੋਕ ਸਭਾ ਚੋਣਾਂ 'ਚ ਰਾਹੁਲ ਗਾਂਧੀ ਨੂੰ ਹਰਿਆਣਾ 'ਚ 30 ਫ਼ੀਸਦੀ ਲੋਕ ਪ੍ਰਧਾਨ ਮੰਤਰੀ ਵਜੋਂ ਵੇਖਣਾ ਚਾਹੁੰਦੇ ਸਨ, ਜਦਕਿ 2019 'ਚ ਇਹ ਫ਼ੀਸਦੀ 15 ਫ਼ੀਸਦੀ ਸੀ ਤੇ ਮੋਦੀ ਦੀ ਲੋਕ ਪ੍ਰਿਯਤਾ 32 ਫ਼ੀਸਦੀ ਸੀ।

ਜਿਥੇ ਜੰਮੂ ਕਸ਼ਮੀਰ ਵਿਚ ਭਾਜਪਾ ਦੇ ਜਿੱਤਣ ਦੀਆਂ ਸੰਭਾਵਨਾਵਾ ਕਾਫੀ ਘੱਟਦੀਆਂ ਜਾ ਰਹੀਆਂ ਹਨ, ਉਥੇ ਹਰਿਆਣਾ ਵਿਚ ਵੀ ਭਾਜਪਾ ਦੇ ਜਿੱਤਣ ਦੀ ਆਸ ਮੱਧਮ ਹੈ। ਸ਼ਾਇਦ ਇਹ ਗੱਲ ਹਰਿਆਣਾ ਭਾਜਪਾ ਨੇ ਭਾਂਪ ਲਈ ਹੈ। ਹਰਿਆਣਾ ਭਾਜਪਾ ਵਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਦੀ ਮੰਗ ਸਰਕਾਰੀ ਛੁੱਟੀਆਂ ਦਾ ਹਵਾਲਾ ਦੇਕੇ ਚੋਣ ਅਧਿਕਾਰੀ ਨੂੰ ਲਿਖੇ ਇੱਕ ਪੱਤਰ ਵਿਚ ਕੀਤੀ ਗਈ ਹੈ। ਜਦਕਿ ਕਾਂਗਰਸ ਨੇ ਕਿਹਾ ਹੈ ਕਿ ਹਾਰ ਦੇ ਡਰੋਂ ਛੁੱਟੀਆਂ ਦਾ ਬਹਾਨਾ ਬਣਾਕੇ ਭਾਜਪਾ ਚੋਣਾਂ ਮੁਲਤਵੀ ਕਰਵਾਉਣਾ ਚਾਹੁੰਦੀ ਹੈ।

ਜੰਮੂ ਕਸ਼ਮੀਰ ਨੈਸ਼ਨਲ ਕਾਨਫਰੰਸ, ਇੰਡੀਅਨ ਨੈਸ਼ਨਲ ਕਾਂਗਰਸ, ਭਾਜਪਾ, ਕਮਿਊਨਿਸਟ ਪਾਰਟੀ (ਮਾਰਕਸੀ) ਪੀ.ਡੀ.ਪੀ. (ਮੁਫਤੀ ਮਹਿਬੂਬਾ) ਵਰਗੀਆਂ ਪਾਰਟੀਆਂ ਚੋਣ ਮੈਦਾਨ ਵਿਚ ਹਨ। ਭਾਜਪਾ ਨੂੰ ਛੱਡਕੇ ਬਾਕੀ ਲਗਭਗ ਸਾਰੀਆਂ ਪਾਰਟਆਂ 370 ਧਾਰਾ ਖ਼ਤਮ ਕਰਨ ਦੇ ਹੱਕ 'ਚ ਹੈ ਅਤੇ ਇਸੇ ਮੁੱਦੇ 'ਤੇ ਚੋਣ ਲੜਣਗੀਆਂ।

ਹਰਿਆਣਾ ਵਿਚ ਭਾਵੇਂ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਦਰਮਿਆਨ ਹੈ ਪਰ ਭਾਜਪਾ ਦੀ ਭਾਈਵਾਲ ਜੇ.ਜੇ.ਪੀ. ਜੋ ਕੁਝ ਸਮਾਂ ਪਹਿਲਾਂ ਗੱਠਜੋੜ ਤੋਂ ਵੱਖ ਹੋ ਗਈ, ਕਮਿਊਨਿਸਟ ਪਾਰਟੀ, ਆਈ.ਐੱਸ. ਐੱਲ.ਡੀ., ਬੀ.ਐੱਸ.ਪੀ. ਵੀ ਚੋਣਾਂ 'ਚ ਭਾਗ ਲੈਣਗੀਆਂ। ਪਰ ਕਿਉਂਕਿ ਕਿਸਾਨਾਂ ਦਾ ਵੀ ਇਥੇ ਜ਼ੋਰ ਹੈ, ਇਸ ਲਈ ਚਰਚਾ ਹੈ ਕਿ ਗੁਰਨਾਮ ਸਿੰਘ ਚੜੂਨੀ ਪ੍ਰਧਾਨ ਬੀ.ਕੇ.ਯੂ. ਹਰਿਆਣਾ ਦੀ ਅਗਵਾਈ 'ਚ ਕਿਸਾਨ ਵੀ ਚੋਣ ਲੜ ਸਕਦੇ ਹਨ। ਇਨ੍ਹਾਂ ਦਿਨਾਂ 'ਚ ਬਹੁਤ ਹੀ ਹਰਮਨ ਪਿਆਰੀ ਹੋਈ ਪਹਿਲਵਾਨ ਵਿਨੇਸ਼ ਫੋਗਾਟ ਨੂੰ ਜਿਸ ਢੰਗ ਨਾਲ ਪ੍ਰਦੇਸ਼ ਕਾਂਗਰਸ ਹਰਿਆਣਾ ਵਲੋਂ ਜੀ ਆਇਆਂ ਆਖਿਆ ਗਿਆ, ਉਸ ਤੋਂ ਵੀ ਜਾਪਦਾ ਹੈ ਕਿ ਹਰਿਆਣਾ ਦੇ ਖਿਡਾਰੀ ਵੀ ਭਾਜਪਾ ਦੇ ਉ ਪਰ ਕਾਂਗਰਸ ਦੇ ਹੱਕ 'ਚ ਭੁਗਤਣਗੇ।

ਇਸ ਵੇਲੇ ਹਾਲਾਤ ਇਹ ਵੀ ਹੈ ਕਿ ਕਾਂਗਰਸ ਵਿੱਚ ਦੋ ਧੜਿਆਂ 'ਚ ਆਪਸੀ ਫੁੱਟ ਹੈ ਅਤੇ ਇਸਦਾ ਨੁਕਸਾਨ ਚੋਣ ਵੇਲੇ ਕਾਂਗਰਸ ਨੂੰ ਹੋ ਸਕਦਾ ਹੈ। ਪਰ ਇਥੇ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਹਰਿਆਣਾ ਦੇ ਕਿਸਾਨ ਕਿਸ ਧਿਰ ਨਾਲ ਖੜਨਗੇ। ਭਾਵੇਂ ਕਿ ਲੋਕ ਸਭਾ 'ਚ ਬਹੁ ਗਿਣਤੀ ਖਾਪ ਪੰਚਾਇਤਾਂ ਕਾਂਗਰਸ ਲਈ ਖੜੀਆਂ। ਇਥੋਂ ਦੇ ਹੀ ਨਹੀਂ, ਸਗੋਂ ਦੇਸ਼ ਭਰ ਦੇ ਕਿਸਾਨ ਆਗੂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਮਿਲੇ ਸਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਸਮਰਥਣ ਮੰਗਿਆ ਸੀ।ਰਾਹੁਲ ਗਾਂਧੀ ਵਲੋਂ ਕਿਸਾਨਾਂ ਦੇ ਹੱਕ 'ਚ ਪੂਰੀ ਤਰ੍ਹਾਂ ਖੜਿਆ ਜਾ ਰਿਹਾ ਹੈ ਅਤੇ ਫ਼ਸਲਾਂ ਦੇ ਸਮਰਥਨ ਮੁੱਲ ਵਾਲੀ ਮੰਗ ਤੇ ਹੋਰ ਮੰਗਾਂ ਦਾ ਪੂਰੇ ਜ਼ੋਰ ਨਾਲ ਸਮਰਥਣ ਹੋ ਰਿਹਾ ਹੈ।

ਆਰ.ਐੱਸ.ਐੱਸ. ਭਾਜਪਾ ਅਤੇ ਦੇਸ਼ ਦੀ ਹਾਕਮ ਧਿਰ ਇਹਨਾਂ ਦੋਨਾਂ ਰਾਜਾਂ ਵਿਚ ਜਿੱਤ ਦੀ ਪ੍ਰਾਪਤੀ ਲਈ ਹਰ ਹੀਲਾ ਵਰਤੇਗੀ। ਖ਼ਾਸ ਕਰਕੇ ਨਰੇਂਦਰ ਮੋਦੀ, ਜਿਹੜੇ ਲੋਕ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ ਅਤੇ ਜਿਨ੍ਹਾਂ ਦੀ ਸਿਆਸੀ ਅਤੇ ਸਖ਼ਸ਼ੀ ਤਾਕਤ ਨੂੰ ਵੱਡਾ ਖੋਰਾ ਲੱਗਾ ਹੈ, ਉਹ ਆਪਣਾ ਅਕਸ ਸੁਧਾਰਨ ਲਈ ਚੋਣਾ ਜਿੱਤਣ ਲਈ ਹਰ ਹੀਲਾ ਵਰਤਣਗੇ। ਦੂਜੇ ਪਾਸੇ ਇੰਡੀਆ ਗੱਠਜੋੜ, (ਵਿਰੋਧੀ ਧਿਰ) ਵੀ ਇਨ੍ਹਾਂ ਮਹੱਤਵਪੂਰਨ ਸੂਬਿਆਂ 'ਚ ਆਪਣੀ ਤਾਕਤ ਵਧਾਉਣ ਲਈ ਯਤਨਸ਼ੀਲ ਰਹੇਗਾ।

ਵਿਰੋਧੀ ਧਿਰ ਵਲੋਂ ਮੌਜੂਦਾ ਸਰਕਾਰ ਦੇ ਪੁੱਟੇ ਗਲਤ ਕਦਮਾਂ, ਜਿਨ੍ਹਾਂ ਵਿਚ ਰਿਜ਼ਰਵੇਸ਼ਨ, ਲੈਟਰਲ ਇੰਟਰੀ ਨਾਲ ਵੱਡੇ ਅਫ਼ਸਰਾਂ ਦੀ ਭਰਤੀ, ਬੇਰੁਜ਼ਗਾਰੀ, ਵਧਦੀ ਭੁੱਖਮਰੀ ਜਿਹੇ ਮੁੱਦਿਆਂ ਨੂੰ ਗੰਭੀਰਤਾ ਨਾਲ ਚੁੱਕਿਆ ਜਾ ਰਿਹਾ ਹੈ, ਉਸ ਨਾਲ ਲੋਕਾਂ ਵਿਚ ਸਰਕਾਰ ਦੀਆਂ ਨੀਤੀਆਂ ਦੀ ਅਸਲੀਅਤ ਉੱਘੜ ਰਹੀ ਹੈ ਅਤੇ ਲੋਕਾਂ 'ਚ ਰੋਸ ਅਤੇ ਨਾਰਾਜ਼ਗੀ ਵਧ ਰਹੀ ਹੈ।

ਬਿਨ੍ਹਾਂ ਸ਼ੱਕ ਵਿਧਾਨ ਸਭਾ ਚੋਣਾਂ 'ਚ ਸਥਾਨਕ ਮੁੱਦੇ ਵੀ ਚਰਚਾ 'ਚ ਆਉਂਦੇ ਹਨ, ਪਰ ਦੇਸ਼ 'ਚ ਵਾਪਰ ਰਹੀਆਂ ਘਟਨਾਵਾਂ, ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਆਦਿ ਵੀ ਇਨ੍ਹਾਂ ਚੋਣਾਂ 'ਚ ਵੋਟਰਾਂ 'ਤੇ ਪ੍ਰਭਾਵ ਪਾਏਗੀ।

ਉਂਜ ਹਰਿਆਣਾ ਅਤੇ ਜੰਮੂ ਕਸ਼ਮੀਰ ਵਿਚ ਚੋਣਾਂ ਨੂੰ ਦੋ ਸੂਬਿਆਂ ਦੀਆਂ ਚੋਣਾਂ ਵਜੋਂ ਹੀ ਨਹੀਂ ਵੇਖਣਾ ਚਾਹੀਦਾ। ਉਸ ਦੇ ਨਤੀਜਿਆਂ ਦਾ ਅਸਰ ਦੇਸ਼ ਦੀ ਰਾਜਨੀਤੀ ਉੱਤੇ ਵੱਡਾ ਪਏਗਾ। ਇਹ ਭਾਜਪਾ ਦੀ ਇਨ੍ਹਾਂ ਸੂਬਿਆਂ 'ਚ ਤਾਕਤ ਦੀ ਇਮਤਿਹਾਨੀ ਘੜੀ ਹੈ। ਇਸਦਾ ਅਸਰ ਮਹਾਂਰਾਸ਼ਟਰ ਦੀਆਂ ਚੋਣਾਂ ਉੱਤੇ ਵੀ ਪਵੇਗਾ। ਜਿਥੇ ਆਉਣ ਵਾਲੇ ਮਹੀਨਿਆਂ 'ਚ ਚੋਣਾਂ ਹੋਣੀਆਂ ਹਨ। ਅਸਲ 'ਚ ਮਹਾਂਰਾਸ਼ਟਰ ਦੀਆਂ ਚੋਣਾਂ 'ਚ ਵੋਟਰਾਂ ਦਾ ਸਿਆਸੀ ਮੂਡ ਇਨ੍ਹਾਂ ਸੂਬਿਆਂ ਦੇ ਚੋਣ ਨਤੀਜਿਆਂ ਉੱਤੇ ਵੀ ਨਿਰਭਰ ਕਰੇਗਾ।

ਸਫਾ 1 ਦਾ ਬਾਕੀ

## ਜੋਅ ਬਾਇਡਨ ਦੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ...

ਦਾਇਰ ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਲਿਆਂਦੀ ਯੋਜਨਾ ਸਰਾਸਰ ਗੈਰਕਾਨੂੰਨੀ ਹੈ। ਗਰੀਨ ਕਾਰਡ ਯੋਜਨਾ ਵਿਰੁੱਧ ਟੈਕਸਾਸ ਵਿਚ ਮੁਕੱਦਮਾ ਦਾਇਰ ਕਰਨ ਵਾਲੇ ਰਾਜਾਂ ਵਿਚ ਐਲਾਬਾਮਾ, ਅਰਕਨਸਾਸ, ਫਲੋਰੀਡਾ, ਜਾਰਜੀਆ, ਆਇਓਵਾ, ਕੈਨਸਸ, ਲੂਸੀਆਨਾ, ਮਜ਼ੂਰੀ, ਨੌਰਥ ਡੈਕੋਟਾ, ਓਹਾਇਓ, ਸਾਊਥ ਕੈਰੋਲੀਨਾ, ਸਾਊਥ ਡੈਕੋਟਾ, ਟੈਨੇਸੀ ਅਤੇ ਵਯੋਮਿੰਗ ਸੂਬੇ ਸ਼ਾਮਲ ਹਨ।

ਸਫਾ 1 ਦਾ ਬਾਕੀ

## ਅਮਰੀਕਾ ਤੋਂ ਅੰਮ੍ਰਿਤਸਰ ਪਰਤੇ ਐੱਨ.ਆਰ.ਆਈ. ਨੂੰ...

ਹਮਲਾਵਰ ਸੁਖਵਿੰਦਰ ਉਰਫ਼ ਸੁੱਖਾ ਅਤੇ ਗੁਰਕੀਰਤ ਸਿੰਘ ਉਰਫ਼ ਗੁਰੀ ਵੀ ਸ਼ਾਮਲ ਹਨ। ਉਸ ਨੂੰ ਕਥਿਤ ਤੌਰ 'ਤੇ ਸੁਖਚੈਨ ਨੂੰ ਮਾਰਨ ਦਾ ਠੇਕਾ ਦਿੱਤਾ ਗਿਆ ਸੀ। ਪੁਲਿਸ ਨੇ ਦੱਸਿਆ ਕਿ ਸ਼ਨੀਵਾਰ ਨੂੰ ਸੁਖਵਿੰਦਰ ਅਤੇ ਗੁਰਕੀਰਤ ਮੋਟਰਸਾਈਕਲ 'ਤੇ ਸੁਖਚੈਨ ਦੇ ਘਰ ਪਹੁੰਚੇ ਸਨ। ਦੋਵਾਂ ਨੇ ਸੁਖਚੈਨ ਨੂੰ ਪਿਸਤੌਲ ਨਾਲ ਘਰ ਦੇ ਅੰਦਰ ਲਿਜਾ ਕੇ ਤਿੰਨ ਗੋਲੀਆਂ ਚਲਾਈਆਂ, ਜਿਨ੍ਹਾਂ ਵਿਚੋਂ ਦੋ ਗੋਲੀਆਂ ਉਸ ਨੂੰ ਲੱਗੀਆਂ।

ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਸਰਵਣ ਸਿੰਘ ਵੀ ਸ਼ਾਮਲ ਹੈ, ਜੋ ਸੁਖਚੈਨ ਦੀ ਪਹਿਲੀ ਪਤਨੀ ਦਾ ਪਿਤਾ ਹੈ। ਉਹ ਹੁਸ਼ਿਆਰਪੁਰ ਦੇ ਪਿੰਡ ਬੈਂਸ ਦਾ ਰਹਿਣ ਵਾਲਾ ਹੈ। ਇਨ੍ਹਾਂ ਤੋਂ ਇਲਾਵਾ ਤਰਨਤਾਰਨ ਦੇ ਜਗਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਜਿਸ ਹੋਟਲ ਵਿਚ ਹਮਲਾਵਰ ਠਹਿਰੇ ਸਨ, ਉਸ ਦੇ ਮਾਲਕ ਦਿਗੰਬਰ ਅੱਤਰੀ ਅਤੇ ਮੈਨੇਜਰ ਅਭਿਲਾਸ਼ ਭਾਸਕਰ ਨੂੰ ਵੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਸੋਮਵਾਰ ਨੂੰ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਢਿੱਲੋਂ ਦਾ ਹਵਾਲਾ ਦਿੰਦੇ ਹੋਏ ਮੀਡੀਆ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਨੇ ਇਸ ਮਾਮਲੇ ਵਿੱਚ ਅਮਰੀਕਾ ਸਥਿਤ ਸੁਖਵਿੰਦਰ ਸਿੰਘ, ਕੁਲਜਿੰਦਰ ਕੌਰ ਅਤੇ ਉਸਦੇ ਪਤੀ ਜਸਵੀਰ ਸਿੰਘ ਨੂੰ ਵੀ ਦੋਸ਼ੀ ਬਣਾਇਆ ਹੈ। ਇਨ੍ਹਾਂ ਵਿੱਚ ਸੁਖਵਿੰਦਰ ਅਤੇ ਕੁਲਜਿੰਦਰ ਨੂੰ ਸੁਖਚੈਨ ਦੀ ਪਹਿਲੀ ਪਤਨੀ ਦਾ ਭਰਾ-ਭੈਣ ਦੱਸਿਆ ਗਿਆ ਹੈ।

ਸਫਾ 1 ਦਾ ਬਾਕੀ

## ਪੰਜਾਬ ਜ਼ਿਮਨੀ ਚੋਣ ਲਈ ਵੱਖ-ਵੱਖ ਸਿਆਸੀ ਪਾਰਟੀਆਂ...

ਸੁਖਬੀਰ ਤੇ ਅਕਾਲੀ ਦਲ ਦੇ ਨਾਲ ਨਾਰਾਜ਼ਗੀ ਪੈਦਾ ਹੋ ਗਈ ਸੀ ਕਿਉਂਕਿ ਉਹ ਅਕਾਲੀ ਦਲ ਵੱਲੋਂ ਕਾਫੀ ਸਮੇਂ ਤੋਂ ਇਸ ਵਿਧਾਨ ਸਭਾ ਹਲਕੇ ਵਿਚ ਸਰਗਰਮ ਸਨ। ਹੋਰ ਵਿਧਾਨ ਸਭਾ ਸੀਟਾਂ 'ਤੇ ਖੇਡ ਅਜੇ ਸ਼ੁਰੂ ਹੋਣੀ ਹੈ ਅਤੇ ਜੋੜ-ਤੋੜ ਦੀ ਰਾਜਨੀਤੀ ਭਖ ਜਾਵੇਗੀ। ਇਹ ਚਾਰੇ ਸੀਟਾਂ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਕਾਫੀ ਅਹਿਮ ਹਨ ਕਿਉਂਕਿ ਜੇ ਇਨ੍ਹਾਂ ਸੀਟਾਂ 'ਤੇ ਉਸ ਦੀ ਜਿੱਤ ਹੁੰਦੀ ਹੈ, ਤਾਂ ਇਸ ਦਾ ਅਸਰ ਕਾਰਪੋਰੇਸ਼ਨ ਚੋਣਾਂ 'ਤੇ ਪਵੇਗਾ। ਵਿਰੋਧੀ ਪਾਰਟੀਆਂ ਵੀ ਇਹ ਗੱਲ ਚੰਗੀ ਤਰ੍ਹਾਂ ਸਮਝਦੀਆਂ ਹਨ, ਇਸੇ ਲਈ ਇਨ੍ਹਾਂ ਸੀਟਾਂ ਨੂੰ ਲੈ ਕੇ ਕਾਫੀ ਭੱਜ-ਦੌੜ ਹੋਣ ਦੇ ਆਸਾਰ ਹਨ।

ਸਫਾ 1 ਦਾ ਬਾਕੀ


## ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਅਹਿਮ ਬਣੇ ਅਮਰੀਕਾ...

ਪਿਛਲੀਆਂ ਚੋਣਾਂ ਵਿਚ ਰਾਸ਼ਟਰਪਤੀ ਦੀ ਚੋਣ ਵਿਚ ਮੁੱਖ ਭੂਮਿਕਾ ਨਿਭਾਈ ਸੀ। ਇਸ ਰਾਜ ਵਿਚ ਅਰਬ ਅਮਰੀਕੀਆਂ ਦੀ ਬਹੁਗਿਣਤੀ ਹੈ। ਬਾਇਡਨ ਦੇ ਇਜ਼ਰਾਈਲ ਦੇ ਸਮਰਥਨ ਨੂੰ ਮਿਸ਼ੀਗਨ ਵਿਚ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਹੀਂ ਤਾਂ, ਬੇਰੁਜ਼ਗਾਰੀ ਅਤੇ ਆਰਥਿਕ ਵਿਕਾਸ ਨੇਵਾਡਾ ਰਾਜ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਹਨ। ਦੋਵਾਂ ਪਾਰਟੀਆਂ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਉਥੇ ਵੋਟਰਾਂ ਨਾਲ ਵਾਅਦਾ ਕਰ ਰਹੇ ਹਨ ਕਿ ਉਹ ਟੈਕਸ ਘਟਾਉਣਗੇ ਅਤੇ ਨਿਯਮਾਂ ਨੂੰ ਵੀ ਘਟਾਉਣਗੇ। ਡੋਨਾਲਡ ਟਰੰਪ 'ਤੇ ਹੱਤਿਆ ਦੀ ਕੋਸ਼ਿਸ਼ ਦਾ ਉੱਤਰੀ ਕੈਰੋਲੀਨਾ ਦੇ ਵੋਟਰਾਂ 'ਤੇ ਡੂੰਘਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਪੈਨਸਿਲਵੇਨੀਆ ਦੇ ਰਾਜ ਦੇ ਵੋਟਰ ਉੱਚ ਮਹਿੰਗਾਈ ਕਾਰਨ ਡੈਮੋਕ੍ਰੇਟਿਕ ਪਾਰਟੀ 'ਤੇ ਸਖਤ ਰੁਖ ਕਰ ਰਹੇ ਹਨ। ਫਿਰ ਵੀ, ਇਸ ਵਾਰ ਗ੍ਰੀਨ ਪਾਰਟੀ ਨੇ ਵਿਸਕਾਨਸਿਨ ਰਾਜ ਤੋਂ ਚੋਣ ਲੜੀ, ਜੋ 2016 ਅਤੇ 2020 ਦੀਆਂ ਚੋਣਾਂ ਵਿਚ ਅਹਿਮ ਹੈ। ਇਸ ਰਾਜ ਵਿਚ ਡੈਮੋਕ੍ਰੇਟਿਕ ਪਾਰਟੀ ਨੂੰ ਕੁਝ ਨੁਕਸਾਨ ਹੋਣ ਦਾ ਖਤਰਾ ਹੈ ਕਿਉਂਕਿ ਇੱਥੇ ਵੋਟਾਂ ਵੰਡੀਆਂ ਜਾ ਸਕਦੀ ਹਨ।

# ਸੰਘੀ ਢਾਂਚੇ ਦੀ ਭਾਵਨਾ ਦੇ ਖਿਲਾਫ਼ ਵਰਤਾਰਾ ਖ਼ਤਰਨਾਕ

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA





ਕੁਝ ਦਿਨ ਪਹਿਲਾਂ ਹੀ ਪੰਜਾਬ ਦੇ 37ਵੇਂ ਰਾਜਪਾਲ ਵਜੋਂ 79 ਸਾਲ ਦੀ ਉਮਰ ਦੇ ਗੁਲਾਬ ਚੰਦ ਕਟਾਰੀਆ ਨੇ ਚਾਰਜ ਲਿਆ ਹੈ। ਉਹ ਸਿੱਕੇ ਬੰਦ ਭਾਜਪਾ ਨੇਤਾ ਹਨ। ਗੁਲਾਬ ਚੰਦ ਕਟਾਰੀਆ ਨੇ ਬਨਵਾਰੀ ਲਾਲ ਪ੍ਰੋਹਿਤ ਦੀ ਥਾਂ ਲਈ ਹੈ, ਜਿਨ੍ਹਾਂ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ, ਉਨ੍ਹਾਂ ਦੇ ਪੂਰੇ ਕਾਰਜਕਾਲ ਦੌਰਾਨ ਇੱਟ-ਖੜਿੱਕਾ ਰਿਹਾ। ਸੂਬੇ ਦੇ ਦੋਵੇਂ ਸੰਵਿਧਾਨਿਕ ਆਗੂ ਮਹਿਣੋ-ਮਹਿਣੀ ਤਾਂ ਹੋਏ ਹੀ, ਕੋਰਟ-ਕਚਹਿਰੀਆਂ 'ਚ ਕੇਸ ਲੜਦੇ ਰਹੇ ਅਤੇ ਪੰਜਾਬ ਦੇ ਖ਼ਜ਼ਾਨੇ ਨੂੰ ਚੂਨਾ ਲਾਉਂਦੇ ਰਹੇ।

ਗਵਰਨਰ ਬਨਵਾਰੀ ਲਾਲ ਪ੍ਰੋਹਿਤ ਦੇ ਕਦਮ ਚਿੰਨ੍ਹਾਂ 'ਤੇ ਚਲਦਿਆਂ ਨਵੇਂ ਗਵਰਨਰ ਗੁਲਾਬ ਚੰਦ ਕਟਾਰੀਆ ਨੇ ਚਾਰਜ ਸੰਭਾਲਦਿਆਂ ਹੀ ਪੰਜਾਬ ਦੇ ਪ੍ਰਸ਼ਾਸਨੀ ਸਕੱਤਰਾਂ ਨਾਲ ਮੀਟਿੰਗਾਂ ਆਰੰਭ ਕਰ ਦਿੱਤੀਆਂ। ਇਨ੍ਹਾਂ ਮੀਟਿੰਗਾਂ ਨੂੰ ਭਾਰਤੀ ਸੰਵਿਧਾਨ ਵਿਚ ਅੰਕਿਤ ਸੰਘੀ ਢਾਂਚੇ ਦੀ ਭਾਵਨਾ ਦੇ ਖਿਲਾਫ਼ ਮੰਨਿਆ ਜਾ ਰਿਹਾ ਹੈ ਅਤੇ ਕੇਂਦਰ ਸਰਕਾਰ ਵਲੋਂ ਰਾਜ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਗਰਦਾਨਿਆਂ ਜਾ ਰਿਹਾ ਹੈ।

ਪੰਜਾਬ ਦੀ ਹਾਕਮ ਧਿਰ, ਵਿਰੋਧੀ ਧਿਰ, ਸ਼੍ਰੋਮਣੀ ਅਕਾਲੀ ਦਲ ਲਗਭਗ ਸਾਰੀਆਂ ਹੀ ਸਿਆਸੀ ਪਾਰਟੀਆਂ ਨੇ ਇਸ ਕਾਰਵਾਈ ਨੂੰ ਗਲਤ ਕਰਾਰ ਦਿੱਤਾ ਹੈ।

ਲਗਭਗ ਇੱਕ ਦਹਾਕੇ ਦੇ ਮੋਦੀ ਸਰਕਾਰ ਦੇ ਕਾਰਜਕਾਰ ਦੌਰਾਨ ਦੇਸ਼ ਦੇ ਸੰਘੀ ਢਾਂਚੇ ਨੂੰ ਵਿਗਾੜਨ ਤੇ ਉਖਾੜਨ ਲਈ ਯਤਨ ਹੋ ਰਹੇ ਹਨ। ਰਾਜਪਾਲ ਖ਼ਾਸ ਤੌਰ 'ਤੇ ਉਨ੍ਹਾਂ ਸੂਬਿਆਂ ਵਿਚ ਸਿੱਧਾ ਪ੍ਰਸ਼ਾਸਕੀ ਦਖ਼ਲ ਦੇ ਰਹੇ ਹਨ, ਜਿਨ੍ਹਾਂ ਸੂਬਿਆਂ ਵਿਚ ਭਾਜਪਾ ਦੀ ਸਰਕਾਰ ਨਹੀਂ ਹੈ। ਇਸ ਦਖ਼ਲਅੰਦਾਜੀ ਦੇ ਖਿਲਾਫ਼ ਵਿਰੋਧੀ ਧਿਰ ਵਾਲੀਆਂ ਸੂਬਾ ਸਰਕਾਰਾਂ ਵਿਰੋਧ ਕਰ ਰਹੀਆਂ ਹਨ। ਪਰ ਬੇਵਸ ਦਿਖਦੀਆਂ ਹਨ।

ਬਿਨ੍ਹਾਂ ਸ਼ੱਕ ਇਸ ਤਰ੍ਹਾਂ ਦੀਆਂ ਕਾਰਵਾਈਆਂ ਰਾਜ ਦੇ ਮਾਮਲਿਆਂ ਵਿਚ ਕੇਂਦਰ ਸਰਕਾਰ ਦੀ ਦਖ਼ਲ-ਅੰਦਾਜ਼ੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਵਿਰੁੱਧ ਹੈ। ਇਸ ਨਾਲ ਕੇਂਦਰ ਰਾਜ ਸਬੰਧਾਂ 'ਤੇ ਸਿੱਧਾ ਅਸਰ ਪਏਗਾ। ਇਸ ਕਿਸਮ ਦੇ ਦਖ਼ਲ ਦਾ ਮਤਲਬ ਪ੍ਰਸ਼ਾਸਕੀ ਅਫ਼ਸਰਾਂ ਨੂੰ ਦੋਹਰੀ ਕਮਾਂਡ ਦੇਣ ਦੇ ਤੁਲ ਹੈ। ਇਸ ਨਾਲ ਚੁਣੀ ਸਰਕਾਰ ਨੂੰ ਆਪਣੀ ਸਰਕਾਰ ਚਲਾਉਣ ਲਈ ਵਧੇਰੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹੋ ਜਿਹੇ ਦਖ਼ਲ ਦਾ ਸਿੱਟਾ ਕੇਂਦਰ ਤੇ ਸੂਬਿਆਂ ਦੇ ਟਕਰਾਅ 'ਚ ਵੇਖਿਆ ਜਾ ਰਿਹਾ ਹੈ। ਪੰਜਾਬ, ਪੱਛਮੀ ਬੰਗਾਲ 'ਚ ਇਹ ਟਕਰਾਅ ਹੱਦਾਂ ਬੰਨ੍ਹੇ ਟੱਪ ਚੁੱਕਾ ਹੈ। ਕੇਂਦਰ ਰਾਜਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਯੋਜਨਾਬੰਦੀ ਨਹੀਂ ਕਰਨ ਦੇ ਰਿਹਾ, ਸਕੀਮਾਂ ਬਨਾਉਣ ਦੀ ਆਗਿਆ ਨਹੀਂ ਦੇ ਰਿਹਾ। ਇਹੋ ਹੀ ਕਾਰਨ ਹੈ ਕਿ ਸਿਹਤ, ਸਿੱਖਿਆ ਲਈ ਕੇਂਦਰ ਸਰਕਾਰ ਵਲੋਂ ਕੇਂਦਰੀ ਫੰਡ ਰੋਕ ਦਿੱਤੇ ਜਾਂਦੇ ਹਨ। ਪੰਜਾਬ 'ਚ ਭਗਵੰਤ ਸਿੰਘ ਮਾਨ ਸਰਕਾਰ ਦੇ ਕੇਂਦਰੀ ਫੰਡ ਰੋਕ ਦਿੱਤੇ ਗਏ, ਕਿਉਂਕਿ ਉਨ੍ਹਾਂ ਕੇਂਦਰੀ ਸਕੀਮਾਂ ਦੀ ਥਾਂ "ਮੁਹੱਲਾ ਕਲੀਨਿਕ" ਬਣਾ ਦਿੱਤੇ। ਪੰਜਾਬ 'ਚ ਪੇਂਡੂ ਵਿਕਾਸ ਫੰਡ (ਆਰ.ਡੀ.ਐੱਫ.) ਦੇ ਬਕਾਏ ਦੇਣ ਤੋਂ ਨਾਂਹ ਕਰ ਦਿੱਤੀ ਗਈ। ਇਥੇ ਹੀ ਬੱਸ ਨਹੀਂ, ਸੂਬੇ ਦੇ ਸਰਹੱਦੀ ਇਲਾਕਿਆਂ ਵਿਚ ਕੇਂਦਰ ਨੇ ਬੀ.ਐੱਸ.ਐੱਫ. ਤਾਇਨਾਤ ਕਰਕੇ ਅਤੇ ਉਸ ਏਜੰਸੀ ਦੀਆਂ ਤਾਕਤਾਂ ਦਾ ਘੇਰਾ ਵਧਾਕੇ ਕੇਂਦਰ ਨੇ ਆਪਣਾ ਕੰਟਰੋਲ ਵਧਾ ਲਿਆ ਹੈ।

ਕੀ ਇਹ ਦੋ ਸਮਾਂਤਰ ਸਰਕਾਰਾਂ ਬਨਾਉਣ ਵਾਂਗਰ ਨਹੀਂ ਹੈ? ਜਦੋਂ ਪੰਜਾਬ ਵਿਚ ਚੁਣੀ ਹੋਈ ਸਰਕਾਰ ਹੈ। ਪੱਛਮੀ ਬੰਗਾਲ ਵਿਚ ਵੀ ਚੁਣੀ ਹੋਈ ਸਰਕਾਰ ਹੈ। ਦੇਸ਼ ਦੇ ਹੋਰ ਕਈ ਰਾਜਾਂ ਵਿਚ ਵੀ ਭਾਜਪਾ ਤੋਂ ਉਲਟ ਪਾਰਟੀਆਂ ਆਪਣੀਆਂ ਸਰਕਾਰਾਂ ਬਣਾਈ ਬੈਠੀਆਂ ਹਨ, ਤਾਂ ਫਿਰ ਕੇਂਦਰ ਸਰਕਾਰ, ਸੰਘੀ ਢਾਂਚੇ ਦੀ ਭਾਵਨਾ ਅਨੁਸਾਰ ਉਨ੍ਹਾਂ ਸਰਕਾਰਾਂ ਨੂੰ ਕੰਮ ਕਿਉਂ ਨਹੀਂ ਕਰਨ ਦੇ ਰਿਹਾ?

ਕਿਸੇ ਵੀ ਸੂਬੇ ਵਿਚ ਦੋ ਸਮਾਂਤਰ ਸਰਕਾਰਾਂ ਨਹੀਂ ਹੋ ਸਕਦੀਆਂ। ਇਸ ਨਾਲ ਪੁਲਿਸ, ਪ੍ਰਸ਼ਾਸਨ 'ਚ ਵਿਗਾੜ ਪੈਦਾ ਹੁੰਦਾ ਹੈ। ਆਈ.ਏ.ਐੱਸ. ਅਫ਼ਸਰ, ਆਈ.ਪੀ.ਐੱਸ. ਅਫ਼ਸਰ, ਜਿਹੜੇ ਕੇਂਦਰ ਸਰਕਾਰ ਦੇ ਲਈ ਵੀ ਜਵਾਬਦੇਹ ਹਨ, ਇਹੋ ਜਿਹੇ ਹਾਲਾਤਾਂ 'ਚ ਉਨ੍ਹਾਂ ਦੇ ਕੰਮ ਕਰਨ ਦੇ ਤੌਰ-ਤਰੀਕਿਆਂ 'ਤੇ ਫ਼ਰਕ ਪੈਂਦਾ ਹੈ। ਸੰਘੀ ਢਾਂਚੇ ਦੀ ਭਾਵਨਾ ਤਾਂ ਇਹ ਹੈ ਕਿ ਸੂਬਿਆਂ ਨੂੰ ਆਪਣੇ ਕੰਮ ਆਪ ਚਲਾਉਣ ਦਿੱਤੇ ਜਾਣ। ਪੰਜਾਬ, ਪੱਛਮੀ ਬੰਗਾਲ ਵਰਗੇ ਸਰਹੱਦੀ ਰਾਜਾਂ ਵਿਚ ਤਾਂ ਅਜਿਹਾ ਹੋਣਾ ਹੋਰ ਵੀ ਜ਼ਰੂਰੀ ਹੈ।

ਕੇਂਦਰ ਸਰਕਾਰ ਵਲੋਂ ਸੂਬਿਆਂ ਦੇ ਹੱਕ ਖੋਹਣ ਦਾ ਮਾਮਲਾ ਨਵਾਂ ਨਹੀਂ ਹੈ। ਕੇਂਦਰ ਆਪਣੀਆਂ ਵਿਰੋਧੀ ਸੂਬਿਆਂ ਦੀ ਸਰਕਾਰਾਂ ਨੂੰ ਗੈਰ-ਸੰਵਿਧਾਨਿਕ ਤੌਰ 'ਤੇ ਤੋੜਦਾ ਵੀ ਰਿਹਾ ਹੈ ਅਤੇ ਹੁਣ ਪਿਛਲੇ ਇੱਕ ਦਹਾਕੇ ਤੋਂ ਇਹ ਵਰਤਾਰਾ ਸਿਖ਼ਰਾਂ ਛੋਹ ਗਿਆ ਹੈ। ਕੇਂਦਰ ਦੀ ਮੋਦੀ ਸਰਕਾਰ ਸਭੋ ਕੁਝ ਆਪਣੀ ਮੁੱਠੀ 'ਚ ਕਰਨਾ ਚਾਹੁੰਦੀ ਹੈ, ਜਿਸ ਨਾਲ ਸੰਘੀ ਢਾਂਚੇ ਦੀ ਭਾਵਨਾ 'ਤੇ ਸੱਟ ਪੈਂਦੀ ਨਜ਼ਰ ਆਉਂਦੀ ਹੈ।

ਸੂਬਿਆਂ ਦੇ ਹੱਕਾਂ ਉਤੇ ਜਦੋਂ ਛਾਪਾ ਪੈਂਦਾ ਹੈ, ਉਸ ਵੇਲੇ ਉਥੋਂ ਦੇ ਲੋਕਾਂ 'ਚ ਵਿਆਪਕ ਰੋਸ ਵੇਖਣ ਨੂੰ ਮਿਲਦਾ ਹੈ। ਪੰਜਾਬ ਦਾ ਦਿੱਲੀ ਸਰਕਾਰ ਨਾਲ ਮੌਜੂਦਾ ਦੌਰ ਵਿਚ ਅਤੇ ਪਹਿਲਾਂ ਵੀ ਟਕਰਾਅ ਸਿਖ਼ਰਾਂ 'ਤੇ ਪੁੱਜਦਾ ਰਿਹਾ ਹੈ। ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਇਸੇ ਕਰਕੇ ਉੱਠਦੀ ਰਹੀ ਹੈ। ਪੰਜਾਬ ਵਿਚੋਂ ਬਗਾਵਤੀ ਸੁਰਾਂ ਉੱਠਣ ਦਾ ਕਾਰਨ ਹੀ ਇਹੋ ਸੀ ਕਿ ਅਨੰਦਪੁਰ ਸਾਹਿਬ ਦਾ ਸਿਆਸੀ ਮਤਾ ਪੰਜਾਬ ਦੀ ਖੇਤਰੀ ਪਾਰਟੀ ਨੇ ਪਾਸ ਕੀਤਾ। ਭਾਵੇਂ ਮੌਕੇ ਦੀ ਕਾਂਗਰਸ ਸਰਕਾਰ ਨੇ ਇਸ ਮਤੇ ਨੂੰ ਵੱਖਵਾਦੀ ਦੱਸਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖ਼ਤਰੇ ਵਜੋਂ ਪੇਸ਼ ਕੀਤਾ। ਪਰ ਇਸ ਮਤੇ ਵਿਚ ਜਿਹੜੇ ਪੱਖ ਉਲੀਕੇ ਗਏ, ਉਨ੍ਹਾਂ ਨੂੰ ਦੇਸ਼ ਦੇ ਹੋਰ ਕਈ ਸੂਬਿਆਂ ਦੇ ਲੋਕਾਂ ਵਲੋਂ ਹੁੰਗਾਰਾ ਮਿਲਿਆ, ਕਿਉਂਕਿ ਕੇਂਦਰ ਦੀਆਂ ਸਰਕਾਰਾਂ ਭਾਵੇਂ ਉਹ ਕਾਂਗਰਸ ਦੀ ਸਰਕਾਰ ਸੀ ਜਾਂ ਹੁਣ ਵਾਲੀ ਭਾਜਪਾ ਸਰਕਾਰ, ਉਹ ਸੂਬਿਆਂ ਦੀਆਂ ਸਰਕਾਰਾਂ ਨੂੰ "ਇੱਕ ਮਿਊਂਸਪਲ ਕਮੇਟੀ" ਵਾਂਗਰ ਚਲਾਉਂਦੀ ਦਿਖਦੀ ਰਹੀ।

ਅਨੰਦਪੁਰ ਮਤਾ ਫੈਡਰਿਲਜ਼ਮ ਨੂੰ ਪ੍ਰਭਾਸ਼ਿਤ ਕਰਦਾ ਹੈ। ਇਸ ਅਨੁਸਾਰ "ਇਸ ਨਵੇਂ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖ਼ਲ ਕੇਵਲ ਮੁਲਕ ਦੇ ਡਿਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ, ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੱਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨਾ ਆਪ ਬਨਾਉਣ ਦਾ ਪੂਰਨ ਅਧਿਕਾਰ ਹੋਵੇ"।

ਇਸ ਮਤੇ ਦਾ ਮੰਤਵ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧਿਆਨ ਵਿਚ ਰੱਖਦਿਆਂ ਸੂਬਿਆਂ ਨੂੰ ਖ਼ੁਦ ਮੁਖਤਿਆਰੀ ਦੁਆਉਣਾ ਹੈ, ਕਿਉਂਕਿ ਅਨੇਕਤਾਵਾਂ ਵਿਚ ਏਕਤਾ ਹੀ ਸਾਡੇ ਦੇਸ਼ ਨੂੰ ਬਣਾਉਂਦੀ ਹੈ।

ਪਰ ਇਹ ਮਤਾ ਅਕਾਲੀ-ਭਾਜਪਾ ਦੇ ਆਪਸੀ ਗੱਠਜੋੜ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਗੱਲ ਨੂੰ ਛੱਡਦਿਆਂ ਸਿਰਫ਼ ਰਾਜ ਕਰਨ ਤੱਕ ਸੀਮਤ ਰਹਿਣ ਕਾਰਨ ਅਕਾਲੀ ਦਲ ਵਲੋਂ ਲਗਭਗ ਛੱਡ ਹੀ ਦਿੱਤਾ ਗਿਆ।

ਅੱਜ ਜਦੋਂ ਕੇਂਦਰ ਦੀ ਸਰਕਾਰ ਸੂਬਿਆਂ ਦੇ ਪ੍ਰਬੰਧ ਵਿਚ ਆਪਣੇ ਥਾਪੇ "ਸੂਬੇਦਾਰਾਂ" (ਰਾਜਪਾਲਾਂ) ਰਾਹੀਂ ਬੇਲੋੜਾ ਦਖ਼ਲ ਦੇ ਰਹੀ ਹੈ, ਤਾਂ ਵਿਰੋਧੀ ਧਿਰਾਂ ਵਾਲੇ ਸੂਬੇ, ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਨ ਲੱਗ ਪਏ ਹਨ ਅਤੇ ਇਥੋਂ ਦੇ ਲੋਕ ਵੀ ਵੱਧ ਹੱਕਾਂ ਦੀ ਮੰਗ ਲਈ ਇਕਜੁੱਟ ਹੋਣ ਲੱਗੇ ਹਨ।

ਕੇਂਦਰ ਦੀ ਮੋਦੀ ਸਰਕਾਰ ਨੇ ਜਦੋਂ ਸੂਬਿਆਂ ਦੇ ਅਧਿਕਾਰ ਖੇਤਰ ਵਾਲੀ ਮੱਦ ਖੇਤੀ 'ਚ ਦਖ਼ਲ ਦੇ ਕੇ ਆਪਣੇ ਤੌਰ 'ਤੇ ਖੇਤੀ ਕਾਨੂੰਨ ਬਣਾਏ, ਤਾਂ ਪੰਜਾਬ ਦੇ ਲੋਕਾਂ ਨੇ ਇਸ ਨੂੰ ਸੰਘੀ ਢਾਂਚੇ 'ਚ ਸਿੱਧਾ ਦਖ਼ਲ ਮੰਨਿਆ, ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਚੱਲਿਆ, ਕੇਂਦਰੀ ਹਾਕਮਾਂ ਨੂੰ ਇਹ ਕਾਨੂੰਨ ਵਾਪਿਸ ਲੈਣੇ ਪਏ।

ਹੁਣ ਵੀ ਪੰਜਾਬ 'ਚ ਕਾਨੂੰਨ ਵਿਵਸਥਾ ਢਹਿ-ਢੇਰੀ ਹੋਣ ਨੂੰ ਮੁੱਦਾ ਬਣਾਕੇ ਕੇਂਦਰ ਸਰਕਾਰ ਵਲੋਂ ਉਸਾਰੀ ਜਾ ਰਹੀ ਐਕਸਪ੍ਰੈੱਸ ਹਾਈਵੇ ਲਈ ਜ਼ਮੀਨਾਂ ਐਕਵਾਇਰ ਨਾ ਕਰਨ ਵਰਗੀਆਂ ਅਸਫਲਤਾਵਾਂ ਕਾਰਨ ਕੇਂਦਰ ਨੂੰ ਰਾਜ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਦਾ ਮੌਕਾ ਮਿਲਿਆ ਹੈ। ਉਸ ਵਲੋਂ ਕੁਝ ਸੜਕੀ ਪ੍ਰਾਜੈਕਟ ਪਹਿਲਾਂ ਹੀ ਰੱਦ ਕਰ ਦਿੱਤੇ ਗਏ ਹਨ ਅਤੇ ਐਕਸਪ੍ਰੈੱਸ ਹਾਈਵੇ ਨੂੰ ਰੱਦ ਕਰਨ ਦੀਆਂ ਧਮਕੀਆਂ ਕੇਂਦਰ ਵਲੋਂ ਸੂਬੇ ਨੂੰ ਲਗਾਤਾਰ ਮਿਲ ਰਹੀਆਂ ਹਨ।

ਮੌਜੂਦਾ ਕੇਂਦਰ ਸਰਕਾਰ ਦਾ ਏਜੰਡਾ ਸ਼ਕਤੀਆਂ ਦੇ ਕੇਂਦਰੀਕਰਨ ਵਾਲਾ ਹੈ। ਸਾਰੀਆਂ ਸ਼ਕਤੀਆਂ ਕੇਂਦਰ ਦੀ ਮੁੱਠੀ 'ਚ ਦੇਣ ਦਾ ਹੈ। ਉਸਦਾ ਏਜੰਡਾ ਧੰਨ ਕੁਬੇਰਾਂ ਦੀ ਕਠਪੁਤਲੀ ਬਣਕੇ ਦੇਸ਼ 'ਚ ਨਿੱਜੀਕਰਨ 'ਚ ਵਾਧੇ ਦਾ ਹੈ। ਬਹੁਤੇ ਸੂਬੇ ਸ਼ਕਤੀਆਂ ਕੇਂਦਰ ਹੱਥ ਫੜਾਉਣ ਦੇ ਹੱਕ 'ਚ ਨਹੀਂ ਹਨ। ਖ਼ਾਸ ਤੌਰ 'ਤੇ ਖੇਤਰੀ ਪਾਰਟੀਆਂ ਤਾਂ ਇਸਦਾ ਲਗਾਤਾਰ ਵਿਰੋਧ ਕਰਦੀਆਂ ਹਨ। ਇਹ ਪਾਰਟੀਆਂ ਕੇਂਦਰ ਦੀ ਇੱਕ ਰਾਸ਼ਟਰ, ਇੱਕ ਚੋਣ, ਇੱਕ ਰਾਸ਼ਟਰ, ਇੱਕ ਬੋਲੀ ਦੇ ਵਿਚਾਰ ਨਾਲ ਪੈਦਾ ਹੋਈਆਂ ਗੁੰਝਲਾਂ ਤੋਂ ਜਾਣੂ ਹਨ।

ਭਾਰਤੀ ਸੰਘਵਾਦ ਵਿਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਿਚਲੀਆਂ ਸ਼ਕਤੀਆਂ ਦਾ ਵਰਨਣ ਹੈ। ਸੰਘੀ ਸੂਚੀ ਵਿਚ ਰਾਸ਼ਟਰੀ ਮਹੱਤਵ ਵਾਲੇ ਵਿਸ਼ੇ ਰੱਖਿਆ, ਵਿੱਤ, ਰੇਲਵੇ, ਬੈਂਕਿੰਗ ਆਦਿ ਸ਼ਾਮਲ ਹਨ ਅਤੇ ਕੇਂਦਰ ਇਨ੍ਹਾਂ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੀ ਹੈ, ਜਦਕਿ ਰਾਜ ਸੂਚੀ ਵਿਚ ਖੇਤੀ, ਵਣਜ, ਵਪਾਰ ਆਦਿ ਵਿਸ਼ੇ ਹਨ ਤੇ ਰਾਜ ਇਨ੍ਹਾਂ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦਾ ਹੈ। ਸਮਵਰਤੀ ਸੂਚੀ 'ਚ ਵਣ ਸਿੱਖਿਆ ਆਦਿ ਵਿਸ਼ੇ ਹਨ। ਧਿਆਨ ਦੇਣ ਵਾਲੀ ਗੱਲ ਹੈ ਕਿ ਜੇਕਰ ਦੋਨਾਂ ਸਰਕਾਰਾਂ 'ਚ ਕਾਨੂੰਨ ਨੂੰ ਲੈ ਕੇ ਮਤਭੇਦ ਹਨ, ਤਾਂ ਕੇਂਦਰ ਸਰਕਾਰ ਦਾ ਫ਼ੈਸਲਾ ਮੰਨਣਯੋਗ ਹੋਏਗਾ। ਇਸਦਾ ਉਦੇਸ਼ ਖੇਤਰੀ ਪਾਰਟੀਆਂ ਨਾਲ ਏਕਤਾ ਬਣਾਈ ਰੱਖਣ ਲਈ ਜ਼ਰੂਰੀ ਮੰਨਿਆ ਗਿਆ। ਸੰਘਵਾਦ 'ਚ ਸ਼ਕਤੀਆਂ ਦੀ ਵੰਡ, ਲਿਖਤ ਸੰਵਿਧਾਨ, ਸੰਵਿਧਾਨ ਦੀ ਸਰਵਉੱਚਤਾ, ਸੁਤੰਤਰ ਨਿਆਂਪਾਲਿਕਾ, ਦੋਹਰੀ ਸਰਕਾਰ ਦਾ ਵੀ ਵਰਨਣ ਹੈ। ਸੰਵਿਧਾਨ ਇੰਨਾ ਕਠੋਰ ਹੈ ਕਿ ਇਸਦੀ ਮੂਲਭਾਵਨਾ 'ਚ ਸੋਧ ਕਰਨੀ ਸੌਖੀ ਨਹੀਂ।

ਪਰ ਭਾਰਤੀ ਸੰਘਵਾਦ ਅੱਗੇ ਸਦਾ ਚੁਣੌਤੀਆਂ ਰਹੀਆਂ ਹਨ। ਖੇਤਰੀ ਅਸੰਤੋਸ਼, ਕੇਂਦਰੀ ਹਾਕਮਾਂ ਦੇ ਧੌਂਸ-ਧੱਕੇ ਕਾਰਨ ਵਧਦਾ ਰਿਹਾ। ਜਿਸਨੇ ਵੱਖਵਾਦ ਨੂੰ ਜਨਮ ਦਿੱਤਾ। ਕੇਂਦਰ ਸਦਾ ਹੀ ਸੂਬਿਆਂ ਦੇ ਅਧਿਕਾਰਾਂ ਉਤੇ ਛਾਪਾ ਮਾਰਨ ਲਈ ਕੋਝੇ ਹੱਥਕੰਡੇ ਅਪਨਾਉਂਦਾ ਰਿਹਾ ਅਤੇ ਆਪਣੇ ਰਾਜਪਾਲਾਂ ਦੇ ਹੱਕਾਂ ਦੀ ਦੁਰਵਰਤੋਂ ਕਰਦਿਆਂ ਧਾਰਾ 356 ਦਾ ਪ੍ਰਯੋਗ ਕਰਕੇ ਰਾਸ਼ਟਰਪਤੀ ਰਾਜ ਲਗਾਉਂਦਾ ਰਿਹਾ। ਇੱਕ ਸਰਵੇ ਅਨੁਸਾਰ 2000 ਸੰਨ ਤੱਕ 100 ਤੋਂ ਜ਼ਿਆਦਾ ਵਾਰ ਇਸ ਧਾਰਾ ਦੀ ਦੁਰਵਰਤੋਂ ਹੋਈ। ਹੁਣ ਵੀ ਲਗਾਤਾਰ ਦੁਰਵਰਤੋਂ ਹੋ ਰਹੀ ਹੈ।

ਵਿਰੋਧੀ ਸਰਕਾਰਾਂ ਦਲਦਬਲੀ ਅਤੇ ਦਬਾਅ ਅਧੀਨ ਤੋੜੀਆਂ ਜਾ ਰਹੀਆਂ ਹਨ, ਵਿੱਤੀ ਸਹਾਇਤਾ ਲਈ ਵਿਰੋਧੀ ਸੂਬਾ ਸਰਕਾਰਾਂ ਨੂੰ ਗ੍ਰਾਂਟਾਂ ਦੀ ਵੰਡ 'ਚ ਮਤਭੇਦ ਕੀਤਾ ਜਾਂਦਾ ਹੈ। ਕੁਝ ਮਹੀਨੇ ਪਹਿਲਾਂ ਕਰਨਾਟਕ, ਪੰਜਾਬ, ਪੱਛਮੀ ਬੰਗਾਲ ਅਤੇ ਹੋਰ ਦੱਖਣੀ ਰਾਜਾਂ ਦੇ ਮੁੱਖ ਮੰਤਰੀ ਜੰਤਰ-ਮੰਤਰ ਨਵੀਂ ਦਿੱਲੀ ਇਕੱਠੇ ਹੋਏ। ਉਨ੍ਹਾਂ ਵਲੋਂ ਰੋਸ ਧਰਨਾ ਦਿੱਤਾ ਗਿਆ। ਉਹ ਕੇਂਦਰ ਸਰਕਾਰ ਵਲੋਂ ਗ੍ਰਾਂਟਾਂ ਦੇਣ 'ਚ ਮਤਰੇਈ ਮਾਂ ਵਾਲੇ ਸਲੂਕ, ਰਾਜਪਾਲਾਂ ਦੇ ਪ੍ਰਸ਼ਾਸਨਿਕ ਕੰਮਾਂ 'ਚ ਬੇਲੋੜੇ ਦਖ਼ਲ ਆਦਿ ਮੰਗਾਂ ਕੇਂਦਰ ਦੀ ਸਰਕਾਰ ਤੱਕ ਪਹੁੰਚਾ ਰਹੇ ਸਨ। ਉਹ ਕੇਂਦਰ ਅਤੇ ਸੂਬਿਆਂ ਦੇ ਆਪਸੀ ਵਿਗਾੜ ਰਹੇ ਰਿਸ਼ਤਿਆਂ ਬਾਰੇ ਡਾਹਢੇ ਚਿੰਤਾਤੁਰ ਸਨ।

ਸੰਘਵਾਦ ਦੀ ਸੰਘੀ ਘੁੱਟਣ ਦਾ ਵਰਤਾਰਾ ਮੌਜੂਦਾ ਹਾਕਮਾਂ ਵਲੋਂ ਲਗਾਤਾਰ ਚੱਲ ਰਿਹਾ ਹੈ। ਸਾਰੀਆਂ ਸ਼ਕਤੀਆਂ ਕੇਂਦਰ ਦੇ ਹੱਥ ਹਨ। ਸੰਵਿਧਾਨਕ ਸੰਸਥਾਵਾਂ ਦਾ ਨਿਘਾਰ ਹੋ ਚੁੱਕਾ ਹੈ। ਨਵੇਂ ਤਿੰਨੇ ਫੌਜਦਾਰੀ ਕਾਨੂੰਨ 'ਚ ਬਿਨ੍ਹਾਂ ਮੁਕੱਦਮਾ ਚਲਾਏ ਜੇਲ੍ਹਾਂ 'ਚ ਡੱਕਣ ਦੇ ਅਖਤਿਆਰ, ਪੁਲਿਸ ਪ੍ਰਸ਼ਾਸਨ ਕੋਲ ਦੇ ਦਿੱਤੇ ਗਏ ਹਨ। ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨਕ ਢਾਂਚੇ ਦੀ ਰੱਖਿਆ ਇਸ ਦੌਰ 'ਚ ਕੋਈ ਮਾਅਨੇ ਨਹੀਂ ਰੱਖ ਰਹੀ।

ਆਜ਼ਾਦੀ ਦੇ ਸਾਢੇ ਸੱਤ ਦਹਾਕੇ ਬੀਤਣ ਬਾਅਦ ਵੀ ਗਰੀਬੀ, ਭੁੱਖਮਰੀ ਜਿਹੀਆਂ ਅਲਾਮਤਾਂ ਦੇ ਦੂਰ ਨਾ ਹੋਣ ਕਾਰਨ ਲੋਕਾਂ ਵਿਚ ਬੇਚੈਨੀ ਵਧੀ ਹੈ। ਅੱਜ ਜਦੋਂ ਲੋਕਾਂ ਦੀ ਆਵਾਜ਼ ਦਬਾਉਣ ਵਾਲਾ ਕੋਈ ਵੀ ਕਦਮ ਉੱਠਦਾ ਹੈ, ਤਾਂ ਉਸਦਾ ਵਿਰੋਧ ਪੰਜਾਬ ਵਿਚ ਜ਼ਰੂਰ ਹੋਏਗਾ, ਕਿਉਂਕਿ ਵਿਰੋਧਤਾ ਦੀ ਮੂਲ ਭਾਵਨਾ ਪੰਜਾਬੀਆਂ ਦੇ ਚਰਿੱਤਰ ਵਿਚ ਹੈ, ਉਹ ਬਦਲਦੀ ਨਹੀਂ।

ਦੇਸ਼ ਭਾਰਤ ਵੱਖ-ਵੱਖ ਫੁੱਲਾਂ ਦਾ ਗੁਲਦਸਤਾ ਹੈ। ਵੱਖਰੀ ਬੋਲੀ, ਧਰਮ, ਜਾਤ, ਸੱਭਿਆਚਾਰ ਹੋਣ ਦੇ ਬਾਵਜੂਦ ਵੀ ਭਾਰਤ ਦੇ ਲੋਕ ਜੇਕਰ ਏਕਤਾ ਨਾਲ ਰਹਿੰਦੇ ਹਨ, ਤਾਂ ਉਸ ਪਿੱਛੇ ਮੂਲ ਭਾਵਨਾ ਭਾਰਤੀ ਸੰਵਿਧਾਨ ਦੀ ਹੈ। ਸੰਵਿਧਾਨ ਅਨੁਸਾਰ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵੱਖਰੇ ਹਨ। ਪਰ ਫਿਰ ਵੀ ਟਕਰਾਅ ਬਣਿਆ ਰਹਿੰਦਾ ਹੈ। ਕੇਂਦਰੀ ਹਾਕਮਾਂ ਦੀ ਕਬਜ਼ੇ ਅਤੇ ਵਾਧੂ ਸ਼ਕਤੀਆਂ ਹਥਿਆਉਣ ਦੀ ਭੁੱਖ ਕੇਂਦਰ ਸੂਬਾ ਸਬੰਧਾਂ 'ਚ ਖਟਾਸ ਪੈਦਾ ਕਰਦੀ ਹੈ।

ਲੋੜ ਤਾਂ ਇਹ ਹੈ ਕਿ ਕੇਂਦਰ ਸਰਕਾਰ ਆਪਣੇ ਅਧਿਕਾਰ ਅਤੇ ਸ਼ਕਤੀਆਂ ਦੀ ਵਰਤੋਂ ਸੰਜੀਦਗੀ ਨਾਲ ਕਰੇ ਅਤੇ ਸੂਬਿਆਂ ਦੇ ਅਧਿਕਾਰ ਖੇਤਰ 'ਚ ਬੇਲੋੜੀ ਦਖ਼ਲਅੰਦਾਜ਼ੀ ਨਾ ਕਰੇ। ਉਨ੍ਹਾਂ ਨੂੰ ਆਪਣਾ ਸੰਵਿਧਾਨਕ ਕਾਰਜ ਕਰਨ ਦੇਵੇ। ਨਹੀਂ ਤਾਂ ਕੇਂਦਰੀ ਧੱਕਾ ਧੌਂਸ ਵਾਲੀ ਰਾਜਨੀਤੀ ਦੇਸ਼ 'ਚ ਅਰਾਜਕਤਾ ਪੈਦਾ ਕਰ ਸਕਦੀ ਹੈ ਅਤੇ ਦੇਸ਼ ਦੀ ਏਕਤਾ, ਅਖੰਡਤਾ ਲਈ ਖ਼ਤਰਾ ਬਣ ਸਕਦੀ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic
Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।

Dr. Simranpal Singh Bindra
M.D.S, Endodontist
HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in

Dr. Samarpan Kaur
B.D.S, M.H.M

Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜਦੋਂ ਮੇਰੇ ਸਾਹਮਣੇ ਮੁੱਖ ਮੰਤਰੀ ਦਾ ਹੈਲੀਕਾਪਟਰ ਕਰੈਸ਼ ਹੋਇਆ

ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)



2007 ਵਿਚ ਮੈਂ ਬਤੌਰ ਡੀ.ਐੱਸ.ਪੀ. ਕਾਦੀਆਂ ਪੁਲਿਸ ਜ਼ਿਲ੍ਹਾ ਬਟਾਲਾ ਵਿਖੇ ਤਾਇਨਾਤ ਸੀ। ਉਸ ਸਾਲ 13 ਫਰਵਰੀ ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ, ਜਿਸ ਵਿਚ ਅਕਾਲੀ ਭਾਜਪਾ ਗੱਠਜੋੜ ਕਾਂਗਰਸ ਪਾਰਟੀ ਨੂੰ ਹਰਾ ਕੇ ਸੱਤਾ 'ਤੇ ਕਾਬਜ਼ ਹੋਇਆ ਸੀ। ਜਨਵਰੀ ਮਹੀਨੇ ਵਿਚ ਚੋਣ ਪ੍ਰਚਾਰ ਬਹੁਤ ਜ਼ੋਰ-ਸ਼ੋਰ ਨਾਲ ਚੱਲ ਰਿਹਾ ਸੀ ਤੇ ਦੋਵਾਂ ਧਿਰਾਂ ਨੇ ਆਪਣੀ ਸਾਰੀ ਤਾਕਤ ਝੋਂਕੀ ਹੋਈ ਸੀ। 25 ਜਨਵਰੀ ਨੂੰ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੇਰੀ ਸਬ ਡਵੀਜ਼ਨ ਦੇ ਕਸਬੇ ਸ੍ਰੀ ਹਰਗੋਬਿੰਦਪੁਰ ਵਿਖੇ ਕਾਂਗਰਸ ਦੇ ਉਮੀਦਵਾਰ ਫਤਿਹਜੰਗ ਸਿੰਘ ਬਾਜਵਾ ਦੇ ਹੱਕ ਵਿਚ ਇੱਕ ਰੈਲੀ ਨੂੰ ਸੰਬੋਧਨ ਕਰਨ ਲਈ ਪਹੁੰਚਣਾ ਸੀ। ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਲੈਂਡਿੰਗ ਵਾਸਤੇ ਨਜ਼ਦੀਕੀ ਪਿੰਡ ਹਰਚੋਵਾਲ ਦੀ ਦਾਣਾ ਮੰਡੀ ਅਤੇ ਸ੍ਰੀ ਹਰਗੋਬਿੰਦਪੁਰ ਵਿਖੇ ਹੈਲੀਪੈਡ ਬਣਾਏ ਗਏ ਸਨ। ਮੁੱਖ ਮੰਤਰੀ ਨੇ ਪਹਿਲਾਂ ਹਰਚੋਵਾਲ ਵਿਖੇ ਕਿਸੇ ਪ੍ਰੋਜੈਕਟ ਦਾ ਉਦਘਾਟਨ ਕਰਨਾ ਸੀ ਤੇ ਫਿਰ ਹੈਲੀਕਾਪਟਰ ਰਾਹੀਂ ਸ੍ਰੀ ਹਰਗੋਬਿੰਦਪੁਰ ਰੈਲੀ ਵਾਸਤੇ ਜਾਣਾ ਸੀ। ਮੁੱਖ ਮੰਤਰੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰੀ ਗਿਣਤੀ ਵਿਚ ਪੁਲਿਸ ਫੋਰਸ ਲਗਾਈ ਗਈ ਸੀ ਤੇ ਹੈਲੀਪੈਡ, ਰੂਟ ਅਤੇ ਰੈਲੀ ਆਦਿ ਵਰਗੇ ਮਹੱਤਵਪੂਰਣ ਥਾਵਾਂ ਦੀ ਜ਼ਿੰਮੇਵਾਰੀ ਸੀਨੀਅਰ ਅਫਸਰਾਂ ਨੂੰ ਸੌਂਪੀ ਗਈ ਸੀ।



ਪ੍ਰੋਗਰਾਮ ਮੇਰੀ ਸਬ ਡਵੀਜ਼ਨ ਵਿਚ ਹੋਣ ਕਾਰਨ ਪੰਡਾਲ ਵਿਚ ਬੈਰੀਕੇਡਿੰਗ ਅਤੇ ਹੈਲੀਪੈਡ ਦੀ ਤਿਆਰੀ ਦੀ ਜ਼ਿੰਮੇਵਾਰੀ ਮੇਰੀ ਅਤੇ ਮੇਰੇ ਅਧੀਨ ਆਉਣ ਵਾਲੇ ਥਾਣਾ ਮੁਖੀਆਂ ਦੀ ਸੀ। ਹੈਲੀਪੈਡ ਜਿਸ ਜਗ੍ਹਾ 'ਤੇ ਬਣਿਆ ਸੀ, ਉਹ ਜਗ੍ਹਾ ਇੱਕ ਪਾਸੇ ਤੋਂ ਪੂਰੀ ਤਰ੍ਹਾਂ ਨਾਲ ਕਿਸੇ ਰੁਕਾਵਟ ਤੋਂ ਰਹਿਤ ਸੀ ਪਰ ਦੂਸਰੇ ਪਾਸੇ 50 ਕੁ ਮੀਟਰ ਦੂਰ ਹਾਈ ਵੋਲਟੇਜ਼ ਬਿਜਲੀ ਦੀਆਂ ਤਾਰਾਂ ਗੁਜ਼ਰਦੀਆਂ ਸਨ। ਮੁੱਖ ਮੰਤਰੀ ਦੀ ਆਮਦ ਤੋਂ ਇੱਕ ਦਿਨ ਪਹਿਲਾਂ ਸੀ.ਐੱਮ. ਸਕਿਉਰਟੀ ਦੀਆਂ ਐਡਵਾਂਸ ਟੀਮਾਂ ਨੇ ਸਾਰੇ ਰੂਟ, ਪੰਡਾਲ ਅਤੇ ਹੈਲੀਪੈਡ ਦਾ ਨਿਰੀਖਣ ਕੀਤਾ ਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ। ਜੇ ਕਿਤੇ ਉਹ ਤਾਰਾਂ ਬਾਰੇ ਇਤਰਾਜ਼ ਕਰ ਦੇਂਦੇ, ਤਾਂ ਮੈਂ ਨਿਸ਼ਚਿਤ ਹੀ ਜਗ੍ਹਾ ਬਦਲ ਦੇਣੀ ਸੀ। 25 ਫਰਵਰੀ ਵਾਲੇ ਦਿਨ ਸੁਵੱਖਤੇ ਹੀ ਸਾਰੀ ਫੋਰਸ ਆਪੋ ਆਪਣੀਆਂ ਡਿਊਟੀਆਂ 'ਤੇ ਪਹੁੰਚ ਗਈ। ਮੁੱਖ ਮੰਤਰੀ ਦਾ ਸਵਾਗਤ ਕਰਨ ਲਈ 10 ਕੁ ਵਜੇ ਤੱਕ ਬਟਾਲੇ ਦਾ ਐੱਸ.ਐੱਸ.ਪੀ., ਪ੍ਰਤਾਪ ਸਿੰਘ ਬਾਜਵਾ, ਫਤਿਹਜੰਗ ਬਾਜਵਾ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਮੇਤ ਜ਼ਿਲ੍ਹੇ ਦੇ ਕਈ ਹੋਰ ਮੰਤਰੀ ਅਤੇ ਵਿਧਾਇਕ ਵੀ ਹਰਚੋਵਾਲ ਹੈਲੀਪੈਡ 'ਤੇ ਪਹੁੰਚ ਚੁੱਕੇ ਸਨ। 12 ਕੁ ਵਜੇ ਮੁੱਖ ਮੰਤਰੀ ਦਾ ਹੈਲੀਕਾਪਟਰ ਆਉਂਦਾ ਦਿਖਾਈ ਦਿੱਤਾ, ਤਾਂ ਹੈਲੀਪੈਡ 'ਤੇ ਖੜ੍ਹੇ ਸੀ.ਐੱਮ. ਸਕਿਉਰਟੀ ਦੇ ਡੀ.ਐੱਸ.ਪੀ. ਨੇ ਵਾਕੀ ਟਾਕੀ ਰਾਹੀਂ ਹੈਲੀਕਾਪਟਰ ਵਿਚ ਬੈਠੇ ਸੀ.ਐੱਮ. ਦੇ ਚੀਫ ਸਕਿਉਰਟੀ ਇੰਚਾਰਜ ਨੂੰ ਲੈਂਡਿੰਗ ਦੇ ਰਸਤੇ ਅਤੇ ਤਾਰਾਂ ਬਾਰੇ ਜਾਣਕਾਰੀ ਦੇ ਦਿੱਤੀ, ਜੋ ਉਸ ਨੇ ਪਾਇਲਟਾਂ ਨੂੰ ਦੱਸ ਦਿੱਤੀ। ਲੈਂਡਿੰਗ ਬਹੁਤ ਹੀ ਆਰਾਮ ਨਾਲ ਹੋ ਗਈ ਤੇ ਮੁੱਖ ਮੰਤਰੀ ਗੁਲਦਸਤੇ ਆਦਿ ਲੈਣ ਤੋਂ ਬਾਅਦ ਪ੍ਰੋਜੈਕਟ ਦਾ ਉਦਘਾਟਨ ਕਰਨ ਲਈ ਚਲਾ ਗਿਆ। ਐੱਸ.ਐੱਸ.ਪੀ. ਤੇ ਬਾਕੀ ਨੇਤਾ ਵੀ ਉਸ ਨਾਲ ਚਲੇ ਗਏ।

ਹੈਲੀਕਾਪਟਰ ਦੇ ਦੋ ਪਾਇਲਟ ਸਨ, ਜਿਨ੍ਹਾਂ ਵਿਚੋਂ ਮੇਨ ਪਾਇਲਟ ਕਾਫੀ ਜ਼ਿਆਦਾ ਉਮਰ ਦਾ ਸੀ ਤੇ ਕੋ ਪਾਇਲਟ ਨੌਜਵਾਨ ਸੀ। ਚੰਗੀ ਗੱਲ ਇਹ ਹੋਈ ਕਿ ਦੋਵਾਂ ਨੇ ਲੈਂਡਿੰਗ ਤੋਂ ਬਾਅਦ ਤਾਰਾਂ ਦਾ ਚੰਗੀ ਤਰ੍ਹਾਂ ਮੁਆਇਨਾ ਕਰ ਲਿਆ ਸੀ। ਕੁਝ ਦੇਰ ਬਾਅਦ ਮੁੱਖ ਮੰਤਰੀ ਵਾਪਸ ਆ ਕੇ ਹੈਲੀਕਾਪਟਰ ਵਿਚ ਬੈਠ ਗਿਆ ਤੇ ਉਸ ਦੇ ਨਾਲ ਉਸ ਦਾ ਓ.ਐੱਸ.ਡੀ., ਸਕਿਉਰਟੀ ਇੰਚਾਰਜ, ਪ੍ਰਤਾਪ ਸਿੰਘ ਬਾਜਵਾ, ਫਤਿਹਜੰਗ ਬਾਜਵਾ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੀ ਸਵਾਰ ਹੋ ਗਏ। ਹੈਲੀਕਾਪਟਰ ਨੇ ਜਦੋਂ ਉਡਾਣ ਭਰੀ ਤਾਂ ਪਤਾ ਨਹੀਂ ਵਿਚ ਬੈਠੇ ਹੱਟੇ-ਕੱਟੇ ਬੰਦਿਆਂ ਦੇ ਕਪੈਸਟੀ ਤੋਂ ਵੱਧ ਵਜ਼ਨ ਕਾਰਨ ਜਾਂ ਪਾਇਲਟਾਂ ਦੀ ਗਲਤੀ ਕਾਰਨ ਉਹ ਉੱਪਰ ਜਾ ਕੇ ਪਿੱਛੇ ਮੁੜਨ ਦੀ ਬਜਾਏ ਸਿੱਧਾ ਤਾਰਾਂ ਵਿਚ ਜਾ ਫਸਿਆ, ਜੋ ਉਸ ਦੇ ਪੱਖੇ ਨਾਲ ਵਲੇਟੀਆਂ ਗਈਆਂ। ਤਾਰਾਂ ਅਤੇ ਪੱਖਿਆਂ ਦੇ ਟੁਕੜੇ ਸਾਡੇ ਸਿਰਾਂ ਉੱਪਰੋਂ ਉੱਡਦੇ ਹੋਏ ਬਿਜਲੀ ਦੀ ਗਤੀ ਨਾਲ ਦੂਰ-ਦੂਰ ਜਾ ਕੇ ਡਿੱਗੇ ਪਰ ਰੱਬ ਦੀ ਕ੍ਰਿਪਾ ਨਾਲ ਕੋਈ ਵੀ ਪੁਲਿਸ ਮੁਲਾਜ਼ਮ ਜ਼ਖਮੀ ਨਾ ਹੋਇਆ। ਹੈਲੀਕਾਪਟਰ ਅਜੇ ਥੋੜ੍ਹੀ ਉੱਚਾਈ 'ਤੇ ਹੋਣ ਕਾਰਨ ਧੜੰਮ ਕਰਦਾ ਸਿੱਧੇ ਦਾ ਸਿੱਧਾ ਧਰਤੀ 'ਤੇ ਆਣ ਡਿੱਗਾ। ਐੱਸ.ਐੱਸ.ਪੀ. ਤੇ ਮੇਰੇ ਹੋਸ਼ ਉੱਡ ਗਏ ਕਿ ਸਾਡੀ ਨੌਕਰੀ ਤਾਂ ਹੁਣ ਗਈ, ਕਿਉਂਕਿ ਬਲੀ ਦੇ ਬੱਕਰੇ ਤਾਂ ਅਸੀਂ ਹੀ ਬਣਨਾ ਸੀ। ਐੱਸ.ਐੱਸ.ਪੀ. ਬੜਬੜਾਇਆ, "ਬਲਰਾਜ, ਅਬ ਕਿਆ ਹੋਗਾ?" ਹਾਲਾਤ ਵੇਖ ਕੇ ਮੈਂ ਜਵਾਬ ਦਿੱਤਾ, "ਸਰ ਹੋਣਾ ਕੀ ਹੈ, ਆਪਾਂ ਸਮਾਨ ਬੰਨ੍ਹੀਏ। ਜੇ ਮੁੱਖ ਮੰਤਰੀ ਨੂੰ ਕੁਝ ਹੋ ਗਿਆ ਹੋਇਆ, ਤਾਂ ਫਿਰ ਸ਼ਾਇਦ ਆਪਣਾ ਸਮਾਨ ਕਦੇ ਵੀ ਨਾ ਖੁੱਲ੍ਹੇ।" ਸੁਣ ਕੇ ਐੱਸ.ਐੱਸ.ਪੀ. ਨੂੰ ਠੰਡ ਵਿਚ ਵੀ ਤਰੇਲੀਆਂ ਆ ਗਈਆਂ।

ਦਾਣਾ ਮੰਡੀ ਵਿਚ ਮੌਤ ਵਰਗਾ ਸੰਨਾਟਾ ਛਾਇਆ ਹੋਇਆ ਸੀ ਕਿਉਂਕਿ ਹੈਲੀਕਾਪਟਰ ਵਿਚੋਂ ਕੋਈ ਵੀ ਬਾਹਰ ਨਹੀਂ ਸੀ ਆ ਰਿਹਾ ਤੇ ਕਰੈਸ਼ ਕਾਰਨ ਉੱਡੇ ਮਿੱਟੀ ਘੱਟੇ ਦੇ ਗੁਬਾਰ ਕਾਰਨ ਸਾਨੂੰ ਉਸ ਦੇ ਅੰਦਰ ਕੁਝ ਦਿਖਾਈ ਨਹੀਂ ਸੀ ਦੇ ਰਿਹਾ। ਆਖਰ ਦਸ ਕੁ ਮਿੰਟਾਂ ਬਾਅਦ ਇੱਕ ਪਾਇਲਟ ਬਾਹਰ ਆਇਆ ਤੇ ਉਸ ਨੇ ਦਰਵਾਜ਼ਾ ਖੋਲ੍ਹ ਕੇ ਮੁੱਖ ਮੰਤਰੀ ਅਤੇ ਬਾਕੀਆਂ ਨੂੰ ਬਾਹਰ ਕੱਢਿਆ। ਚੰਗੀ ਕਿਸਮਤ ਨੂੰ ਕਿਸੇ ਦੇ ਝਰੀਟ ਤੱਕ ਨਹੀਂ ਸੀ ਆਈ। ਦੇਰੀ ਹੋਣ ਦਾ ਕਾਰਨ ਇਹ ਸੀ ਕਿ ਡਿੱਗਣ ਦੇ ਝਟਕੇ ਕਾਰਨ ਮੁੱਖ ਮੰਤਰੀ ਦੀ ਪੱਗ ਹਿੱਲ ਗਈ ਸੀ ਜਾਂ ਢੱਠ ਗਈ ਸੀ, ਜਿਸ ਨੂੰ ਠੀਕ-ਠਾਕ ਕਰਦਿਆਂ ਸਮਾਂ ਲੱਗ ਗਿਆ ਸੀ। ਮੁੱਖ ਮੰਤਰੀ ਦੇ ਨਾਲ ਬੈਠੇ ਕਈ ਵੀ.ਆਈ.ਪੀਜ਼ ਨੇ ਢੱਠੀਆਂ ਪੱਗਾਂ ਦੇ ਵਲੇਟ ਮਾਰੇ ਹੋਏ ਸਨ। ਸਾਖਸ਼ਾਤ ਯਮਰਾਜ ਦੇ ਦਰਸ਼ਨ ਹੋਣ ਕਾਰਨ ਸਾਰਿਆਂ ਦੇ ਚਿਹਰੇ ਇਸ ਤਰ੍ਹਾਂ ਸਨ, ਜਿਵੇਂ ਸਾਰਾ ਖੂਨ ਨਚੋੜ ਲਿਆ ਗਿਆ ਹੋਵੇ। ਮੁੱਖ ਮੰਤਰੀ ਨੂੰ ਬਾਹਰ ਨਿਕਲਦੇ ਸਾਰ ਪੱਤਰਕਾਰਾਂ ਨੇ ਘੇਰ ਲਿਆ ਤੇ ਸਵਾਲਾਂ ਦੀ ਬੌਛਾੜ ਕਰ ਦਿੱਤੀ ਕਿ ਇਹ ਹਾਦਸਾ ਕਿਸ ਦੀ ਗਲਤੀ ਕਾਰਨ ਹੋਇਆ ਹੈ? ਕਿਹੜੇ-ਕਿਹੜੇ ਅਫਸਰ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ? ਪਰ ਸਾਡੀ ਕਿਸਮਤ ਚੰਗੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਪ੍ਰਸ਼ਾਸਨ ਪੱਖੀ ਮੁੱਖ ਮੰਤਰੀ ਸੀ ਤੇ ਉਹ ਸਰਕਾਰੀ ਮੁਲਾਜ਼ਮਾਂ ਦੇ ਖਿਲਾਫ ਕਾਰਵਾਈ ਕਰਨ ਵਿਚ ਘੱਟ ਹੀ ਵਿਸ਼ਵਾਸ ਕਰਦਾ ਸੀ। ਉਸ ਨੇ ਪੱਤਰਕਾਰਾਂ ਨੂੰ ਇੱਕ ਹੀ ਜਵਾਬ ਨਾਲ ਚੁੱਪ ਕਰਵਾ ਦਿੱਤਾ, "ਸੱਚੇ ਪਾਤਸ਼ਾਹ ਦੀ ਕ੍ਰਿਪਾ ਨਾਲ ਮੇਰੀ ਜਾਨ ਬਚ ਗਈ ਹੈ, ਹੋਰ ਕੀ ਚਾਹੀਦਾ ਹੈ? ਕਿਸੇ ਦੇ ਖਿਲਾਫ ਕੋਈ ਕਰਵਾਈ ਨਹੀਂ ਕੀਤੀ ਜਾਵੇਗੀ।" ਇਸ ਤੋਂ ਬਾਅਦ ਉਹ ਸੜਕ ਰਾਹੀਂ ਸ੍ਰੀ ਹਰਗੋਬਿੰਦਪੁਰ ਰੈਲੀ ਵਾਲੇ ਸਥਾਨ ਨੂੰ ਚਲਾ ਗਿਆ।

ਮੁੱਖ ਮੰਤਰੀ ਤੋਂ ਤਾਂ ਸਾਡੀ ਖਲਾਸੀ ਹੋ ਗਈ ਪਰ ਫਿਰ ਸਿਵਲ ਐਵੀਏਸ਼ਨ ਵਿਭਾਗ (ਹਵਾਬਾਜ਼ੀ ਮੰਤਰਾਲਾ) ਵੱਲੋਂ ਪੜਤਾਲਾਂ ਸ਼ੁਰੂ ਹੋ ਗਈਆਂ। ਹਾਜ਼ਰ ਹੋਣ ਲਈ ਕਦੇ ਚੰਡੀਗੜ੍ਹ ਬੁਲਾਇਆ ਜਾਂਦਾ ਤੇ ਕਦੇ ਦਿੱਲੀ। ਇਨ੍ਹਾਂ ਪੜਤਾਲਾਂ ਦਾ ਅੰਤ ਉਦੋਂ ਹੋਇਆ, ਜਦੋਂ ਹੈਲੀਕਾਪਟਰ ਦੇ ਬਲੈਕ ਬਾਕਸ ਦੀ ਰਿਕਾਰਡਿੰਗ ਸਾਹਮਣੇ ਆ ਗਈ, ਜਿਸ ਵਿਚ ਕੋ ਪਾਇਲਟ ਚੀਕ-ਚੀਕ ਕੇ ਮੁੱਖ ਪਾਇਲਟ ਨੂੰ ਸਾਵਧਾਨ ਕਰਦਾ ਹੋਇਆ ਕਹਿ ਰਿਹਾ ਸੀ, "ਸਰ ਕੀ ਕਰ ਰਹੇ ਹੋ? ਸਾਹਮਣੇ ਤਾਰਾਂ ਹਨ। ਪਿੱਛੇ ਨੂੰ ਮੋੜੋ, ਪਿੱਛੇ ਨੂੰ ਮੋੜੋ।" ਇਸ ਪੜਤਾਲ ਵਿਚ ਸਾਰੇ ਪੁਲਿਸ ਅਫਸਰਾਂ ਨੂੰ ਦੋਸ਼ਮੁਕਤ ਕਰ ਦਿੱਤਾ ਗਿਆ ਤੇ ਮੁੱਖ ਪਾਇਲਟ ਨੂੰ ਦੋਸ਼ੀ ਠਹਿਰਾ ਕੇ ਉਸ ਦਾ ਉਡਾਣ ਲਾਇਸੰਸ ਰੱਦ ਕਰ ਦਿੱਤਾ ਗਿਆ।

# ਪੁਸਤਕ ਸਮੀਖਿਆ

ਸਤਵੀਰ ਸਿੰਘ ਚਾਨੀਆਂ
92569-73526






ਲੇਖਕ: ਮਨਮੋਹਨ ਸਿੰਘ ਦਾਊਂ
ਪ੍ਰਕਾਸ਼ਨ: ਤਰਲੋਚਨ ਪਬਲੀਕੇਸ਼ਨਜ਼ ਚੰਡੀਗੜ੍ਹ
ਨਾਮ ਕਿਤਾਬ: ਮੋਈ ਮਾਂ ਦਾ ਦੁੱਧ
ਸਫ਼ੇ: 108 ਕੀਮਤ : 200ਰੁ:
ਸੰਪਰਕ : 98151-23900

ਪੰਜਾਬੀਆਂ, ਬੰਗਾਲੀਆਂ ਨੇ ਮਿਲ ਕੇ ਆਜ਼ਾਦੀ ਸੰਗਰਾਮ ਵਿਚ ਨੱਬੇ ਪ੍ਰਤੀਸ਼ਤ ਕੁਰਬਾਨੀਆਂ ਦਿੱਤੀਆਂ। ਸਿਲ੍ਹੇ ਵਿਚ ਦੋਹੇਂ ਸੂਬੇ ਵੰਡੇ ਗਏ ਅਤੇ ਦੇਸ਼ ਦੇ ਕੁੱਲ ਜਾਨੀ-ਮਾਲੀ ਨੁਕਸਾਨ ਦਾ ਵੀ ਨੱਬੇ ਪ੍ਰਤੀਸ਼ਤ ਨੁਕਸਾਨ ਹੀ ਝੱਲਿਆ। ਔਰਤ ਜ਼ਾਤ ਦਾ ਹਸ਼ਰ ਬਿਆਨ ਤੋਂ ਬਾਹਰਾ ਹੈ।

ਯੂ.ਪੀ. ਦਾ ਸਰਬਾਲ੍ਹਾ ਲੈ ਗਿਆ, ਆਜ਼ਾਦੀ ਦੀ ਲਾੜੀ ਨੂੰ।

ਭੇਂਟ ਸਿਰਾਂ ਦੀ ਦਿੰਦੇ ਰਹਿਗੇ, ਪੰਜਾਬੀ ਤਿ ਬੰਗਾਲੀ ਵੀ।

'ਜਿਹੇ ਹੀ ਮੰਜ਼ਰਾਂ ਨੂੰ ਰੂਪਮਾਨ ਕਰਦਾ ਇਹ ਪਰਾਗਾ ਹੈ।

ਇਸ ਕਿਤਾਬ ਵਿਚ ਪੁਆਧ ਦੇ ਜਾਏ, ਦੋ ਦਰਜਨ ਤੋਂ ਵੱਧ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਚੁੱਕੇ ਘੁਮੱਕੜ ਅਤੇ ਨਾਮੀ ਲੇਖਕ ਸ. ਮਨਮੋਹਨ ਸਿੰਘ ਦਾਊਂ ਨੇ ਹੱਲਿਆਂ ਵੇਲੇ ਆਪਣੇ ਪਿੱਤਰੀ ਹਲਕੇ ਪੁਆਧ ਦੀਆਂ ਸੁਣੀਆਂ, ਦੇਖੀਆਂ ਜੱਗ ਅਤੇ ਹੱਡ ਬੀਤੀਆਂ ਹੌਲਨਾਕ ਦਿਲ ਵਲੂੰਧਰਵੀਆਂ ਸੱਤ ਕਥਾ ਕਹਾਣੀਆਂ ਨੂੰ ਕਲਮਬੱਧ ਕੀਤਾ ਹੈ। ਉਸ ਝੁੱਲੀ ਕਾਲੀ ਹਨੇਰੀ ਵਿਚ ਜਿਥੇ ਇਨਸਾਨਾਂ ਤੋਂ ਬਣੇ ਹੈਵਾਨਾਂ ਨੇ ਦੂਜੇ ਧਰਮ ਦੀ ਮਨੁੱਖ ਜਾਤੀ 'ਤੇ ਲੁੱਟ ਮਾਰ, ਕਤਲੇਆਮ ਅਤੇ ਔਰਤ ਜਾਤ ਦੀ ਬੇਪਤੀ ਕਰਕੇ ਆਪਣੇ ਆਪਣੇ ਧਰਮ ਦਾ ਸੀਨਾ ਠੰਢਾ ਕੀਤਾ, ਉਥੇ ਹੀ ਦੂਜੇ ਧਰਮ ਦੇ ਮਨੁੱਖਾਂ ਖ਼ਾਸ ਕਰਕੇ ਔਰਤ ਜ਼ਾਤ ਦੀ ਇੱਜ਼ਤ ਬਚਾਉਣ ਲਈ ਆਪਣੀ ਜਾਨ ਤੱਕ ਦਾਅ 'ਤੇ ਲਗਾਉਣ ਵਾਲੇ ਇਨਸਾਨਾਂ ਤੋਂ ਬਣੇ ਫ਼ਰਿਸ਼ਤਿਆਂ ਦੀਆਂ ਮਿਸਾਲਾਂ ਵੀ ਮਿਲਦੀਆਂ ਹਨ। ਜਿਨ੍ਹਾਂ ਆਪਣੇ ਧਰਮ ਦੀ ਰੱਖ ਵਿਖਾਈ।

"ਮੋਈ ਮਾਂ ਦਾ ਦੁੱਧ" ਦੀ ਕਹਾਣੀ ਦੇਖੋ-

ਜਦ ਇਹ ਰੌਲਾ ਪਿਆ ਕਿ ਪਾਕਿਸਤਾਨ ਵੰਨੀਓਂ ਲਾਸ਼ਾਂ ਦੀਆਂ ਗੱਡੀਆਂ ਆ ਰਹੀਆਂ ਨੇ, ਤਾਂ ਬਦਲੇ ਦੀ ਈਰਖਾ ਵਿਚ ਇਧਰ ਵੀ ਸ਼ੈਤਾਨ ਜਾਗ ਪਿਆ। ਪਿੰਡ ਰੁਪਾਲਹੇੜੀ ਤੋਂ ਮੁਸਲਮਾਨਾਂ ਦੇ ਗੜ੍ਹ ਕਮਾਲੀ ਪਿੰਡ 'ਤੇ ਹਮਲਾ ਕਰਨ ਲਈ ਕਹਾਣੀ ਦੇ ਨਾਇਕ ਹਜ਼ਾਰਾ ਸਿੰਘ ਬੋਲਾ ਦੀ ਕਮਾਂਡ ਹੇਠ ਇਕ ਦੰਗੱਈਆਂ ਦਾ ਟੋਲਾ ਜਾਂਦਾ ਹੈ। ਪਿੰਡ ਤੋਂ ਉਰਾਰ ਇਕ ਕਮਾਦ ਦੇ ਖੇਤ 'ਚ ਇਕ ਮੁਸਲਿਮ ਮੁਟਿਆਰ ਦੀ ਵੱਢੀ ਟੁੱਕੀ ਅਰਧ ਨਗਨ ਲਾਸ਼ ਉਸ ਦੇ ਨਜ਼ਰੀਂ ਪੈਂਦੀ ਹੈ। ਉਸ ਦਾ ਬਾਲ ਮੋਈ ਮਾਂ ਦਾ ਦੁੱਧ ਚੁੰਘ ਰਿਹੈ। ਇਹ ਦੇਖ ਕੇ ਕਹਾਣੀ ਦੇ ਨਾਇਕ ਦਾ ਦਿਲ ਪਸੀਜ ਜਾਂਦੈਂ। ਉਸ ਦੇ ਅੰਦਰੋਂ ਆਹ ਨਿਕਲਦੀ ਹੈ। ਕਦਮ ਭਾਰੇ ਹੋ ਜਾਂਦੇ ਨੇ। ਉਥੇ ਹੀ ਉਹ ਢਹਿ ਪੈਂਦਾ ਹੈ। ਤਲਵਾਰ ਹੱਥੋਂ ਖਿਸਕ ਜਾਂਦੀ ਹੈ। ਅੱਗੇ ਨਿਕਲ ਗਿਆ ਟੋਲਾ, ਪਿੱਛੇ ਰਹਿ ਗਏ ਆਪਣੇ ਮੁੱਖੀ ਨੂੰ 'ਵਾਜਾਂ ਦਿੰਦੇ ਨੇ ਪਰ ਉਹ ਅੱਗੇ ਤੁਰਨ ਤੋਂ ਆਰੀ ਹੈ। ਉਹ ਅੱਗੇ ਹੋ ਕੇ ਮੁਟਿਆਰ ਦੀ ਅਰਧ ਨਗਨ ਲਾਸ਼ ਨੂੰ ਆਪਣੇ ਪਰਨੇ ਨੂੰ ਪਾੜ ਕੇ, ਅੱਧੇ ਪਰਨੇ ਨਾਲ ਢੱਕਦਾ ਹੈ ਅਤੇ ਅੱਧੇ ਨਾਲ ਬੱਚੇ ਨੂੰ ਸਾਫ਼ ਕਰਕੇ ਲਪੇਟ ਕੇ ਘਰ ਲੈਜਾਕੇ, ਕਈ ਸਾਲਾਂ ਤੋਂ ਗੋਦ ਹਰੀ ਹੋਣ ਨੂੰ ਤਰਸਦੀ, ਆਪਣੀ ਪਤਨੀ ਦੀ ਗੋਦ ਵਿਚ ਪਾ ਦਿੰਦਾ ਹੈ। ਇਹੋ ਕਹਾਣੀ ਦਾ ਸਿਖ਼ਰ ਹੈ।

ਕਹਾਣੀ "ਗੰਡਾਸੀ ਵਾਲਾ ਮੋਢਾ" ਵਿਚ ਵੀ ਲੇਖ਼ਕ ਅਜਿਹੀ ਹੀ ਘਟਨਾ ਨੂੰ ਚਿੱਤਰਦਾ ਹੈ। ਗੱਲ ਉਹੀ ਕਮਾਲੀ ਪਿੰਡ ਦੇ ਕਤਲੇਆਮ ਦੀ ਹੈ। ਕਤਲੇਆਮ ਨੂੰ ਅੱਜ ਤੀਜਾ ਦਿਨ ਹੈ। ਸ਼ੈਤਾਨਾਂ ਦੀ ਇਕ ਧਿਰ ਜਿਥੇ ਕਤਲੇਆਮ, ਲੁੱਟ ਮਾਰ ਅਤੇ ਔਰਤਾਂ ਨੂੰ ਉਠਾ ਕੇ ਲੈ ਜਾਣ 'ਚ ਰੁਝੀ ਹੋਈ ਹੈ, ਉਥੇ ਕੁੱਝ ਦੇਵ ਪੁਰਸ਼ ਮੁਸਲਮਾਨਾਂ ਨੂੰ ਬਚਾਅ ਕੇ ਕੁਰਾਲੀ ਕੈਂਪ ਵਿਚ ਬਾਇੱਜ਼ਤ ਪਹੁੰਚਾਣ ਲਈ ਸੰਘਰਸ਼ ਕਰਦੇ ਹੈਨ। ਰੁਪਾਲਹੇੜੀ ਦਾ ਕਰਮ ਸਿੰਘ ਮੋਢੇ 'ਤੇ ਗੰਡਾਸੀ ਚੁੱਕੀ ਆਪਣੇ ਖੇਤਾਂ ਵੱਲ ਗੇੜਾ ਮਾਰਨ ਜਾਂਦਾ ਹੈ, ਤਾਂ ਉਸ ਨੂੰ ਚਰ੍ਹੀ ਦੇ ਖੇਤ ਵਿਚ ਕੁੱਝ ਹਰਕਤ ਮਹਿਸੂਸ ਹੁੰਦੀ ਹੈ। ਉਹ ਜ਼ਰਾ ਸੰਭਲ ਕੇ ਅੱਗੇ ਵਧਦਾ ਦੇਖਦਾ ਹੈ ਕਿ ਦੋ ਅੱਲ੍ਹੜ ਮੁਟਿਆਰਾਂ ਜੋ 16 ਕੁ ਸਾਲ ਦੀ ਸਬੀਨਾ ਅਤੇ 14 ਕੁ ਸਾਲ ਦੀ ਸ਼ਰੀਫ਼ਨ ਹੁੰਦੀ ਹੈ, ਬੁਰੀ ਤਰ੍ਹਾਂ ਡਰੀਆਂ ਹੋਈਆਂ ਇਕ ਦੂਜੇ ਨੂੰ ਲਿਪਟ ਕੇ ਮੌਤ ਨੂੰ ਬਹੁਤ ਕਰੀਬ ਤੋਂ ਦੇਖਦੀਆਂ ਹਨ। ਉਹ ਘੁਸ ਮਿਸੇ ਹੋਏ ਉਨ੍ਹਾਂ ਨੂੰ ਭਰੋਸੇ 'ਚ ਲੈ ਕੇ ਆਪਣੀਆਂ ਧੀਆਂ ਬਣਾ ਘਰ ਲੈ ਜਾਂਦਾ ਹੈ। ਟਿਕਟਕਾ ਹੋਣ 'ਤੇ ਇਧਰ ਰਹਿ ਗਏ ਮੁਸਲਿਮ ਪਰਿਵਾਰ ਵਿਚ ਵੱਡੀ ਦੀ ਸ਼ਾਦੀ ਰਚਾਉਂਦਾ ਹੈ।

ਕਹਾਣੀ "ਫ਼ਰਿਸ਼ਤੇ ਵਰਗਾ ਮਨੁੱਖ" ਦਾ ਨਾਇਕ ਰਾਇ ਪੁਰ ਤੋਂ ਗੁਰਦਿਆਲ ਸਿੰਘ ਆਪਣੇ ਗੁਆਂਢੀ ਪਿੰਡ ਬਹਿਲੋਲਪੁਰ ਦੇ ਹੁਸੈਨ ਬਖ਼ਸ਼ ਦੀ ਧੀ ਸ਼ਰੀਫ਼ਨ ਦੀ ਜਾਨ ਬਚਾਉਂਦਾ ਹੈ। ਜਿਨ੍ਹਾਂ ਦਾ ਕਾਫ਼ਲਾ ਪਿੰਡ ਦੇ ਬਾਹਰਵਾਰੋਂ ਗੁਜ਼ਰਦਿਆਂ ਧਾੜਵੀਆਂ ਦੀ ਭੇਟ ਚੜ੍ਹ ਜਾਂਦਾ ਹੈ। ਸਤਾਰ੍ਹਾਂ ਵਰਿਆਂ ਦੀ ਗਰਭਵਤੀ ਗੰਭੀਰ ਫੱਟੜ ਮੁਟਿਆਰ ਸ਼ਰੀਫ਼ਨ ਦੂਜੇ ਦਿਨ ਤੱਕ ਵੀ ਛੱਪੜ ਦੇ ਪਾਣੀ ਦੀ ਗਾਰ ਪੀ-ਪੀ ਕੇ ਸਹਿਕਦੀ ਹੋਈ ਗੁਰਦਿਆਲ ਸਿੰਘ ਦੇ ਨਜ਼ਰੀਂ ਪੈਂਦੀ ਹੈ, ਤਾਂ ਉਹ ਉਸ ਨੂੰ ਧੀ ਬਣਾ ਕੇ ਆਪਣੇ ਘਰ ਲੈ ਜਾਂਦਾ ਹੈ। ਦਵਾ-ਦਾਰੂ ਕਰਦਾ ਹੈ। ਟਿਕ-ਟਿਕਾ ਹੋਣ 'ਤੇ ਆਪਣੀ ਰਿਸ਼ਤੇਦਾਰੀ ਵਿਚ ਉਸ ਦੀ ਸ਼ਾਦੀ ਰਚਾਉਂਦਾ ਹੈ।

ਬਾਕੀ ਕਹਾਣੀਆਂ ਵੀ ਇਸੇ ਤਰਜ਼ ਦੀਆਂ ਹਨ, ਜੋ ਦਿਲ 'ਤੇ ਅਸਰ ਛੱਡਦੀਆਂ ਹਨ। ਇਕ ਦਫ਼ਾ ਪੜ੍ਹਨ ਬੈਠੋ, ਤਾਂ ਕਿਤਾਬ ਹੱਥੋਂ ਨਹੀਂ ਛੁੱਟਦੀ, ਸਗੋਂ ਪਾਠਕ ਨੂੰ ਨਾਲ ਤੋਰਦੀ ਹੈ। ਇਹੋ ਇਸ ਦਾ ਹਾਸਲ ਹੈ।

ਕਿਸੇ ਸੱਜ ਵਿਆਹੀ ਸੁਮੱਧਰੀ ਜਿਹੀ ਦੁਲਹਨ ਵਾਂਗ, ਕਿਤਾਬ ਦੀ ਦਿੱਖ ਬਹੁਤ ਹੀ ਅਕਰਸ਼ਿਤ ਹੈ। ਕਹਾਣੀਆਂ ਦੇ ਨਾਲ ਬਣਾਏ ਢੁੱਕਵੇਂ ਸਕਿਚ ਅਤੇ ਦਰਜ਼ ਕਾਵਿਕ ਬੰਦ, ਕੂੰਟਾਂ ਦਿੱਖ ਨੂੰ ਹੋਰ ਪ੍ਰਭਾਵੀ ਬਣਾਉਂਦੀਆਂ ਨੇ। ਇਹ ਅੱਖੀਂ ਡਿੱਠਾ, ਕਹਾਣੀਆਂ ਦੇ ਨਾਇਕਾਂ ਅਤੇ ਵਡੇਰਿਆਂ ਤੋਂ ਸੁਣਿਆ, ਕਲਮਬੱਧ ਕੀਤਾ ਇਤਿਹਾਸਕ ਦਸਤਾਵੇਜ਼ ਹੈ। ਜਿਸ ਵਿਚ ਅਤਿ ਮਹਿੰਗੇ ਭਾਅ ਪਈ ਆਜ਼ਾਦੀ ਦਾ ਪ੍ਰਤੱਖ ਪ੍ਰਮਾਣ ਹੈ। ਉਮੀਦ ਹੈ ਆਉਣ ਵਾਲੀਆਂ ਨਸਲਾਂ ਅਜਿਹੇ ਘਟਨਾਕ੍ਰਮ ਤੋਂ ਸਬਕ ਅਤੇ ਸੇਧ ਲੈਂਦੀਆਂ ਰਹਿਣਗੀਆਂ। ਕੁੱਲ ਮਿਲਾ ਕੇ ਕਿਤਾਬ ਪੜ੍ਹਨ ਅਤੇ ਸਾਂਭਣਯੋਗ ਹੈ।

## ਸਾਹਿਤਨਾਮਾ: ਐਵਾਨ-ਏ-ਗ਼ਜ਼ਲ

# ਗੁਰਦੇਵ ਸਿੰਘ ਪੰਦੋਹਲ ਨੂੰ ਯਾਦ ਕਰਦਿਆਂ

ਸਤਵੀਰ ਸਿੰਘ ਚਾਨੀਆਂ

92569-73526

ਪੰਜਾਬ ਮੇਲ USA



ਸੂਕਦਾ ਦਰਿਆ, ਦੋਸਤੀ ਦੇ ਤਰਾਜੂ 'ਚ ਪੂਰਾ ਉਤਰਨ ਵਾਲਾ, ਲੰਮ-ਸਲੰਮਾ ਕੱਦ, ਰੰਗ ਸਾਫ਼ ਤੇ ਆਕਰਸ਼ਤ ਨਕਸ਼ੋ-ਨਿਹਾਰ। ਕੁੱਲ ਮਿਲਾ ਕੇ ਗ਼ਜ਼ਲ ਵਰਗਾ ਮੁਹਾਂਦਰਾ ਸੀ ਡਾ. ਗੁਰਦੇਵ ਸਿੰਘ ਪੰਦੋਹਲ ਦਾ। ਜੂਨ 2009 'ਚ ਉਹ ਪੰਜਾਬੀ ਭਵਨ ਲੁਧਿਆਣਾ ਵਿਖੇ ਕਵੀ ਦਰਬਾਰ 'ਚ ਸ਼ਮੂਲੀਅਤ ਕਰਨ ਜਾਂਦਿਆਂ ਫਿਰੋਜ਼ਪੁਰ ਰੋਡ ਚੁੰਗੀ ਨਜ਼ਦੀਕ ਸੜਕ ਹਾਦਸੇ 'ਚ ਸਦਾ ਲਈ ਖ਼ਾਮੋਸ਼ ਹੋ ਗਏ। ਆਪਣੀ ਮੌਤ ਸਮੇਂ ਉਹ ਕੋਈ 75 ਕੁ ਸਾਲ ਦੇ ਸਨ। ਉਸ ਤੋਂ ਪਹਿਲੇ ਸਕੂਲ ਸਿੱਖਿਆ ਵਿਭਾਗ 'ਚ ਡਿਪਟੀ ਡਾਇਰੈਕਟਰ ਦੇ ਅਹੁਦੇ ਤੋਂ ਰਿਟਾਇਰ ਹੋਣ ਤੋਂ ਆਖ਼ਰੀ ਸਮੇਂ ਤੱਕ ਵੀ ਉਹ ਹਮੇਸ਼ਾਂ ਹੀ ਬਣ-ਠਣ ਕੇ ਇੰਝ ਰਹੇ ਕਿ ਆਪਣੀ ਅਸਲ ਉਮਰ ਤੋਂ 10-15 ਸਾਲ ਘੱਟ ਦਿੱਸਣਾ। ਕੰਮਾਂਕਾਰਾਂ 'ਚ ਵੀ ਇਵੇਂ ਮੁਕਾਬਲਤਨ ਚੁਸਤ-ਦਰੁੱਸਤ ਰਹੇ। ਤੇ ਜਵਾਨੀ ਵੇਲੇ ਦੀ ਨਕਲੋ ਹਰਕਤ ਦਾ ਤਾਂ ਕਯਾ ਕਹਿਣੈ।

**ਪਰਿਵਾਰਕ ਪਿਛੋਕੜ**

ਉਦੋ ਪਰਿਵਾਰ ਬਾਰੇ ਗੱਲ ਕਰੀਏ ਤਾਂ ਪੰਦੋਹਲ ਸਾਬ ਦਾ ਬੇਟਾ ਬੰਦਿਆਂ ਦਾ ਡਾਕਟਰ ਤੇ ਸਭੇ ਬੇਟੀਆਂ ਸਾਇੰਸ ਤੇ ਸਾਹਿਤ ਦੀਆਂ। ਇਕ ਬੇਟੀ ਸ. ਲਖਮੀਰ ਸਿੰਘ ਰੰਧਾਵਾ ਸਾਬਕਾ ਵਿੱਦਿਆ ਮੰਤਰੀ ਪੰਜਾਬ, ਪਰਿਵਾਰ ਦੇ ਡਾਕਟਰ ਗੁਰਦੇਵ ਸਿੰਘ ਨੂੰ ਵਿਆਹੀ ਵਰੀ। ਪੰਦੋਹਲ ਸਾਬ੍ਹ ਦਾ ਜਨਮ ਸਮਰਾਲਾ ਤਹਿਸੀਲ ਦੇ ਪਿੰਡ ਬਰਵਾਲੀ ਖੁਰਦ 'ਚ ਕਿਸਾਨ ਪਰਿਵਾਰ ਦੇ ਸ. ਪੂਰਨ ਸਿੰਘ ਦੇ ਘਰ 1932 ਨੂੰ ਹੋਇਐ। ਉਹ ਬਾਲੜੀ ਉਮਰੇ ਹੀ ਸਨ, ਜਦ ਮਾਤਾ ਜੀ ਸਵਰਗ ਸਿਧਾਰ ਗਏ। ਅੰਜਾਮ ਇਹ ਕਿ ਪਿਤਾ ਜੀ ਨੇ ਦੂਜੀ ਸ਼ਾਦੀ ਰਚਾ ਲਈ। ਦਾਦਾ ਜੀ ਜਿੰਨਾ ਸਮਾਂ ਜਿਊਂਦੇ ਰਹੇ, ਓਨਾ ਸਮਾਂ ਮਾਂ ਦਾ ਪਿਆਰ ਬਰਾਬਰ ਰਿਹਾ ਪਰ ਦਾਦਾ ਦੇ ਅੱਖਾਂ ਮੀਟ ਜਾਣ ਉਪਰੰਤ ਤਮਾਮ ਉਮਰ ਮਾਤਾ ਵਲੋਂ ਮਤਰੇਈ ਮਾਂ ਵਾਲਾ ਸਲੂਕ ਹੀ ਹੁੰਦਾ ਰਿਹੈ। ਸਿਤਮ ਜ਼ਰੀਫ਼ੀ ਇਹ ਹੋਈ ਕਿ ਆਰੀਆ ਕਾਲਜ ਖੰਨਾ ਵਿਖੇ 13ਵੀਂ 'ਚ ਪੜ੍ਹਦੇ ਸਨ ਕਿ ਘਰਦਿਆਂ ਵਲੋਂ ਜੇਬ ਖ਼ਰਚ ਤੱਕ ਵੀ ਬੰਦ ਕਰਤਾ। ਉਸ ਵਕਤ ਸ਼ਾਦੀ ਵੀ ਉਨ੍ਹਾਂ ਦੀ ਹੋ ਚੁੱਕੀ ਸੀ। ਮਜਬੂਰਨ ਫਿਰ ਆਸ-ਪਾਸ ਪ੍ਰਾਈਵੇਟ ਸਕੂਲਾਂ 'ਚ ਮਾਸਟਰ ਰਹੇ। ਉਪਰੰਤ ਸਾਰੀ ਪੜ੍ਹਾਈ ਪ੍ਰਾਈਵੇਟ ਹੀ ਕੀਤੀ।

**ਪੜ੍ਹਾਈ ਅਤੇ ਨੌਕਰੀ:**

ਪੰਦੋਹਲ ਸਾਬ ਦੀ ਸ਼ਖ਼ਸੀਅਤ 'ਤੇ ਉਨ੍ਹਾਂ ਦੇ ਬਾਬਾ ਸ:ਗੰਗਾ ਸਿੰਘ ਜੋ ਤਦੋਂ ਸਰਕਾਰੀ ਸਕੂਲ ਮਾਸਟਰ ਸਨ, ਹੋਰਾਂ ਦਾ ਪ੍ਰਭਾਵ ਸੀ। ਪੜ੍ਹਾਈ ਵਿਚ ਵੀ ਚੁਸਤ-ਦਰੁੱਸਤ ਹੋਣ ਕਾਰਨ ਉਨ੍ਹਾਂ ਨੂੰ



ਡਾ. ਗੁਰਦੇਵ ਸਿੰਘ ਪੰਦੋਹਲ ।



ਗੁਰਦੇਵ ਸਿੰਘ ਪੰਦੋਹਲ ਆਪਣੀ ਪਤਨੀ ਨਸੀਬ ਕੌਰ ਨਾਲ।

ਖੇਤੀਬਾੜੀ ਦੀ ਪੰਜਾਲੀ ਨਾ ਚੁੱਕਣੀ ਪਈ। ਬੀ.ਏ. ਬੀ.ਟੀ. ਕਰਕੇ ਉਹ ਸਰਕਾਰੀ ਮਾਸਟਰ ਹੋਏ। ਨੌਕਰੀ ਦੌਰਾਨ ਹੀ ਐੱਮ.ਏ. (ਪੰਜਾਬੀ, ਉਰਦੂ, ਅੰਗਰੇਜ਼ੀ) ਐੱਮ.ਐੱਡ. ਤੇ 'ਪੰਜਾਬੀ ਲੋਕ ਗੀਤ ਅਤੇ ਸਾਹਿਤ' ਵਿਸ਼ੇ 'ਤੇ ਡਾ. ਤਰਲੋਕ ਸਿੰਘ ਕੰਵਰ ਦੀ ਅਗਵਾਈ ਹੇਠ ਪੀ.ਐੱਚ.ਡੀ. ਕੀਤੀ। ਸਰਕਾਰੀ ਮਾਸਟਰ ਉਹ ਬਹੁਤਾ ਸਮਾਂ ਗੁਰਾਇਆਂ, ਫਿਲੌਰ ਤੇ ਨੂਰਮਹਿਲ ਰਹੇ। ਉਪਰੰਤ ਸਮਰਾਲਾ ਦੇ ਸਕੂਲ ਤੋਂ ਪੰਜਾਬੀ ਲੈਕਚਰਾਰ ਤੇ ਫਿਰ ਡਿਪਟੀ ਡਾਇਰੈਕਟਰ ਰਿਟਾਇਰ ਹੋਏ।

ਸਾਹਿਤ ਵੱਲ ਉਨ੍ਹਾਂ ਦਾ ਮੋੜਾ ਇਸ ਤਰ੍ਹਾਂ ਪਿਆ ਕਿ ਸਭ ਤੋਂ ਪਹਿਲੇ ਉਨ੍ਹਾਂ ਧਾਰਮਿਕ ਕਵਿਤਾ ਖੰਨੇ ਆਰੀਆ ਸਕੂਲ 'ਚ ਪੜ੍ਹਦਿਆਂ ਗੁਰੂ ਨਾਨਕ ਗੁਰਪੁਰਬ ਸਮੇਂ ਲਿਖੀ:-

"ਸੋਚ ਸਮਝ ਕੇ ਆਈਂ ਬਾਬਾ ਜੇ ਮੁੜ ਆਉਣਾ ਚਾਵੇਂ
ਪਹਿਲਾਂ ਤੋਂ ਵੱਧ ਵਿਗੜ ਗਈ ਦੁਨੀਆਂ ਮਤੇ ਭੁਲੇਖਾ ਖਾਵੇਂ"

ਤੇ ਦੂਜੀ ਇਸ਼ਕ ਮਜਾਜੀ ਵਾਲੀ ਜਦ ਅੱਧ ਵਿਚਕਾਰ ਕਾਲਜ ਦੀ ਪੜ੍ਹਾਈ ਛੱਡ ਦੋਰਾਹਾ 'ਚ ਪ੍ਰਾਈਵੇਟ ਮਾਸਟਰ ਆਣ ਲੱਗੇ। ਖੰਨਾ-ਦੋਰਾਹਾ ਰੇਲ ਸਫ਼ਰ ਦੌਰਾਨ ਸਾਹਮਣੀ ਸੀਟ 'ਤੇ ਬੈਠੀ ਅਕਰਸ਼ਤ ਹਮਉਮਰ ਲੜਕੀ 'ਤੇ ਫ਼ਿਦਾ ਹੋ ਕੇ:-

"ਹੈ ਸੀ ਚੁੱਪ 'ਚ ਉਸ ਦਾ ਵਾਸਾ, ਉਪਰ ਮੋਨ ਤੇ ਅੰਦਰ ਹਾਸਾ
ਸੋਹਣਾ ਦਰਸ਼ ਦਿਖਾਈ ਜਾਂਦਾ, ਸੁੱਤੇ ਭਾਗ ਦਿਖਾਈ ਜਾਂਦਾ"

**ਸਾਹਿਤਕ ਖੇਤਰ:**

ਪੰਦੋਹਲ ਸਾਬ੍ਹ ਨੇ ਡਾ. ਸਾਧੂ ਸਿੰਘ ਹਮਦਰਦ, ਨੰਦ ਲਾਲ ਨੂਰ ਪੁਰੀ, ਬਾਵਾ ਬਲਵੰਤ ਅਤੇ ਸ਼ਿਵ ਕੁਮਾਰ ਬਟਾਲਵੀ ਹੋਰਾਂ ਦੀ ਮਹਿਫ਼ਲ ਵਿਚ ਵਿਚਰਦਿਆਂ ਆਪਣੀ ਲਿਖਣ ਕਲਾ 'ਚ ਕਾਫ਼ੀ ਨਿਖਾਰ ਲਿਆਂਦਾ। ਉਨ੍ਹਾਂ ਗ਼ਜ਼ਲ ਦਾ ਵਿਧਾ ਗਿਆਨ ਉਰਦੂ ਦੇ ਉੱਚ ਕੋਟੀ ਉਸਤਾਦ ਸ਼ਾਇਰ ਜਨਾਬ ਜੋਸ਼ ਮਲਸਿਆਨੀ ਸਾਬ੍ਹ ਤੋਂ ਗ੍ਰਹਿਣ ਕੀਤਾ। ਉਹ ਦਰਜਣ ਦੇ ਕਰੀਬ ਰਿਸਾਲਿਆਂ/ਅਖ਼ਬਾਰਾਂ ਅਤੇ ਅਦਬੀ ਸਭਾਵਾਂ ਦੇ ਮੈਂਬਰ ਜਾਂ ਸਰਪ੍ਰਸਤ ਰਹੇ। ਉਪਰੰਤ ਉਨ੍ਹਾਂ ਕੋਈ ਢਾਈ ਦਰਜਣ ਕਿਤਾਬਾਂ ਦੀ ਰਚਨਾ ਕੀਤੀ, ਜਿਨ੍ਹਾਂ 'ਚ ਪ੍ਰਮੁੱਖ ਗ਼ਜ਼ਲ ਕਿਤਾਬਾਂ ਖ਼ਾਮੋਸ਼ੀ, ਮਧਹੋਸ਼ੀ, ਸਰਗੋਸ਼ੀ, ਗੁਲਬਰਗ, ਰੰਗ-ਬਰੰਗੀਆਂ ਵਗੈਰਾ, ਕਹਾਣੀ ਨਾਮਾ 'ਚ ਰੂਹਾਂ ਸਿਸਕਦੀਆਂ ਰਹਿ ਗਈਆਂ, ਨਾਵਲ ਨਾਮਾ 'ਚ ਪੱਲੇ ਦੀ ਹਵਾ, ਸਫ਼ਰਨਾਮਾ ਗੋਰੀ ਧਰਤੀ ਕਾਲੇ ਲੋਕ, ਮੈਂ ਆਸਟ੍ਰੇਲੀਆ ਵੇਖਿਆ। ਉਰਦੂ ਫਾਰਸੀ ਤੋਂ ਲਿਪੀਆਂਤਰ: ਗੰਜਿ ਸ਼ਹੀਦਾਂ, ਅਮਰਨਾਮਾ, ਦੀਵਾਨ-ਏ-ਗੋਯਾ, ਗੁਲਿਸਤਾਨ, ਬੋਸਤਾਨ, ਰੁਬਾਇਆਤ ਉਮਰ ਖ਼ਯਾਮ ਅਤੇ ਇਨ੍ਹਾਂ ਸਭਨਾਂ ਦਾ ਸਿਖਰ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫ਼ਰਨਾਮਾ ਉਸੀ ਬਹਿਰ 'ਚ ਬ-ਕਮਾਲ ਅਨੁਵਾਦਿਤ ਹੈ। ਹਿੱਸਾ ਨਜ਼ਮ ਦੀ ਵੰਨਗੀ ਦੇਖੋ, ਜਿਸ 'ਚ ਲਿਖੀਆਂ ਗ਼ਜ਼ਲ ਕਿਤਾਬਾਂ ਦਾ ਜ਼ਿਕਰ ਹੈ:-

'ਮਧਹੋਸ਼ੀ' ਵਿਚ ਧਾਰ 'ਖ਼ਾਮੋਸ਼ੀ', ਮੈਂ ਭਰੀਆਂ ਤਰੁਸ਼ੀਆਂ ਤੰਗੀਆਂ।
'ਸਰਗੋਸ਼ੀ' ਸੰਗ 'ਗੁਲਬਰਗ' ਖਿੜਾਕੇ, ਮੈਂ ਦਾਤਾਂ ਰੱਬ ਤੋਂ ਮੰਗੀਆਂ।
'ਪੱਲੇ ਦੀ ਹਵਾ' ਚੱਲ ਘੜੀਆਂ, ਐਸੀਆਂ ਖੱਟੀਆਂ ਮਿਠੀਆਂ
ਲਹਿਰ ਬਹਿਰ ਵਿਚ ਆ ਕੇ ਫਿਰ, ਦਿਖਾਈਆਂ 'ਰੰਗ ਬਿਰੰਗੀਆਂ'।

ਭਾਈ ਨੰਦ ਲਾਲ ਦਾ ਦੀਵਾਨ-ਏ-ਗੋਯਾ ਦਾ ਇਕ ਉਮਦਾ ਸ਼ੇਅਰ ਦੇਖੋ, ਜੋ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ 'ਤੇ ਫਿਦਾ ਹੋ ਕੇ ਲਿਖਿਆ, ਮੂਲ:-

"ਐ ਜ਼ਿ ਦਸਤ ਖੰਜਰਿ ਮਿਯਗਾਨਿ ਉ ਮੇ ਸ਼ਵਦ ਖਾਮੋਸ਼ 'ਗੋਯਾ' ਅਲ ਗਿਆਸ"

ਉਲਥਾ:-

ਉਸਦੀਆਂ ਪਲਕਾਂ ਦੇ ਖੰਜ਼ਰ ਜਦ ਏਦਾਂ ਜ਼ਖ਼ਮੀ ਕੀਤਾ
ਕਿੱਦਾਂ ਬੈਠਾ ਰਹਿੰਦਾ 'ਗੋਯਾ' ਚੁੱਪ ਸੰਭਾਲੀ ਤੋਬਾ।

**ਪ੍ਰਾਪਤੀਆਂ:**

ਪੰਦੋਹਲ ਸਾਬ੍ਹ ਉਸ ਸ਼ਖ਼ਸੀਅਤ ਦਾ ਨਾਮ ਸੀ, ਜਿਨ੍ਹਾਂ ਆਪਣਾ ਨੁਕਸਾਨ ਕਰਵਾ ਕੇ ਵੀ ਦੂਜਿਆਂ ਦਾ ਭਲਾ ਕੀਤਾ। ਉਨ੍ਹਾਂ ਸੇਵਾ ਮੁਕਤੀ ਤੋਂ ਬਾਅਦ 79, ਜੀਵਨ ਪ੍ਰੀਤ ਕਲੋਨੀ ਫਿਰੋਜ਼ਪੁਰ ਰੋਡ, ਲੁਧਿਆਣਾ, ਚੁੰਗੀ ਨਜ਼ਦੀਕ ਰਿਹਾਇਸ਼ ਰੱਖੀ। ਜਿੰਨਾ ਸਮਾਂ ਵੀ ਉਥੇ ਰਹੇ ਆਪਣੀ ਮੁਹੱਲਾ ਅਤੇ ਗੁਰਦੁਆਰਾ ਸਾਹਿਬ ਕਮੇਟੀ ਦੇ ਪ੍ਰਧਾਨ ਰਹੇ। ਸਿਖਾਂਦਰੂ ਨਵੇਂ ਖਾਸ ਕਰ ਪਰਵਾਸੀ ਭਾਰਤੀ ਲਿਖਾਰੀਆਂ ਦੀਆਂ ਲਿਖਤਾਂ ਦੀ ਇਸਲਾਹ ਅਤੇ ਅਗਵਾਈ ਕਰਕੇ ਦਰਜਣ ਦੇ ਕਰੀਬ ਕਿਤਾਬਾਂ ਛਪਵਾਈਆਂ। ਇੰਨੇ ਕੁ ਹੀ ਮੁਲਕਾਂ 'ਚ ਭਰਮਣ ਅਤੇ ਉਨ੍ਹਾਂ ਦੀਆਂ ਯੂਨੀਵਰਸਿਟੀਆਂ 'ਚ 24 ਖੋਜ ਪੱਤਰ ਵੀ ਲਿਖੇ/ਪੜ੍ਹੇ। ਲਗਾਤਾਰ ਅਖ਼ਬਾਰਾਂ 'ਚ ਛਪਣ ਦੇ ਨਾਲ-ਨਾਲ ਕਵੀ ਦਰਬਾਰਾਂ ਦਾ ਸ਼ਿੰਗਾਰ ਵੀ ਬਣਦੇ ਰਹੇ। ਦਰਜਣ ਦੇ ਕਰੀਬ ਪੀ.ਐੱਚ.ਡੀ. ਲਈ ਵਿਦਿਆਰਥੀਆਂ ਦੀ ਅਗਵਾਈ ਕੀਤੀ। ਪੰਦੋਹਲ ਸਾਬ੍ਹ ਦੀਆਂ ਸਭੇ ਕਿਰਤਾਂ ਪੜ੍ਹਨ ਅਤੇ ਸਾਂਭਣਯੋਗ ਹਨ ਪਰ ਜ਼ਫ਼ਰਨਾਮਾ ਦਾ ਉਸੀ ਬਹਿਰ 'ਚ ਉਲਥਾ ਬਾ-ਕਮਾਲ ਹੈ। ਮੈਂ ਉਨ੍ਹਾਂ ਦੀ ਕਲਮ ਨੂੰ ਨਮਸਕਾਰ ਆਖਦਾ ਹਾਂ। ਜ਼ਫ਼ਰਨਾਮਾ ਦੀ ਇਕ ਚਰਚਿਤ ਮੂਲ ਵੰਨਗੀ ਅਤੇ ਉਲਥਾ ਦੇਖੋ :-

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ"

ਉਲਥਾ:-

ਜਦੋਂ ਫਿਰ ਉਪਾਵਾਂ ਦੀ ਹੈ ਹਾਰਦੀ,
ਉਦੋਂ ਜਾਇਜ਼ ਵਰਤੋਂ ਹੈ ਤਲਵਾਰ ਦੀ।

**ਪਰਿਵਾਰ:**

ਹਥਲੀ ਲਿਖਤ ਅਧੂਰੀ ਰਹੇਗੀ, ਜੇ ਉਨ੍ਹਾਂ ਦੀ ਪਤਨੀ ਸਾਹਿਬਾ ਦਾ ਜ਼ਿਕਰ ਨਾ ਕਰਾਂ। ਜਿੱਥੇ ਉਨ੍ਹਾਂ ਦਾ ਬੇਟਾ ਨਿਊਜ਼ੀਲੈਂਡ 'ਚ ਸੈੱਟ ਐ, ਉਥੇ ਬੇਟੀਆਂ ਸਿਡਨੀ ਅਤੇ ਗਲਾਸਗੋ ਯੂਨੀਵਰਸਿਟੀਆਂ 'ਚ ਪ੍ਰੋਫੈਸਰ ਨੇ ਤੇ ਮਾਤਾ ਨਸੀਬ ਕੌਰ ਜੀ ਜਿਨ੍ਹਾਂ ਪੰਦੋਹਲ ਸਾਬ੍ਹ ਨੂੰ ਪਰਿਵਾਰਕ ਦੇ ਨਾਲ-ਨਾਲ ਸਮਾਜਿਕ, ਆਰਥਿਕ ਅਤੇ ਸਾਹਿਤਕ ਹਲਕਿਆਂ ਵਿਚ ਵੀ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤੇ, ਅੱਜਕੱਲ੍ਹ ਬਟਾਲਾ ਵਿਖੇ ਆਪਣੀ ਛੋਟੀ ਬੇਟੀ ਪਾਸ ਜ਼ਿੰਦਗੀ ਦਾ ਪਿਛਲਾ ਪਹਿਰ ਹੰਢਾਅ ਰਹੇ ਨੇ, ਜਿਨ੍ਹਾਂ ਪਾਸ ਪੰਦੋਹਲ ਸਾਬ੍ਹ ਨੂੰ ਚਾਹੁਣ ਵਾਲੇ ਅੱਜ ਵੀ ਜਾਕੇ, ਉਨ੍ਹਾਂ ਨੂੰ ਯਾਦ ਕਰਦਿਆਂ ਕਸੀਦੇ/ਮਰਸੀਏ ਪੜ੍ਹਦੇ ਨੇ।

# ਹਰ ਵਿਧਾ ਵਿਚ ਲਿਖਣ ਵਾਲੀ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ

## ਜਨਮ ਦਿਨ 'ਤੇ ਵਿਸ਼ੇਸ਼

ਪੰਜਾਬੀ ਲੇਖਕ, ਕਵੀ, ਨਾਵਲਕਾਰ ਅਤੇ ਵਰਤਕਕਾਰ ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 ਨੂੰ ਗਿਆਨੀ ਕਰਤਾਰ ਸਿੰਘ ਹਿਤਕਾਰੀ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਮੰਡੀ ਬਹਾਉਦੀਨ ਗੁਜਰਾਂਵਾਲਾ (ਪਾਕਿਸਤਾਨ) ਵਿਚ ਹੋਇਆ। ਇਸ ਦੇ ਪਿਤਾ ਇਕ ਚੰਗੇ ਛੰਦ ਸ਼ਾਸਤਰੀ ਸਨ। ਅੰਮ੍ਰਿਤਾ ਨੂੰ ਲਿਖਣ ਦੀ ਚੇਟਕ ਵੀ ਆਪਣੇ ਪਿਤਾ ਕੋਲੋਂ ਪਈ।

ਅੰਮ੍ਰਿਤਾ ਨੇ 1932 ਵਿਚ ਅੱਠਵੀਂ ਪਾਸ ਕਰ ਲਈ ਸੀ। 1933 ਵਿਚ ਇਸ ਨੇ ਗਿਆਨੀ ਪਾਸ ਕਰ ਲਈ, ਬਾਅਦ ਵਿਚ 15 ਮਈ 1973 ਨੂੰ ਦਿੱਲੀ ਯੂਨੀਵਰਸਿਟੀ ਵਲੋਂ ਡੀ. ਲਿਟ ਦੀ ਆਨਰੇਰੀ ਡਿਗਰੀ ਵੀ ਪ੍ਰਾਪਤ ਕੀਤੀ। ਉਸ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ।

ਜਦ ਅੰਮ੍ਰਿਤਾ ਚਾਰ ਸਾਲ ਦੀ ਸੀ, ਤਾਂ ਇਨ੍ਹਾਂ ਦੀ ਮਾਤਾ ਨੇ ਇਸ ਦੀ ਕੁੜਮਈ ਦੂਰ ਦੇ ਰਿਸ਼ਤੇ ਵਿਚ ਭੂਆ ਦੇ ਪੁੱਤਰ ਨਾਲ ਕਰ ਦਿੱਤੀ। ਜਦ ਇਹ ਗਿਆਰਾਂ ਸਾਲ ਦੀ ਹੋਈ, ਤਾਂ ਇਸ ਦੀ ਮਾਤਾ ਦੀ ਮੌਤ ਹੋ ਗਈ। ਪਿਤਾ ਨੇ 16 ਸਾਲ ਦੀ ਉਮਰ ਵਿਚ ਇਸ ਦਾ ਵਿਆਹ ਉਸ ਥਾਂ ਹੀ ਕਰਕੇ ਆਪਣੀ ਪਤਨੀ ਦੀ ਜ਼ੁਬਾਨ ਪੁਗਾਈ ਅਤੇ ਆਪਣਾ ਫ਼ਰਜ ਨਿਭਾਇਆ।



ਇਹ ਵਿਆਹ 1936 ਵਿਚ ਪ੍ਰੀਤਮ ਸਿੰਘ ਕਵਾਤੜਾ ਨਾਲ ਹੋਇਆ। ਇਸ ਤੋਂ ਬਾਅਦ ਹੀ ਇਸ ਨੇ ਉਪਨਾਮ ਆਪਣੇ ਪਤੀ ਕੋਲੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਬਣ ਗਈ। ਇਨ੍ਹਾਂ ਦੇ ਘਰ ਦੋ ਬੱਚੇ ਪੁੱਤਰ ਨਵਰਾਜ ਅਤੇ ਪੁੱਤਰੀ ਕੰਦਲਾ ਨੇ ਜਨਮ ਲਿਆ। ਇਹ ਆਪਣੇ ਵਿਆਹੁਤਾ ਜੀਵਨ ਤੋਂ ਖ਼ੁਸ਼ ਨਹੀਂ ਸੀ, ਇਸ ਕਰਕੇ 1960 ਵਿਚ ਇਸ ਨੇ ਆਪਣੇ ਪਤੀ ਨੂੰ ਛੱਡ ਦਿੱਤਾ।

1936 'ਚ ਅੰਮ੍ਰਿਤਾ ਨੇ ਲਿਖਣਾ ਸ਼ੁਰੂ ਕੀਤਾ। ਜਦ ਇਸ ਦਾ ਪਹਿਲਾ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋਇਆ, ਉਸ ਟਾਇਮ ਇਸ ਦੀ ਉਮਰ 16 ਸਾਲ ਸੀ।

1947 ਦੀ ਵੰਡ ਵੇਲੇ ਇਹ ਇੱਧਰ ਆ ਗਈ। ਉਸ ਟਾਇਮ ਇਹ 28 ਸਾਲ ਦੀ ਸੀ। ਦੇਸ਼ ਦੀ ਵੰਡ ਨੂੰ ਇਸ ਨੇ ਆਪਣੇ ਪਿੰਡੇ 'ਤੇ ਹੰਡਾਇਆ। ਲਾਸ਼ਾਂ ਦੇ ਲੱਗੇ ਢੇਰ ਅੰਮ੍ਰਿਤਾ ਪ੍ਰੀਤਮ ਦੇ ਮਨ 'ਤੇ ਘਰ ਕਰ ਗਏ। ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਵਾਰਿਸ ਸ਼ਾਹ ਨੂੰ ਮੁਖ਼ਾਤਿਬ ਕਰਕੇ ਇਕ ਕਵਿਤਾ ਲਿਖੀ:-

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ !
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ :
ਉਠ ਦਰਦਮੰਦਾ ਦਿਆ ਦਰਦ ਦੀਆ!
ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਛੇ ਦਹਾਕਿਆਂ ਦੇ ਸਾਹਿਤਕ ਸਫ਼ਰ ਦੌਰਾਨ ਅੰਮ੍ਰਿਤਾ ਨੇ ਕਵਿਤਾ, ਨਾਵਲ, ਜੀਵਨੀ, ਨਿਬੰਧ ਆਦਿ ਵਿਧਾਵਾਂ ਦੇ ਅੰਦਰ 100 ਤੋਂ ਵੱਧ ਕਿਤਾਬਾਂ ਲਿਖੀਆਂ। ਇਨ੍ਹਾਂ ਵਿਚ ਪੰਜਾਬੀ ਲੋਕ ਗੀਤਾਂ ਦਾ ਇਕ ਸੰਗ੍ਰਹਿ ਅਤੇ ਆਤਮਕਥਾ ਵੀ ਸ਼ਾਮਲ ਹੈ। ਉਸ ਦੀਆਂ ਕਈ ਕਿਤਾਬਾਂ ਦਾ ਭਾਰਤੀ ਅਤੇ ਵਿਦੇਸ਼ੀ ਭਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ।

ਅੰਮ੍ਰਿਤਾ ਪ੍ਰੀਤਮ ਨੂੰ 1956 ਵਿਚ ਸੁਨੇਹੜੇ ਕਾਵਿ-ਸੰਗ੍ਰਹਿ ਤੇ ਸਾਹਿਤ ਐਕਡਮੀ ਪੁਰਸਕਾਰ ਮਿਲਿਆ, 1958 ਵਿਚ ਭਾਸ਼ਾ ਵਿਭਾਗ ਵਲੋਂ ਸਨਮਾਨ ਮਿਲਿਆ, 1969 ਵਿਚ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ, ਸਾਹਿਤ ਕਲਾ ਪ੍ਰੀਸ਼ਦ ਵਲੋਂ 1974 ਵਿਚ ਇਨਾਮ ਮਿਲਿਆ, ਕੰਨੜ ਸਾਹਿਤ ਸੰਮੇਲਨ ਵਿਚ ਆਪ ਨੂੰ 1978 ਵਿਚ ਇਨਾਮ ਮਿਲਿਆ, 1982 ਵਿਚ ਕਾਗਜ ਅਤੇ ਕੈਨਵਸ ਕਾਵਿ ਸੰਗ੍ਰਹਿ ਤੇ ਗਿਆਨ ਪੀਠ ਐਵਾਰਡ ਮਿਲਿਆ, 1988 ਵਿਚ ਬੁਲਗਾਰਿਆ ਵੈਰੋਵ ਇਨਾਮ (ਅੰਤਰਰਾਸ਼ਟਰੀ) ਮਿਲਿਆ। ਆਪਣੀ ਜ਼ਿੰਦਗੀ ਦੇ ਅੰਤਿਮ ਦਿਨਾਂ 2005 'ਚ ਅੰਮ੍ਰਿਤਾ ਪ੍ਰੀਤਮ ਨੂੰ ਭਾਰਤ ਦਾ ਦੂਜਾ ਸਭ ਤੋਂ ਵੱਡਾ ਸਨਮਾਨ ਪਦਮ ਵਿਭੂਸ਼ਣ ਮਿਲਿਆ।

31 ਅਕਤੂਬਰ 2005 ਨੂੰ 86 ਸਾਲ ਦੀ ਉਮਰ 'ਚ ਅੰਮ੍ਰਿਤਾ ਪ੍ਰੀਤਮ ਦੀ ਦਿੱਲੀ ਵਿਖੇ ਮੌਤ ਹੋ ਗਈ ਪਰ ਉਹ ਭਾਵੇਂ ਸਾਡੇ ਕੋਲੋਂ ਸਰੀਰਕ ਤੌਰ 'ਤੇ ਚਲੀ ਗਈ ਹੈ ਪਰ ਉਸ ਦਾ ਲਿਖਿਆ ਸਾਹਿਤ ਦਾ ਵੱਡਮੁੱਲਾ ਸਰਮਾਇਆ ਸਾਡੇ ਕੋਲ ਹੈ।

# ਕੋਲਕੱਤਾ ਦੀ ਸਿੱਖਿਆਰਥੀ ਡਾਕਟਰ ਨਾਲ ਬਲਾਤਕਾਰ ਤੇ ਕਤਲ ਵੱਡਾ ਗੁਨਾਹ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





ਇਹ ਬੜੀ ਹੈਰਾਨੀ ਤੇ ਚਿੰਤਾਜਨਕ ਗੱਲ ਹੈ ਕਿ ਭਾਰਤੀ ਸਿਆਸਤਦਾਨ ਦੇਸ਼ ਵਿਚ ਧੀਆਂ-ਭੈਣਾਂ ਦੇ ਹੋ ਰਹੇ ਬਲਾਤਕਾਰਾਂ ਤੇ ਕਤਲਾਂ ਨੂੰ ਸੰਜੀਦਗੀ ਨਾਲ ਕਿਉਂ ਰੋਕਣ ਦੀ ਕੋਸ਼ਿਸ਼ ਨਹੀਂ ਕਰ ਰਹੇ? ਹਰ ਇਨਸਾਨ ਭਾਵੇਂ ਉਹ ਬਲਾਤਕਾਰੀ ਕਿਉਂ ਨਾ ਹੋਵੇ, ਉਹ ਇੱਕ ਇਸਤਰੀ ਦੇ ਪੇਟ ਵਿਚੋਂ ਜਨਮ ਲੈਂਦਾ ਹੈ। ਫਿਰ ਉਨ੍ਹਾਂ ਬਲਾਤਕਾਰੀਆਂ ਨੂੰ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦਿਆਂ ਆਪਣੀਆਂ ਮਾਵਾਂ ਭੈਣਾਂ ਦੀ ਸ਼ਕਲ ਕਿਉਂ ਨਹੀਂ ਸਾਹਮਣੇ ਆਉਂਦੀ? ਮਾਵਾਂ ਅਤੇ ਡਾਕਟਰ ਦੋਹਾਂ ਨੂੰ ਰੱਬ ਦਾ ਰੂਪ ਕਿਹਾ ਜਾਂਦਾ ਹੈ। ਬਲਾਤਕਾਰੀ ਮਾਵਾਂ ਅਤੇ ਰੱਬ ਨੂੰ ਵੀ ਮੁਆਫ਼ ਨਹੀਂ ਕਰਦੇ। ਭਾਰਤ ਦੇ ਸਿਆਸਤਦਾਨ ਅਤੇ ਪ੍ਰਬੰਧਕੀ ਅਧਿਕਾਰੀ/ਕਰਮਚਾਰੀ ਆਪਣੇ ਫਰਜ਼ਾਂ ਵਿਚ ਕੁਤਾਹੀ ਕਿਉਂ ਕਰਦੇ ਹਨ? ਉਨ੍ਹਾਂ ਦੀਆਂ ਅਣਗਹਿਲੀਆਂ ਕਰਕੇ ਮੁਜ਼ਰਮਾ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਭਾਰਤ ਵਿਚ ਬਲਾਤਕਾਰਾਂ ਅਤੇ ਕਤਲਾਂ ਦੇ ਜ਼ੁਰਮਾ ਵਿਚ ਲਗਾਤਾਰ ਹੋ ਰਿਹਾ ਵਾਧਾ ਸੰਸਾਰ ਦੇ ਸਭ ਤੋਂ ਵੱਡੇ ਪਰਜਾਤੰਤਰਿਕ ਦੇਸ਼ ਵਿਚ ਅਤਿ ਘਿਰਣਾਯੋਗ, ਨਿੰਦਣਯੋਗ ਤੇ ਸ਼ਰਮਨਾਕ ਕੰਮ ਹੈ। ਕੋਲਕੱਤਾ ਕਾਲਜ ਦੀ ਸਿੱਖਿਆਰਥੀ ਡਾਕਟਰ ਦੀ ਡਿਊਟੀ ਸਮੇਂ ਆਪਣੇ ਹੀ ਕਾਲਜ ਵਿਚ ਬਲਾਤਕਾਰ ਤੋਂ ਬਾਅਦ ਕਤਲ ਕਰਨ ਦੀ ਘਟਨਾ ਨੇ ਸਮੁੱਚੇ ਦੇਸ਼ ਵਿਚ ਸਨਸਨੀ ਫੈਲਾ ਦਿੱਤੀ ਹੈ ਅਤੇ ਭਾਰਤੀਆਂ ਵਿਚ ਰੋਸ ਦੀ ਲਹਿਰ ਪੈਦਾ ਹੋ ਗਈ ਹੈ। ਜੇਕਰ ਡਾਕਟਰਾਂ ਜਿਨ੍ਹਾਂ ਨੇ ਮਰੀਜ਼ਾਂ ਦਾ ਇਲਾਜ ਕਰਕੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦੇਣੀ ਹੈ, ਉਨ੍ਹਾਂ ਨਾਲ ਹੀ ਅਜਿਹੀਆਂ ਦਰਦਨਾਕ ਘਟਨਾਵਾਂ ਹੋ ਰਹੀਆਂ ਹਨ, ਤਾਂ ਭਾਰਤ ਦੀ ਕੋਈ ਵੀ ਲੜਕੀ ਸੁਰੱਖਿਅਤ ਨਹੀਂ ਹੋ ਸਕਦੀ। ਜਿਹੜੀਆਂ ਖ਼ਬਰਾਂ ਆ ਰਹੀਆਂ ਹਨ, ਉਨ੍ਹਾਂ ਨੂੰ ਸੁਣ ਕੇ ਦਹਿਸ਼ਤ ਪੈਦਾ ਹੋ ਰਹੀ ਹੈ ਕਿ ਜਿਨ੍ਹਾਂ ਉਪਰ ਉਨ੍ਹਾਂ ਲੜਕੀਆਂ ਦੀ ਸੁਰੱਖਿਆ ਕਰਨ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਉਪਰ ਹੀ ਕਤਲ ਦੇ ਦੋਸ਼ ਲੱਗ ਰਹੇ ਹਨ। ਇਨ੍ਹਾਂ ਸੰਸਥਾਵਾਂ ਵਿਚ ਕੰਮ ਕਰਨ ਵਾਲੀਆਂ ਜੇਕਰ ਡਾਕਟਰ ਹੀ ਸੁਰੱਖਿਅਤ ਨਹੀਂ ਹੋਣਗੀਆਂ, ਤਾਂ ਫਿਰ ਸਮਾਜਿਕ ਥਾਵਾਂ 'ਤੇ ਵਿਚਰਨ ਵਾਲੀਆਂ ਲੜਕੀਆਂ ਦਾ ਕੀ ਬਣੇਗਾ? ਇੱਕ ਪਾਸੇ ਇਹ ਕਿਹਾ ਜਾ ਰਿਹਾ ਹੈ ਕਿ ਭਾਰਤ ਸੰਸਾਰ ਦੀ ਵੱਡੀ ਤਾਕਤ ਬਣ ਗਿਆ ਹੈ, ਦੂਜੇ ਪਾਸੇ ਲੜਕੀਆਂ ਦੇ ਬਲਾਤਕਾਰਾਂ ਵਿਚ ਵਾਧਾ ਹੋ ਰਿਹਾ ਹੈ। ਅਸਥਿਰਤਾ ਦੇ ਹਾਲਾਤ ਬਣ ਰਹੇ ਹਨ। ਡਾਕਟਰੀ ਦਾ ਕਿੱਤਾ ਪਵਿੱਤਰ ਸਮਝਿਆ ਜਾਂਦਾ ਹੈ ਤੇ ਡਾਕਟਰ ਨੂੰ ਰੱਬ ਦਾ ਦੂਜਾ ਰੂਪ ਕਿਹਾ ਜਾਂਦਾ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾ ਲੜਕੀ ਦੇ ਪਰਿਵਾਰ ਨੂੰ ਇਨਸਾਫ਼ ਦੇਣ ਦੇ ਨਾਮ 'ਤੇ ਸਿਆਸਤ ਕਰ ਰਹੇ ਹਨ। ਅਜਿਹੀਆਂ ਘਿਨਾਉਣੀਆਂ ਹਰਕਤਾਂ ਦੇ ਉਹ ਵੀ ਸਾਰੇ ਜ਼ਿੰਮੇਵਾਰ ਹਨ। ਇਹ ਇੱਕ ਦੂਜੇ 'ਤੇ ਦੋਸ਼ ਲਗਾਉਣ ਦਾ ਸਮਾਂ ਨਹੀਂ, ਸਗੋਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇੱਕਮੁਠ ਹੋ ਕੇ ਅਜਿਹੀਆਂ ਘਟਨਾਵਾਂ ਦਾ ਸਾਰਥਿਕ ਹੱਲ ਲੱਭਣਾ ਚਾਹੀਦਾ ਹੈ। ਇਸ ਵਿਚ ਸਿਆਸਤਦਾਨ, ਅਧਿਕਾਰੀ, ਜੁਡੀਸ਼ਰੀ ਅਤੇ ਮੀਡੀਆ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਭਾਰਤ ਵਿਚ ਕਾਨੂੰਨ ਭਾਵੇਂ ਸਖ਼ਤ ਹਨ ਪ੍ਰੰਤੂ ਊਣਤਾਈਆਂ ਉਨ੍ਹਾਂ ਵਿਚ ਵੀ ਬਹੁਤ ਹਨ। ਜੁਡੀਸ਼ਰੀ ਵਾਰਦਾਤ ਸਮੇਂ ਮੌਕੇ ਦੀ ਗਵਾਹੀ ਤੋਂ ਬਿਨਾ ਸਜ਼ਾ ਨਹੀਂ ਦਿੰਦੀ, ਅਜਿਹੇ ਕੇਸਾਂ ਵਿਚ ਮੌਕੇ ਦੇ ਗਵਾਹ ਨਹੀਂ ਹੁੰਦੇ। ਕਾਨੂੰਨਾਂ ਨੂੰ ਲਾਗੂ ਕਰਨ ਦੇ ਰਾਹ ਵਿਚ ਸਿਆਸਤਦਾਨ ਤੇ ਅਧਿਕਾਰੀ ਹੀ ਰੋੜਾ ਬਣਦੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਉਹੀ ਸਿਆਸਤਦਾਨ ਤੇ ਅਧਿਕਾਰੀ ਦੋਸ਼ੀਆਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵਿਚ ਸ਼ਾਮਲ ਹੁੰਦੇ ਹਨ, ਜਿਨ੍ਹਾਂ ਨੂੰ ਪਰਜਾ ਦੀ ਸੁਰੱਖਿਆ ਕਰਨ ਦੀ ਜ਼ਿੰਮੇਵਾਰੀ ਮਿਲੀ ਹੁੰਦੀ ਹੈ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਹੈ ਕਿ ਬਲਾਤਕਾਰੀਆਂ ਅਤੇ ਕਾਤਲਾਂ ਨੂੰ ਬਚਾਉਣ ਲਈ ਚੋਟੀ ਦੇ ਵਕੀਲ ਅੱਗੇ ਆ ਜਾਂਦੇ ਹਨ। ਬਲਾਤਕਾਰੀਆਂ ਨੂੰ ਬਚਾਉਣ ਵਾਲੇ ਭਾਵੇਂ ਉਹ ਸਿਆਸਤਦਾਨ ਹੋਣ ਜਾਂ ਕੋਈ ਹੋਰ ਹੋਵੇ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਅਜਿਹੀ ਘਟਨਾ ਉਨ੍ਹਾਂ ਦੀਆਂ ਧੀਆਂ ਭੈਣਾਂ ਨਾਲ ਵੀ ਵਾਪਰ ਸਕਦੀ ਹੈ। ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਭਾਰਤ ਦੇ ਪਰਜਾਤੰਤਰ ਦੇ ਥੰਮ੍ਹ ਗਿਣੇ ਜਾਂਦੇ ਸੰਸਦ ਅਤੇ ਵਿਧਾਨ ਸਭਾਵਾਂ ਦੇ 151 ਮੈਂਬਰਾਂ 'ਤੇ ਇਸਤਰੀਆਂ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਵਿਚ 2019 ਤੇ 2024 ਦੇ ਸਮੇਂ ਹੋਈਆਂ ਚੋਣਾਂ ਮੌਕੇ ਚੋਣ ਕਮਿਸ਼ਨ ਵਿਚ ਉਨ੍ਹਾਂ ਵਲੋਂ ਦਿੱਤੇ ਐਫੀਡੈਵਿਟਾਂ ਅਨੁਸਾਰ ਕੇਸ ਦਰਜ ਹਨ। ਇਨ੍ਹਾਂ ਵਿਚ 16 ਸੰਸਦ ਮੈਂਬਰ ਤੇ 135 ਵੱਖ-ਵੱਖ ਪਾਰਟੀਆਂ ਤੇ ਰਾਜਾਂ ਦੇ ਵਿਧਾਇਕ ਹਨ। 16 ਵਿਰੁੱਧ ਜਬਰ-ਜਨਾਹ ਦੇ ਕੇਸ ਸ਼ਾਮਲ ਹਨ, ਜਿਨ੍ਹਾਂ ਵਿਚ 2 ਸੰਸਦ ਮੈਂਬਰ ਤੇ 14 ਵਿਧਾਨਕਾਰ ਸ਼ਾਮਲ ਹਨ। ਫਿਰ ਤੁਸੀਂ ਇਨ੍ਹਾਂ ਸਿਆਸਤਦਾਨਾਂ ਤੋਂ ਇਨਸਾਫ਼ ਦੀ ਕੀ ਉਮੀਦ ਕਰ ਸਕਦੇ ਹੋ? ਪੱਛਮੀ ਬੰਗਾਲ ਦੇ 25 ਸੰਸਦ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਕੇਸ ਦਰਜ ਹਨ। 151 ਵਿਚੋਂ ਭਾਜਪਾ ਦੇ 54, ਕਾਂਗਰਸ ਦੇ 23 ਤੇ ਤੇਲਗੂ ਦੇਸਮ ਪਾਰਟੀ 17 ਮੈਂਬਰ ਹਨ। ਪਰਜਾ ਵੀ ਅਜਿਹੇ ਜੁਰਮਾਂ ਵਿਚ ਦੋਸ਼ੀ ਹੈ ਕਿਉਂਕਿ ਪਰਜਾ ਹੀ ਅਜਿਹੇ ਸਿਆਸਤਦਾਨਾਂ ਨੂੰ ਵੋਟਾਂ ਪਾ ਕੇ ਜਿਤਾਉਂਦੀ ਹੈ। ਭਾਰਤ ਦੇ ਲੋਕਾਂ ਨੇ ਜੇਕਰ ਆਪਣੀਆਂ ਧੀਆਂ-ਭੈਣਾਂ ਦੀ ਇੱਜ਼ਤ ਬਚਾਉਣੀ ਹੈ, ਤਾਂ ਉਨ੍ਹਾਂ ਨੂੰ ਜਾਗ੍ਰਿਤ ਹੋ ਕੇ ਸਾਫ਼-ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਵੋਟਾਂ ਪਾਉਣੀਆਂ ਚਾਹੀਦੀਆਂ ਹਨ। ਪੈਸੇ ਤੇ ਮੁਫ਼ਤਖੋਰੀਆਂ ਦੇ ਲਾਲਚ ਵਿਚ ਆ ਕੇ ਵੋਟਾਂ ਨਹੀਂ ਪਾਉਣੀਆਂ ਚਾਹੀਦੀਆਂ। ਸਿਆਸੀ ਪਾਰਟੀਆਂ ਨੂੰ ਟਿਕਟਾਂ ਦੇਣ ਸਮੇਂ ਅਪਰਾਧਿਕ ਮਾਮਲਿਆਂ ਵਿਚ ਗ੍ਰਸਤ ਉਮੀਦਵਾਰਾਂ ਨੂੰ ਟਿਕਟਾਂ ਨਹੀਂ ਦੇਣੀਆਂ ਚਾਹੀਦੀਆਂ। ਹੁਣ ਲੋਕਾਂ ਦੇ ਚੁਕੰਨੇ ਹੋਣ ਦਾ ਸਮਾਂ ਹੈ।

**ਬਲਾਤਕਾਰੀ ਮਾਵਾਂ ਅਤੇ ਰੱਬ ਨੂੰ ਵੀ ਮੁਆਫ਼ ਨਹੀਂ ਕਰਦੇ। ਭਾਰਤ ਦੇ ਸਿਆਸਤਦਾਨ ਅਤੇ ਪ੍ਰਬੰਧਕੀ ਅਧਿਕਾਰੀ/ਕਰਮਚਾਰੀ ਆਪਣੇ ਫਰਜ਼ਾਂ ਵਿਚ ਕੁਤਾਹੀ ਕਿਉਂ ਕਰਦੇ ਹਨ? ਉਨ੍ਹਾਂ ਦੀਆਂ ਅਣਗਹਿਲੀਆਂ ਕਰਕੇ ਮੁਜ਼ਰਮਾ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਭਾਰਤ ਵਿਚ ਬਲਾਤਕਾਰਾਂ ਅਤੇ ਕਤਲਾਂ ਦੇ ਜ਼ੁਰਮਾ ਵਿਚ ਲਗਾਤਾਰ ਹੋ ਰਿਹਾ ਵਾਧਾ ਸੰਸਾਰ ਦੇ ਸਭ ਤੋਂ ਵੱਡੇ ਪਰਜਾਤੰਤਰਿਕ ਦੇਸ਼ ਵਿਚ ਅਤਿ ਘਿਰਣਾਯੋਗ, ਨਿੰਦਣਯੋਗ ਤੇ ਸ਼ਰਮਨਾਕ ਕੰਮ ਹੈ। ਕੋਲਕੱਤਾ ਕਾਲਜ ਦੀ ਸਿੱਖਿਆਰਥੀ ਡਾਕਟਰ ਦੀ ਡਿਊਟੀ ਸਮੇਂ ਆਪਣੇ ਹੀ ਕਾਲਜ ਵਿਚ ਬਲਾਤਕਾਰ ਤੋਂ ਬਾਅਦ ਕਤਲ ਕਰਨ ਦੀ ਘਟਨਾ ਨੇ ਸਮੁੱਚੇ ਦੇਸ਼ ਵਿਚ ਸਨਸਨੀ ਫੈਲਾ ਦਿੱਤੀ ਹੈ ਅਤੇ ਭਾਰਤੀਆਂ ਵਿਚ ਰੋਸ ਦੀ ਲਹਿਰ ਪੈਦਾ ਹੋ ਗਈ ਹੈ।**

ਕੋਲਕੱਤਾ ਮੈਡੀਕਲ ਕਾਲਜ ਵਿਚ ਸਿੱਖਿਆਰਥੀ ਡਾਕਟਰ ਦੀ ਘਟਨਾ ਤੋਂ ਬਾਅਦ ਸਮੁੱਚੇ ਦੇਸ਼ ਵਿਚ ਡਾਕਟਰ ਹੜਤਾਲ 'ਤੇ ਹਨ ਅਤੇ ਲੋਕਾਂ ਵੱਲੋਂ ਕੈਂਡਲ ਮਾਰਚ ਕੱਢੇ ਜਾ ਰਹੇ ਹਨ। ਪ੍ਰੰਤੂ ਕੁਝ ਸਮੇਂ ਬਾਅਦ ਹੜਤਾਲ ਵੀ ਖ਼ਤਮ ਹੋ ਜਾਵੇਗੀ ਤੇ ਕੈਂਡਲ ਮਾਰਚ ਵੀ ਬੰਦ ਹੋ ਜਾਣਗੇ। ਬਲਾਤਕਾਰ ਦੀਆਂ ਘਟਨਾਵਾਂ ਫਿਰ ਹੁੰਦੀਆਂ ਰਹਿਣਗੀਆਂ, ਜਿਤਨੀ ਦੇਰ ਕੋਈ ਹੋਰ ਸਾਰਥਿਕ ਹੱਲ ਨਹੀਂ ਲੱਭੇ ਜਾਂਦੇ ਤੇ ਵਿਲੱਖਣ ਸਜ਼ਾ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ। ਅਜਿਹੇ ਕੇਸਾਂ ਵਿਚ ਪੁਲਿਸ/ਸਿਵਿਲ ਕਰਮਚਾਰੀਆਂ/ਅਧਿਕਾਰੀਆਂ ਦੇ ਕਿਰਦਾਰ ਵੀ ਸ਼ੱਕੀ ਹੋ ਜਾਂਦੇ ਹਨ, ਜਦੋਂ ਤੁਰੰਤ ਕੇਸ ਰਜਿਸਟਰ ਨਹੀਂ ਕੀਤੇ ਜਾਂਦੇ। ਪੁਲਿਸ ਦੀ ਕੋਸ਼ਿਸ਼ ਅਜਿਹੇ ਕੇਸਾਂ ਨੂੰ ਦਬਾਉਣ ਦੀ ਹੁੰਦੀ ਹੈ, ਜਿਸ ਕਰਕੇ ਸਮੇਂ ਸਿਰ ਦੋਸ਼ੀ ਫੜੇ ਨਹੀਂ ਜਾਂਦੇ ਤੇ ਸਜ਼ਾ ਵੀ ਨਹੀਂ ਮਿਲਦੀ। ਸੁਪਰੀਮ ਕੋਰਟ ਨੇ 10 ਮੈਂਬਰੀ ਸਿਟ ਬਣਾਈ ਹੈ, ਉਹ ਡਾਕਟਰਾਂ ਦੀ ਹਿਫ਼ਾਜ਼ਤ ਬਾਰੇ ਯੋਜਨਾ ਬਣਾਏਗੀ ਪ੍ਰੰਤੂ ਅੱਜਕੱਲ੍ਹ ਤਾਂ ਹਰ ਸੰਸਥਾ ਵਿਚ ਲੜਕੀਆਂ ਕੰਮ ਕਰਦੀਆਂ ਹਨ, ਉਨ੍ਹਾਂ ਦੀ ਸੁਰੱਖਿਆ ਬਾਰੇ ਕੌਣ ਸੋਚੇਗਾ? ਸਾਡੇ ਦੇਸ਼ ਵਿਚ ਘਟਨਾ ਤੋਂ ਬਾਅਦ ਥੋੜ੍ਹੇ ਦਿਨ ਚਰਚਾ ਹੁੰਦੀ ਹੈ, ਉਸ ਤੋਂ ਬਾਅਦ ਚੁੱਪ ਪਸਰ ਜਾਂਦੀ ਹੈ।

ਸਾਡੇ ਦੇਸ਼ ਲਈ ਸ਼ਰਮ ਵਾਲੀ ਗੱਲ ਹੈ ਕਿ ਸੰਸਾਰ ਵਿਚ ਸਭ ਤੋਂ ਵੱਧ ਬਲਾਤਕਾਰ ਦੇ ਕੇਸ ਹੋਣ ਵਾਲੇ ਦੇਸ਼ਾਂ ਵਿਚੋਂ ਭਾਰਤ ਦਾ ਚੌਥਾ ਨੰਬਰ ਹੈ। ਰਾਸ਼ਟਰੀ ਜ਼ੁਰਮ ਰਿਕਾਰਡ ਅਨੁਸਾਰ ਭਾਰਤ ਵਿਚ ਜ਼ੁਰਮ ਦੇ ਜਿਤਨੇ ਕੇਸ ਹੁੰਦੇ ਹਨ, ਉਨ੍ਹਾਂ ਵਿਚ 95 ਫ਼ੀਸਦੀ ਬਲਾਤਕਾਰ ਦੇ ਕੇਸ ਹਨ। ਲਗਪਗ ਹਰ 15 ਮਿੰਟ ਬਾਅਦ ਇੱਕ ਬਲਾਤਕਾਰ ਹੁੰਦਾ ਹੈ। ਇਸ ਤੋਂ ਪਹਿਲਾਂ ਵੀ ਤਿੰਨ ਚਾਰ ਬਲਾਤਕਾਰ ਦੇ ਕੇਸ ਬਹੁਤ ਚਰਚਿਤ ਰਹੇ ਹਨ। ਦਿੱਲੀ ਵਿਖੇ 16 ਦਸੰਬਰ 2012 ਨੂੰ ਚਲਦੀ ਬੱਸ ਵਿਚ ਇੱਕ ਲੜਕੀ ਨਾਲ ਦਰਿੰਦਿਆਂ ਵੱਲੋਂ ਖ਼ੂੰਖਾਰ ਢੰਗ ਨਾਲ ਬਲਾਤਕਾਰ ਕੀਤਾ ਗਿਆ, ਜਿਸ ਕਰਕੇ ਲੜਕੀ ਗੰਭੀਰ ਜ਼ਖ਼ਮੀ ਹੋ ਗਈ। ਉਸ ਲੜਕੀ ਨੂੰ ਇਲਾਜ ਲਈ ਵਿਦੇਸ਼ ਵੀ ਭੇਜਿਆ ਗਿਆ ਸੀ ਪ੍ਰੰਤੂ ਉਸ ਲੜਕੀ ਦੀ 29 ਦਸੰਬਰ ਨੂੰ ਮੌਤ ਹੋ ਗਈ ਸੀ। ਦੋਸ਼ੀਆਂ ਨੂੰ ਮੌਤ ਦੀ ਸਜ਼ਾ ਵੀ ਹੋਈ ਪ੍ਰੰਤੂ ਬਲਾਤਕਾਰ ਹੋਣੇ ਬੰਦ ਨਹੀਂ ਹੋਏ। ਉਸ ਤੋਂ ਬਾਅਦ 10 ਜਨਵਰੀ 2018 ਨੂੰ ਜੰਮੂ ਕਸ਼ਮੀਰ ਦੇ ਕਠੂਆ ਇਲਾਕੇ ਦੇ ਪਿੰਡ ਰਸਾਨਾ ਵਿਖੇ 8 ਸਾਲ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ ਤੋਂ ਬਾਅਦ ਕਤਲ ਕਰ ਦਿੱਤਾ ਸੀ। 14 ਸਤੰਬਰ 2021 ਨੂੰ ਉਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਦੇ ਪਿੰਡ ਭੁਲਗੜ੍ਹੀ ਵਿਖੇ ਇੱਕ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਹੋਇਆ ਤੇ ਉਹ ਲੜਕੀ 29 ਸਤੰਬਰ ਨੂੰ ਸਵਰਗ ਸਿਧਾਰ ਗਈ। ਪੁਲਿਸ ਨੇ ਲੜਕੀ ਦੇ ਮਾਪਿਆਂ ਨੂੰ ਲਾਸ਼ ਵਿਖਾਏ ਬਿਨਾ ਹੀ ਰਾਤ ਨੂੰ ਸਸਕਾਰ ਕਰ ਦਿੱਤਾ ਸੀ। ਅਜੇ ਤੱਕ ਇਸ ਕੇਸ ਵਿਚ ਇਨਸਾਫ ਨਹੀਂ ਮਿਲਿਆ। ਰਾਜਸਥਾਨ ਦੇ ਜੈਪੁਰ ਸ਼ਹਿਰ ਵਿਖੇ 1992 ਵਿਚ 100 ਵਿਦਿਆਰਥੀ ਲੜਕੀਆਂ ਨੂੰ ਉਨ੍ਹਾਂ ਦੀ ਤਸਵੀਰਾਂ ਰਾਹੀਂ ਬਲੈਕਮੇਲ ਕਰਕੇ ਬਲਾਤਕਾਰ ਕੀਤੇ ਗਏ ਤੇ 32 ਸਾਲ ਬਾਅਦ ਇਨਸਾਫ਼ ਮਿਲਿਆ। ਬਹੁਤੇ ਕੇਸਾਂ ਵਿਚ ਸਿਆਸੀ ਅਤੇ ਅਧਿਕਾਰੀਆਂ ਦੀ ਦਖ਼ਲਅੰਦਾਜ਼ੀ ਹੁੰਦੀ ਰਹੀ। ਇਸ ਲਈ ਭਾਰਤ ਦੇ ਲੋਕਾਂ ਨੂੰ ਸਿਆਸਤਦਾਨਾਂ ਅਤੇ ਅਧਿਕਾਰੀਆਂ ਨੂੰ ਦੋਸ਼ੀਆਂ ਨੂੰ ਤੁਰੰਤ ਪਕੜਨ ਅਤੇ ਸਖ਼ਤ ਸਜ਼ਾਵਾਂ ਦੇਣ ਲਈ ਮਜਬੂਰ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਜੇਕਰ ਇਸੇ ਤਰ੍ਹਾਂ ਬਲਾਤਕਾਰ ਹੁੰਦੇ ਰਹੇ, ਤਾਂ ਭਾਰਤ ਵਿਚ ਧੀਆਂ-ਭੈਣਾਂ ਦਾ ਰਹਿਣਾ ਅਸੰਭਵ ਹੋ ਜਾਵੇਗਾ। ਦੇਸ਼ ਵਿਚ ਚੰਗੀ ਪ੍ਰਣਾਲੀ ਨਾ ਹੋਣ ਕਰਕੇ ਭਾਰਤ ਦੇ ਨੌਜਵਾਨ ਪ੍ਰਵਾਸ ਵਲ ਨੂੰ ਵਹੀਰਾਂ ਘੱਤ ਕੇ ਜਾ ਰਹੇ ਹਨ।

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325

- ਸਭ ਤੋਂ ਵੱਧ ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਖਬਰਾਂ ਵਿਚ ਆਉਂਦਾ ਹੈ ਕਿ ਫਲਾਣੇ ਬਜ਼ਾਰ ਵਿਚ ਚੋਰ ਤਾਲਿਆਂ ਵਾਲੀ ਦੁਕਾਨ ਦਾ ਤਾਲਾ ਤੋੜ ਕੇ ਤਾਲੇ ਚੋਰੀ ਕਰਕੇ ਲੈ ਗਏ।
- ਜਿਸ ਧਰਮ ਵਿਚੋਂ ਇਨਸਾਨੀਅਤ ਖਤਮ ਹੋ ਜਾਵੇ, ਉਹ ਧਰਮ ਕਿਸੇ ਕੰਮ ਦਾ ਨਹੀਂ। ਪਰ ਜੇ ਕਿਤੇ ਧਰਮ ਨਹੀਂ ਹੈ, ਸਿਰਫ਼ ਇਨਸਾਨੀਅਤ ਹੀ ਹੈ, ਤਾਂ ਉਹ ਇਨਸਾਨੀਅਤ ਧਰਮ ਨਾਲੋਂ ਚੰਗੀ ਹੈ।
- ਜਿਵੇਂ ਘੁਮਿਆਰ ਦੇ ਥਪੇੜੇ ਖਾਧੇ ਬਿਨਾਂ ਮਿੱਟੀ ਦਾ ਘੜਾ, ਸੁਰਾਹੀ, ਗੁਲਦਸਤਾ ਨਹੀਂ ਬਣਦੇ, ਇਵੇਂ ਇਨਸਾਨ ਨੂੰ ਵੀ ਕੁਦਰਤੀ ਥਪੇੜੇ ਨਾ ਪੈਣ ਤਾਂ ਉਸ ਵਿਚੋਂ ਵੀ ਉਸਦਾ ਰੂਪ ਨਹੀਂ ਨਿਕਲਦਾ ।
- ਆਪਣੇ ਅੰਦਰ ਹਮੇਸ਼ਾਂ ਪਿਆਰ ਅਤੇ ਤਰਸ ਦੀ ਭਾਵਨਾ ਰੱਖਣੀ ਚਾਹੀਦੀ ਹੈ। ਅਕਸਰ ਫਸਲਾਂ ਵੀ ਬਾਰਸ਼ ਪੈਣ ਨਾਲ ਹੀ ਹੁੰਦੀਆਂ ਹਨ, ਬੱਦਲਾਂ ਦੇ ਗੱਜਣ ਨਾਲ ਨਹੀਂ।
- ਭਾਰਤੀ ਲੋਕ ਪਾਕਿਸਤਾਨੀ ਨਮਕ ਦੇ ਪੈਕਟ ਉੱਪਰ ਪਹਿਲਾਂ ਲਿਖਦੇ ਹਨ, ਢਾਈ ਲੱਖ ਸਾਲ ਪੁਰਾਣੀ ਖਾਣ ਵਿਚੋਂ ਕੱਢਿਆ ਨਮਕ, ਫਿਰ ਖਰਾਬ ਹੋਣ ਦੀ ਤਰੀਕ (Expiry Date) ਲਿਖਦੇ ਹਨ ਦੋ ਸਾਲ ਦੀ।
- ਸਬਰ ਰੱਖਿਆ ਕਰੋ ਯਾਰ, ਬੁਰੇ ਵਕਤ ਦਾ ਵੀ ਕਦੇ ਬੁਰਾ ਵਕਤ ਆਉਂਦਾ ਹੈ।



# ਇਨਸਾਨਾਂ ਅਤੇ ਪਸ਼ੂਆਂ ਦੀ ਖ਼ੁਰਾਕ ਵਿਚ ਰਸਾਇਣਾਂ ਲਈ ਜ਼ਿੰਮੇਵਾਰ ਕੌਣ

ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000
ਪੰਜਾਬ ਮੇਲ USA





ਪੰਜਾਬ ਦੀ ਖੇਤੀ ਸੰਬੰਧੀ ਅੱਜ ਇਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦਾ ਕਿਸਾਨ ਵੱਧ ਪੈਦਾਵਾਰ ਲੈਣ ਦੇ ਚੱਕਰ ਵਿਚ ਲੋੜ ਤੋਂ ਵੱਧ ਰਸਾਇਣ (ਫਰਟੀਲਾਈਜ਼ਰ) ਅਤੇ ਕੀੜੇ ਮਾਰ ਜ਼ਹਿਰਾਂ ਵਰਤਦਾ ਹੈ, ਜਦਕਿ ਇਹ ਸੱਚਾਈ ਨਹੀਂ ਕਿਉਂਕਿ ਏਥੇ ਕਿਸਾਨ ਪੈਦਾਵਾਰ ਜ਼ਿਆਦਾ ਲੈਂਦਾ ਹੈ, ਜ਼ਿਆਦਾ ਪੈਦਾਵਾਰ ਲਈ ਫਸਲ ਨੂੰ ਖ਼ੁਰਾਕ ਵੀ ਜ਼ਿਆਦਾ ਚਾਹੀਦੀ ਹੈ। ਜਿਹੜੇ ਲੋਕ ਖੇਤੀ ਨਾਲ ਸੰਬੰਧ ਨਹੀਂ ਰੱਖਦੇ, ਉਹ ਮੁਕਾਬਲਾ ਕਰਦੇ ਹਨ ਪੰਜਾਬ ਅਤੇ ਭਾਰਤ ਦਾ। ਕਹਿੰਦੇ ਹਨ ਰਸਾਇਣਕ ਖਾਦਾਂ ਦੀ ਔਸਤ ਭਾਰਤ ਵਿਚ 90 ਕਿਲੋ ਪ੍ਰਤੀ ਹੈਕਟੇਅਰ ਹੈ, ਜਦਕਿ ਪੰਜਾਬ ਵਿਚ 223 ਕਿਲੋ ਪ੍ਰਤੀ ਹੈਕਟੇਅਰ ਹੈ। ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਪੰਜਾਬ ਦਾ 99 ਫੀਸਦੀ ਰਕਬਾ ਸੇਂਜੂ ਹੈ ਅਤੇ ਭਾਰਤ ਦਾ ਸਿਰਫ 40 ਫੀਸਦੀ। ਭਾਰਤ ਦੇ 60 ਫੀਸਦੀ ਰਕਬੇ ਵਿਚ ਖਾਦ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ ਕਿਉਂਕਿ ਉੱਥੇ ਖੇਤੀ ਬਾਰਿਸ਼ 'ਤੇ ਨਿਰਭਰ ਹੈ। ਬਾਰਿਸ਼ ਦਾ ਪਤਾ ਨਹੀਂ ਕਦੋਂ ਪੈਣੀ ਹੈ ਕਿ ਨਹੀਂ, ਜਿਵੇਂ ਇਸ ਸਾਲ ਪੰਜਾਬ ਵਿਚ ਬਾਰਿਸ਼ ਔਸਤ ਨਾਲੋਂ ਬਹੁਤ ਘੱਟ ਹੈ, ਦੂਜੇ ਪਾਸੇ ਪੰਜਾਬ ਦੀ ਪੈਦਾਵਾਰ ਤਕਰੀਬਨ ਭਾਰਤ ਦੀ ਔਸਤ ਨਾਲੋਂ ਡੇਢ ਗੁਣਾਂ ਜ਼ਿਆਦਾ ਹੈ। ਮਿਸਾਲ ਦੇ ਤੌਰ 'ਤੇ ਭਾਰਤ ਵਿਚ ਕਣਕ ਦੀ ਔਸਤ ਪੈਦਾਵਾਰ 35 ਕੁਇੰਟਲ ਪ੍ਰਤੀ ਹੈਕਟੇਅਰ ਹੈ, ਜਦਕਿ ਪੰਜਾਬ ਵਿਚ ਇਹ ਔਸਤ ਇਸ ਸਾਲ 52 ਕੁਇੰਟਲ ਸੀ। ਜਿੱਥੋਂ ਤੱਕ ਕੀੜੇਮਾਰ ਦਵਾਈਆਂ/ਜ਼ਹਿਰਾਂ ਦੀ ਗੱਲ ਹੈ, ਪੰਜਾਬ ਵਿਚ ਇਨ੍ਹਾਂ ਦੀ ਵਰਤੋਂ ਸਿਰਫ 700 ਗ੍ਰਾਮ ਪ੍ਰਤੀ ਹੈਕਟੇਅਰ ਹੈ, ਜਦਕਿ ਜਪਾਨ ਵਰਗੇ ਵਿਕਸਿਤ ਦੇਸ਼ਾਂ ਵਿਚ ਇਨ੍ਹਾਂ ਦੀ ਵਰਤੋਂ 12 ਕਿਲੋ ਪ੍ਰਤੀ ਹੈਕਟੇਅਰ ਤੋਂ ਵੱਧ ਹੈ। ਇੰਨਾ ਹੀ ਨਹੀਂ, ਇਹ ਸਾਰੇ ਰਸਾਇਣ ਬਾਇਓਡੀਗਰੇਡੇਬਲ ਹੈ, ਭਾਵ ਸਮੇਂ ਨਾਲ ਇਨ੍ਹਾਂ ਵਿਚਲਾ ਜ਼ਹਿਰੀਲਾ ਮਾਦਾ ਅਸਰ ਰਹਿਤ ਹੋ ਜਾਂਦਾ ਹੈ।

ਉਪਰੋਕਤ ਤੋਂ ਇਹ ਸਿੱਧ ਹੁੰਦਾ ਹੈ ਕਿ ਖ਼ੁਰਾਕ ਵਿਚ ਜੇ ਕੋਈ ਗਲਤ ਰਸਾਇਣ ਆਉਂਦਾ ਹੈ, ਤਾਂ ਇਸ ਦਾ ਸਰੋਤ ਕਿਸਾਨ ਵੱਲੋਂ ਵਰਤੇ ਗਏ ਰਸਾਇਣ ਨਹੀਂ, ਬਲਕਿ ਦਰਿਆਵਾਂ ਵਿਚ ਸਿੱਟਿਆ ਜਾਂਦਾ ਸੀਵਰੇਜ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਜੋ ਅੱਗੇ ਜਾ ਕੇ ਖੇਤਾਂ ਨੂੰ ਲੱਗਦਾ ਹੈ, ਜਿਹੜਾ ਗੰਦਾ ਪਾਣੀ ਬੋਰ ਕਰਕੇ ਧਰਤੀ ਵਿਚ ਪਾਇਆ ਜਾਂਦਾ ਹੈ, ਉਹ ਇਸ ਤੋਂ ਵੀ ਘਾਤਕ ਹੈ।

**ਬਾਹਰਲੇ ਖਾਣੇ**: ਅੱਜ ਇਕ ਨਵੀਂ ਸਮੱਸਿਆ ਜੋ ਸਾਡੇ ਬਦਲਦੇ ਰਹਿਣ-ਸਹਿਣ ਨਾਲ ਆਈ ਹੈ, ਉਹ ਬਾਹਰ ਦੇ ਖਾਣੇ ਦੀ ਵੱਧਦੀ ਵਰਤੋਂ। ਇਸ ਵੇਲੇ ਮੈਂ ਗੱਲ ਕਰਦਾ ਹਾਂ ਪ੍ਰੋਸੈਸਡ ਫੂਡ ਜਿਸ ਵਿਚ ਬੇਕਰੀ, ਜੰਕ ਫੂਡ, ਸੈਮੀ ਕੂਕਡ ਫੂਡ (ਅੱਧ ਪੱਕਿਆ ਖਾਣਾ), ਰੈਡੀ ਟੂ ਈਟ ਫੂਡ (ਪੱਕਿਆ ਪਕਾਇਆ) ਇਹ ਆਉਂਦੇ ਹਨ। ਕਹਿਣ ਦਾ ਭਾਵ ਕਿ ਜੂਸ ਤੋਂ ਲੈ ਕੇ ਸਟੋਰ 'ਤੇ ਪਈ ਬਰੈੱਡ ਤੱਕ ਇਨ੍ਹਾਂ ਨੂੰ ਖਾਣ ਨਾਲ ਸਾਡੀ ਸਿਹਤ ਉੱਤੇ ਕਈ ਤਰ੍ਹਾਂ ਦੇ ਅਸਰ ਪੈਂਦੇ ਹਨ। ਜਿਨ੍ਹਾਂ ਵਿਚ ਪ੍ਰਮੁੱਖ ਹਨ ਕੈਂਸਰ, ਮੋਟਾਪਾ, ਸ਼ੂਗਰ ਅਤੇ ਦਿਲ ਦੀ ਬੀਮਾਰੀ ਜਿਸ ਕਰਕੇ ਛੋਟੀ ਉਮਰ ਵਿਚ ਹੀ ਮੌਤ ਹੋ ਜਾਂਦੀ ਹੈ। ਪਿਛਲੇ ਸਾਲ ਦੋ ਪ੍ਰਮੁੱਖ ਖੋਜਾਂ ਹੋਈਆਂ ਹਨ ਇਕ ਅਮਰੀਕਾ ਵਿਚ ਤੇ ਦੂਜੀ ਇਟਲੀ ਵਿਚ। ਅਮਰੀਕਨ ਕੈਂਸਰ ਸੁਸਾਇਟੀ ਦੀ ਰਿਸਰਚ 31 ਅਗਸਤ 2022 ਨੂੰ ਬ੍ਰਿਟਿਸ਼ ਮੈਡੀਕਲ ਜਰਨਲ ਵਿਚ ਛਪੀ ਹੈ, ਜਿਸ ਮੁਤਾਬਕ ਅਲਟਰਾ ਪ੍ਰੋਸੈਸਡ ਖਾਣਾ, ਜਿਵੇਂ ਹਾਟ-ਡਾਗ, ਬਰਗਰ, ਪੀਜ਼ਾ, ਚਿਪਸ ਆਦਿ ਆਦਮੀਆਂ ਦੇ ਵਿਚ ਕੋਲਨ ਅਤੇ ਰੈਕਟਲ ਕੈਂਸਰ ਦਾ ਰਿਸਕ ਵਧਾ ਦਿੰਦੇ ਹਨ। ਇਨ੍ਹਾਂ ਕਰਕੇ ਦੋਨਾਂ ਆਦਮੀਆਂ ਅਤੇ ਔਰਤਾਂ ਵਿਚ ਦਿਲ ਦੇ ਰੋਗ ਵੱਧਣ ਕਰਕੇ ਛੇਤੀ ਮੌਤ ਹੋ ਜਾਂਦੀ ਹੈ। ਇਸ ਵਿਚ ਇਟਲੀ ਦੀ ਟੀਮ ਨੇ ਲੱਭਿਆ ਕਿ ਫੂਡ ਪ੍ਰੋਸੈਸਿੰਗ ਨਾਲ ਖਾਣੇ ਦੀ ਪੌਸ਼ਟਿਕਤਾ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਮੌਤ ਦਰ ਵੱਧਦੀ ਹੈ। ਇਹ ਸਟੱਡੀ ਉਨ੍ਹਾਂ ਨੇ 22000 ਮਨੁੱਖਾਂ 'ਤੇ ਕੀਤੀ। ਕੁੱਲ ਮਿਲਾ ਕਿ ਇਹ ਕਿਹਾ ਕਿ ਪ੍ਰੋਸੈਸਡ ਫੂਡ ਨੂੰ ਲਗਾਤਾਰ ਖਾ ਕੇ ਕੋਲੋਟਰਲ ਕੈਂਸਰ ਹੋਣ ਦੀਆਂ ਸੰਭਵਨਾਵਾਂ 29 ਫੀਸਦੀ ਵੱਧ ਜਾਂਦੀਆਂ ਹਨ। ਇਸੇ ਤਰ੍ਹਾਂ ਦੀਆਂ ਅਨੇਕਾਂ ਰਿਪੋਰਟਾਂ ਤੁਹਾਨੂੰ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਤੋਂ ਮਿਲ ਜਾਂਦੀਆਂ ਹਨ, ਜੋ ਪ੍ਰੋਸੈਸਡ ਫੂਡ ਨੂੰ ਖਤਰੇ ਦੀ ਘੰਟੀ ਦੱਸਦੀਆਂ ਹਨ।

**ਪ੍ਰਜ਼ਰਵੇਟਿਵ**:- ਤੁਸੀਂ ਕੋਈ ਵੀ ਚੀਜ਼ ਲੈ ਲਓ, ਉਸ ਦੀ ਸ਼ੈਲਫ ਲਾਈਫ ਵਧਾਉਣ ਲਈ ਉਸ ਵਿਚ ਪ੍ਰਜ਼ਰਵੇਟਿਵ ਪਾਏ ਜਾਂਦੇ ਹਨ। ਅੱਡ-ਅੱਡ ਪਦਾਰਥਾਂ ਵਿਚ ਅਲੱਗ-ਅਲੱਗ ਪ੍ਰਜ਼ਰਵੇਟਿਵ ਪੈਂਦੇ ਹਨ। ਕੁੱਝ ਤਾਂ ਸਾਧਾਰਣ ਹੀ ਹਨ, ਜਿਸ ਤਰ੍ਹਾਂ ਨਮਕ, ਆਰਟੀਫੀਸ਼ਲ ਖੰਡ ਦੀ ਮਾਤਰਾ ਵਧਾ ਕਿ ਪਾਉਣਾ। ਨਮਕ ਨਾਲ ਸੋਡੀਅਮ ਪੋਟਾਸ਼ੀਅਮ ਵੱਧ ਗਿਆ, ਇਸ ਤੋਂ ਬ੍ਰੈਡ ਦੇ ਨਾਲ-ਨਾਲ ਜੋ ਚੀਜ਼ ਵਿਚ ਲਗਾਈ ਉਸਦਾ ਸੋਡੀਅਮ ਵੀ ਨਾਲ ਜਮ੍ਹਾ ਹੋ ਗਿਆ। ਜ਼ਿਆਦਾ ਨਕਮ ਬੀ.ਪੀ. ਅਤੇ ਹਾਰਟ ਵਾਸਤੇ ਠੀਕ ਨਹੀਂ। ਇਸੇ ਤਰ੍ਹਾਂ ਵਧੀ ਹੋਈ ਸ਼ੂਗਰ ਨਾਲ ਡਾਈਬਟੀਜ਼ ਹੋਣ ਦਾ ਖਤਰਾ ਹੈ। ਲਗਾਤਾਰ ਕਾਰਬੋਨੇਟਿਡ ਠੰਡੇ ਪੀਣ ਨਾਲ ਕੈਂਸਰ ਤੇ ਟਿਊਮਰ ਹੋਣ ਦਾ ਵੀ ਖਤਰਾ ਹੋ ਜਾਂਦਾ ਹੈ।

**ਬੇਕਰੀ**:- ਬੇਕਰੀ ਵਿਚ ਬ੍ਰੈਡ, ਬਰਗਰ, ਪੀਜ਼ਾ, ਕੁਲਚੇ, ਹਾਟ-ਡਾਗ ਆਦਿ ਤੋਂ ਇਲਾਵਾ ਬਿਸਕੁਟ, ਨਮਕੀਨ, ਚਿਪਸ, ਚਾਕਲੇਟ ਆਉਂਦੇ ਹਨ। ਇਨ੍ਹਾਂ ਵਿਚ ਅੱਡ-ਅੱਡ ਤਰ੍ਹਾਂ ਦੇ ਪ੍ਰਜ਼ਰਵੇਟਿਵ ਦੇ ਨਾਲ-ਨਾਲ ਹੋਰ ਇਮਲਸੀਫਾਈਅਰ (**Emulsifier**), ਸਟੇਬਲਾਈਜ਼ਰ, ਆਰਟੀਫੀਸ਼ਲ ਫਲੇਵਰ (ਨਕਲੀ ਸੁਗੰਧ ਅਤੇ ਸਵਾਦ) ਵਰਗੇ ਪਦਾਰਥ ਆ ਜਾਂਦੇ ਹਨ। ਇਨ੍ਹਾਂ ਦੀ ਗੱਲ ਕਰਨੀ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਇਹ ਸ਼ਹਿਰ ਹੋਵੇ ਜਾਂ ਪਿੰਡ ਹਰ ਘਰ ਵਿਚ ਰੋਜ਼ ਮਰਤਬਾ ਤੇ ਵਰਤੇ ਜਾਣ ਵਾਲੇ ਪ੍ਰੋਡਕਟ ਹਨ। ਇਸ ਵਿਚ ਬ੍ਰੈਡ ਦੀ ਹੀ ਗੱਲ ਕਰ ਲਈਏ, ਤਾਂ ਅੱਜ ਬਹੁਤੇ ਲੋਕ ਚਿੱਟੀ ਬ੍ਰੈਡ ਲੈਂਦੇ ਹਨ। ਇਸ ਵਿਚ ਆਟਾ ਨਹੀਂ ਮੈਦਾ ਹੁੰਦਾ ਹੈ। ਇਸ ਤੋਂ ਬਾਅਦ ਬਰਾਊਨ ਬ੍ਰੈਡ ਆਉਂਦੀ, ਜਿਸ ਨੂੰ ਲੋਕ ਸਮਝਦੇ ਹਨ ਕਿ ਉਹ ਆਟਾ ਬ੍ਰੈਡ ਹੈ, ਜਦਕਿ ਉਸ ਵਿਚ ਰੰਗ ਵੀ ਹੁੰਦਾ ਹੈ। ਇਸ ਤੋਂ ਇਲਾਵਾ ਆਟਾ ਬ੍ਰੈਡ ਹੈ, ਇਸ ਵਿਚ ਵੀ ਆਟਾ ਸਿਰਫ 53 ਫੀਸਦੀ ਅਤੇ ਇਨ੍ਹਾਂ ਸਭ ਵਿਚ ਉਪਰੋਂ ਕਣਕ ਵਾਲੇ ਗਲੂਟਿਨ ਤੋਂ ਇਲਾਵਾ ਗਲੂਟਿਨ ਹੋਰ ਪਾਇਆ ਜਾਂਦਾ ਹੈ। ਇਸ ਦੇ ਨਾਲ ਇਸ ਵੇਲੇ ਮਿਲਟ ਦੀ ਖੇਤੀ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ, ਕਣਕ ਨੂੰ ਮਾੜੀ ਦੱਸ ਕੇ। ਪਰ ਪਹਿਲ ਦੇ ਆਧਾਰ 'ਤੇ ਮਿਲਟ ਨੂੰ ਵਰਤ ਕੇ ਜਿਹੜੀ ਬ੍ਰੈਡ ਬਣਾਈ ਗਈ ਅਤੇ ਨਾਮ ਦਿੱਤਾ ਮਿਲਟ ਬ੍ਰੈਡ ਦਾ ਉਸ ਵਿਚ ਕਣਕ ਦਾ ਆਟਾ 44 ਫੀਸਦੀ, ਰਾਗੀ ਆਟਾ 8.8 ਫੀਸਦੀ, ਬਾਜਰੇ ਦਾ ਆਟਾ 3.9 ਫੀਸਦੀ ਅਤੇ ਜਵਾਰ ਦਾ ਆਟਾ 1 ਫੀਸਦੀ ਹੈ। ਮਿਲਟ ਪੀਜ਼ਾ ਬੇਸ ਵਿਚ ਆਟਾ 45.5 ਫੀਸਦੀ ਹੈ। ਰਾਗੀ ਆਟਾ (ਫਿੰਗਰ ਮਿਲਟ) 10.1 ਫੀਸਦੀ, ਬਾਜਰਾ (ਪਰਲ ਮਿਲਟ) 2.5 ਫੀਸਦੀ ਅਤੇ ਜਵਾਰ 1 ਫੀਸਦੀ। ਇਸ ਵਿਚ ਸੋਚਣ ਵਾਲੀ ਗੱਲ ਹੈ ਕਣਕ ਨੂੰ ਗਲੂਟਿਨ ਕਰਕੇ ਮਾੜਾ ਕਿਹਾ ਜਾਂਦਾ ਹੈ। ਮਿਲਟ ਦੇ ਪਦਾਰਥ ਬਣਾਉਣ ਵੇਲੇ ਕਣਕ ਦੇ ਆਟੇ ਤੋਂ ਇਲਾਵਾ ਗਲੂਟਿਨ ਫੇਰ ਪਾਈ ਜਾਂਦੀ ਹੈ।

**ਸਾਫਟ ਡਰਿੰਕ (ਠੰਡਾ)**:- ਅੱਜ ਮਲਟੀਨੈਸ਼ਨਲ ਕੰਪਨੀਆਂ ਦੇ ਬਣਾਏ ਹੋਏ ਠੰਡਿਆਂ ਨੇ ਲੋਕਾਂ ਦੇ ਘਰਾਂ ਵਿਚੋਂ ਪੁਰਾਤਨ ਠੰਡੇ ਜਿਵੇਂ ਸਕੰਜਵੀ, ਸੱਤੂ, ਕੱਚੀ ਲੱਸੀ (ਦੁੱਧ ਦੀ ਲੱਸੀ) ਵਰਗੇ ਠੰਡੇ ਖਤਮ ਕਰ ਦਿੱਤੇ ਹਨ। ਇਸ ਦੇ ਨਾਲ ਰੂਹਅਫਜ਼ਾ, ਰਸਨਾ, ਸੁਕੇਸ਼ ਬਜ਼ਾਰ ਵਿਚ ਆਏ, ਜਿਨ੍ਹਾਂ ਦਾ 10 ਤੋਂ 20 ਐੱਮ.ਐੱਲ. ਪਾਓ, ਬਾਕੀ ਪਾਣੀ ਪਾਓ ਅਤੇ ਪੀ ਲਓ। ਇਸ ਵੇਲੇ ਠੰਡਿਆਂ ਵਿਚ ਸਭ ਤੋਂ ਵੱਧ ਖਪਤ ਕੋਲਾਜ਼ ਦੀ ਹੈ। ਇਨ੍ਹਾਂ ਦੇ ਅਲੱਗ-ਅਲੱਗ ਸਵਾਦ ਹਨ। ਇਸੇ ਵੇਲੇ ਤਾਂ ਚਾਟੀ ਦੀ ਲੱਸੀ, ਨਿੰਬੂਪਾਣੀ, ਜਲਜ਼ੀਰਾ ਵੀ ਬੋਤਲਾਂ ਜਾਂ ਟੈਟਰਾ ਪੈਕ ਵਿਚ ਬੰਦ ਹੋ ਕੇ ਬਰੈਂਡਿਡ ਮਿਲਦੀ ਹੈ। ਇਨ੍ਹਾਂ ਵਿਚ ਪ੍ਰਜ਼ਰਵੇਟਿਵ ਤੋਂ ਬਿਨਾਂ ਸ਼ੈਲਫ ਲਾਈਫ ਨਹੀਂ ਬਣਦੀ।

ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਕਿਹਾ ਹੈ ਕਿ ਇਨ੍ਹਾਂ ਕਾਰਬੋਨੇਟਿਡ ਠੰਡਿਆਂ (**Diet, Zero**) ਵਿਚ ਆਰਟੀਫੀਸ਼ਲ ਮਿੱਠਾ ਪਾਇਆ ਜਾਂਦਾ ਹੈ। ਇਸ ਦਾ ਨਾਮ ਹੈ ਅਸਪਾਰਟਐਮ (**Aspartame**) ਇਹਦੇ ਵਪਾਰਕ ਨਾਮ ਹਨ ਇਕੂਅਲ ਨਿਊਟਰਸਵੇਟ ਕੈਂਡਰਲ ਅਤੇ ਸ਼ੂਗਰ ਟਵਿਨ ਏਸ ਦਾ ਐਡਿਟਿਵ ਨੰਬਰ ਹੈ 951, ਇਹ ਆਮ ਖੰਡ ਨਾਲੋਂ 200 ਗੁਣਾ ਮਿੱਠਾ ਹੈ। ਡਬਲਯੂ.ਐੱਚ.ਓ. ਦੇ ਅਨੁਸਾਰ ਇਸ ਦਾ ਸਿੱਧਾ ਅਸਰ ਦੇਖਣ ਨੂੰ ਮਿਲਿਆ ਹੈ ਲਿਵਰ 'ਤੇ, ਯਾਨੀ ਜਿਗਰ ਦਾ ਕੈਂਸਰ ਹੋਣ ਦੀ ਕਸ਼ਮਤਾ ਵਧਾ ਦਿੰਦਾ ਹੈ। ਇਸ ਵੇਲੇ ਇਹ ਸਮਝਣ ਦੀ ਲੋੜ ਹੈ ਕਈਆਂ 'ਤੇ ਤਾਂ ਇਸ ਦਾ ਨੰਬਰ ਲਿਖਿਆ ਹੈ, ਪਰ ਕਈ ਐਸੇ ਪ੍ਰੋਡਕਟ ਹਨ, ਜਿਨ੍ਹਾਂ ਤੇ ਸਵੀਟਨਰ ਹੀ ਲਿਖਿਆ ਹੈ। ਹਾਲਾਂਕਿ ਇਸ ਨੂੰ ਬਣਾਉਣ ਵਾਲੇ ਇਹ ਕਹਿੰਦੇ ਨੇ ਜੇ 70 ਕਿਲੋ ਦਾ ਮਨੁੱਖ 5 ਲਿਟਰ ਇਕ ਦਿਨ ਵਿਚ ਪੀਊ, ਤਾਂ ਇਹ ਹਾਨੀਕਾਰਕ ਹੈ। ਇਸਦੇ ਇਵਜ਼ ਵਿਚ ਡਬਲਯੂ.ਐੱਚ.ਓ. ਨੇ ਕਿਹਾ ਹੈ ਕਿ ਇਹ ਹੋਰ ਖਾਣੇ ਦੇ ਪਦਾਰਥਾਂ ਵਿਚ ਵੀ ਮੌਜੂਦ ਹੈ, ਜਿਸ ਦਾ ਸੇਵਨ ਲੋਕ ਆਮ ਤੌਰ 'ਤੇ ਕਰਦੇ ਹਨ। ਇਸ ਲਈ ਇਹ ਮਾਤਰਾ ਤੋਂ ਉੱਪਰ ਸਰੀਰ ਵਿਚ ਜਾਣ ਦੀ ਪੂਰੀ ਸੰਭਾਵਨਾ ਹੈ। ਜਿਹੜੀ ਚੀਜ਼ ਦਾ ਅਸਰ ਸਿਹਤ 'ਤੇ ਮਾੜਾ ਹੈ ਘੱਟ ਪੀਣ ਨਾਲ ਦੇਰ ਨਾਲ ਅਸਰ ਕਰ ਜਾਵੇਗਾ। ਇਸ ਤਰ੍ਹਾਂ ਇਕ ਬਲੈਕ ਪਾਣੀ ਚੱਲਿਆ ਹੈ। ਇਹ ਪਹਾੜੀ ਜੰਗਲਾਂ ਵਿਚ ਡਿੱਗੇ ਹੋਏ ਪੱਤਿਆਂ ਦਾ ਅਰਕ (ਰਸ) ਇਕੱਠਾ ਕੀਤਾ ਜਾਂਦਾ ਹੈ, ਜਿਸਨੂੰ ਸਿਹਤ ਲਈ ਬਹੁਤ ਵਧੀਆ ਗਿਣਿਆ ਗਿਆ ਹੈ। ਇਸ ਪਾਣੀ ਵਿਚ ਵੀ ਸਵੀਟਨਰ ਪਾਇਆ ਗਿਆ ਹੈ ਪਰ ਲੇਬਲ 'ਤੇ ਕੁੱਝ ਨਹੀਂ ਲਿਖਿਆ ਕਿ ਉਸ ਦਾ ਨੰਬਰ ਕੀ ਹੈ। ਇਸ ਦੀ 750 ਐੱਮ.ਐੱਲ. ਦੀ ਬੋਤਲ 55 ਰੁਪਏ ਵਿਚ ਮਿਲਦੀ। ਇਸ ਵੇਲੇ ਕਾਪਰ ਵਾਲਾ ਪਾਣੀ ਵੀ ਮਾਰਕਿਟ ਵਿਚ ਮਿਲਣ ਲੱਗ ਪਿਆ ਹੈ, ਜਿਸ ਵਿਚ ਕਾਪਰ ਸਲਫੇਟ (ਨੀਲਾ ਥੋਥਾ) (0.00041%) ਹੈ।

ਜੂਸ ਵਿਚ ਕੁਦਰਤੀ ਸ਼ੂਗਰ (**fructose**) ਹੁੰਦੀ ਹੈ। ਉਹ ਵੀ ਜਦੋਂ ਇਕਦਮ ਸਰੀਰ ਵਿਚ ਜਾਂਦੀ ਹੈ, ਤਾਂ ਕਈ ਵਾਰ ਵਾਧੂ ਹੋਣ ਕਰਕੇ ਵਰਤੀ ਨਹੀਂ ਜਾਂਦੀ ਅਤੇ ਫੈਟ ਦੇ ਰੂਪ ਵਿਚ ਸਰੀਰ ਵਿਚ ਜਮ੍ਹਾ ਹੋ ਜਾਂਦੀ ਹੈ। ਇਸ ਵੇਲੇ ਜਿਹੜੇ ਪੈਕਡ ਜੂਸ ਆ ਰਹੇ ਹਨ, ਇਨ੍ਹਾਂ ਵਿਚ ਕੁਦਰਤੀ ਸ਼ੂਗਰ ਦੇ ਨਾਲ ਅਸਪਾਰਟਮ ਪਾਈ ਜਾਂਦੀ, ਇਸ ਨੂੰ ਮਿੱਠਾ ਕਰਕੇ ਇਸ ਦਾ ਸਵਾਦ ਅਤੇ ਤਾਜ਼ਾ ਰੱਖਣ (**Shelf-life** ਵਧਾਉਣ) ਲਈ ਇਸ ਵਿਚ ਸੋਡੀਅਮ ਬੈਨਜੋਏਟ (**Sodium Benzoate** (211) ਬੈਨਜੋਇਕ ਏਸਿਡ, ਸਲਫਰ ਡਾਇਅਕਸਾਈਡ, ਸੋਰਬਿਕ ਏਸਿਡ, ਸੋਡੀਅਮ ਕਾਰਬੋਕਸੀਮੀਥਾਈਲ ਸੇਲੂਲੋਸ (**Benzoic acid, Sulpher dioxide, Sorbic acid, Sodium Carboxymethhylcelulose (CMC)** ਵਰਗੇ ਰਸਾਇਣ ਪਾਏ ਜਾਂਦੇ ਹਨ। ਇਸ ਵਿਚ ਘੋਖਣ ਵਾਲੀ ਗੱਲ ਹੈ ਕਿ ਸੋਡੀਅਮ ਬੈਨਜੋਏਟ ਬਦਲ ਜਾਂਦਾ ਹੈ ਬੈਨਜ਼ੀਨ (**Benzene**) ਵਿਚ, ਜੋ ਕੈਂਸਰ ਕਰ ਸਕਦਾ (**Carocinogen**) ਹੈ, ਯਾਨੀ ਇਹ ਵੀ ਕੈਂਸਰ ਵੱਲ ਇਸ਼ਾਰਾ ਕਰਦਾ ਹੈ।

**ਮਿਓਨੀਜ਼ ਅਤੇ ਐੱਮ.ਐੱਸ.ਜੀ. (ਮੋਨੋਸੋਡੀਅਮ ਗਲੂਟਾਮੇਟ)**:- ਇਹ ਤਕਰੀਬਨ ਸਾਰੇ ਜੰਕ ਫੂਡ ਜਿਵੇਂ, ਬਰਗਰ, ਪੀਜ਼ੇ, ਪਾਸਤਾ, ਸੈਂਡਵਿਚ ਆਦਿ ਦੇ ਨਾਲ-ਨਾਲ ਚਿਪਸ, ਸੂਪ ਫਾਸਟ-ਕੈਨਡ ਫੂਡ ਆਦਿ ਵਿਚ ਪੈਂਦੇ ਹਨ। ਮਿਓਨੀਜ਼ ਤਾਂ ਤਕਰੀਬਨ ਘਰਾਂ ਦੇ ਵਿਚ ਵੀ ਸੈਂਡਵਿਚ ਜਾਂ ਫਿਰ ਪਾਸਤਾ, ਪੀਜ਼ਾ ਆਦਿ ਬਣਾਉਣ ਲਈ ਵਰਤੇ ਜਾਂਦੇ ਹਨ, ਸਵਾਦ ਵਧਾਉਣ ਲਈ। ਇਸ ਵਿਚ ਸੈਚੂਰੇਟਡ ਫੈਟ ਹੋਣ ਕਾਰਨ ਇਹ ਕੋਲੇਸਟ੍ਰੋਲ ਵਧਾਉਂਦੀ ਹੈ, ਜਿਸ ਨਾਲ ਦਿਲ ਦੀਆਂ ਬੀਮਾਰੀਆਂ ਲੱਗਣ ਦੀ ਸੰਭਾਵਨਾ ਵੱਧਦੀ ਹੈ। ਐੱਮ.ਐੱਸ.ਜੀ. ਜਾਂ ਅਜੀਨੋ ਮੋਟੋ ਇਹ ਇਕ ਚੀਨੀ ਮਾਲਟ ਹੈ, ਜੋ ਸਵਾਦ ਵਧਾਉਂਦਾ ਹੈ, ਅੱਜ ਇਹ ਇਕੱਲਾ ਬਾਹਰਲੇ ਖਾਣੇ ਵਿਚ ਹੀ ਨਹੀਂ, ਸਗੋਂ ਘਰ ਦੀ ਰਸੋਈ ਵਿਚ ਵੀ ਵੜ ਚੁੱਕਾ ਹੈ। ਇਸ ਦਾ ਸੇਵਨ ਦਿਮਾਗ ਦੇ ਖ਼ੁਸ਼ੀ ਵਾਲੇ ਹਿੱਸੇ (**Pleasure Centre**) ਨੂੰ ਉਤੇਜਿਤ ਕਰ ਦਿੰਦਾ, ਜਿਸ ਕਾਰਨ ਲੋਕਾਂ ਨੂੰ ਇਸ ਦੀ ਆਦਤ ਪੈ ਜਾਂਦੀ ਹੈ।

**ਕੜਿਆ ਤੇਲ**: ਪੁਰਾਣੇ ਜੰਕ ਫੂਡ ਯਾਨੀ ਸਮੋਸੇ, ਟਿੱਕੀ, ਭਟੂਰੇ, ਪੂਰੀ ਛੋਲੇ ਇਹ ਸਭ ਦੀ ਵੀ ਸ਼ਹਿਰਾਂ ਵਿਚ ਵਿਕਰੀ ਕਈ ਗੁਣਾ ਵੱਧ ਚੁੱਕੀ ਹੈ। ਇਸ ਵਿਚ ਕਦੇ ਨੋਟ ਕਰਕੇ ਦੇਖੋ ਕਿ ਜਿਸ ਤੇਲ ਵਿਚ ਤਲੇ ਜਾਂਦੇ ਹਨ, ਉਹ ਕਾਲਾ ਹੋਇਆ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਉਹ ਤੇਲ ਵਾਰੀ-ਵਾਰੀ ਗਰਮ ਹੋ ਕਿ ਕੜ੍ਹੀ ਜਾਂਦਾ ਹੈ। ਇਸ ਨਾਲ ਕਈ ਤਰ੍ਹਾਂ ਦੇ ਖਤਰਨਾਕ ਕੈਮੀਕਲ ਬਣਦੇ ਹਨ, ਜਿਵੇਂ ਕਿ ਪਾਲੀਸਾਈਕਲਿਕ ਐਰੋਮੈਟਿਕ ਹਾਈਡਰੋਕਾਰਬਨ (**Polycyclic aromatic hydrocarbons, PAH**), ਜਿਨ੍ਹਾਂ ਵਿਚ ਕਈਆਂ ਨੂੰ **Carcinogenic** (ਕੈਂਸਰ ਕਰਨ ਵਾਲਾ) ਪਾਇਆ ਗਿਆ ਹੈ। ਇਸ ਦਾ ਮਤਲਬ ਕਿ ਇਹ ਕੈਂਸਰ ਪੈਦਾ ਕਰਦੇ ਹਨ। ਇਥੋਂ ਤੱਕ ਇਨ੍ਹਾਂ ਦੇ ਸੇਵਨ ਜਾਂ ਇਸ ਨੂੰ ਲਗਾਤਾਰ ਸੁੰਘਣ ਨਾਲ ਵੀ ਜੀਨੋਟਾਕਸਿਕ, ਮੁਟਾਜੀਨਿਕ ਅਤੇ ਰਸੋਲੀ ਜੀਨੋਟਾਕਸਿਕ, (**Genotoxic, mutagenic, tumorogenic**) ਆਦਿ ਕਈ ਤਰ੍ਹਾਂ ਦੇ ਕੈਂਸਰ ਬਣਦੇ ਹਨ।

**ਬਨਾਵਟੀ ਖ਼ੁਰਾਕ**: ਇਸ ਤੋਂ ਵੱਧ ਕੀ ਦੇਖੀਏ ਕਿ ਚੌਲਾਂ ਨੂੰ ਜਦੋਂ ਪ੍ਰਸੈਸ ਭਾਵ ਪਾਲਿਸ਼ ਕੀਤਾ ਜਾਂਦਾ ਹੈ, ਤਾਂ ਉਸ ਤੋਂ ਤਕਰੀਬਨ ਸਾਰੇ ਵਿਟਾਮਿਨ ਉਤਾਰ ਦਿੱਤੇ ਜਾਂਦੇ ਹਨ। ਫਿਰ ਆਰਟੀਫੀਸ਼ਲ ਵਿਟਾਮਿਨ ਉਸ ਵਿਚ ਪਾਏ ਜਾਂਦੇ ਹਨ। ਇਸ ਨੂੰ ਫੋਰਟੀਫਾਈਡ ਚੌਲ ਕਹਿੰਦੇ ਹਨ। ਇਸੇ ਤਰ੍ਹਾਂ ਹੁਣ ਕਾਫੀ ਅਤੇ ਚਾਹ ਜੋ ਪਹਿਲਾਂ ਚਾਹ ਦੇ ਬਾਗਾਂ ਵਿਚੋਂ ਆਉਂਦੀ ਸੀ, ਹੁਣ ਉਹ ਲੈਬ ਵਿਚ ਤਿਆਰ ਹੋਊਗੀ। ਅਮਰੀਕੀ ਕੰਪਨੀ ਅਟੋਮਾ ਮੋਲੀਕੂਲਰ (**Atomo Moleculer**) ਨੇ ਸਿੰਥੈਟਿਕ (**Synthetic**) ਕੌਫੀ ਬਣਾਈ ਹੈ, ਜਿਸ ਵਿਚ ਕੋਈ ਆਰਗੈਨਿਕ ਤਾਂ ਛੱਡੋ ਕੌਫ਼ੀ ਬੀਨਜ਼ ਵੀ ਨਹੀਂ ਵਰਤੇ ਜਾਣਗੇ। ਇਹ ਸਿਨਥੈਟਿਕ ਕੌਫ਼ੀ ਕੀ ਰੰਗ ਲਿਆਏਗੀ, ਇਸ ਬਾਰੇ ਤਾਂ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਪਹਿਲਾਂ ਹੀ ਸਿੰਥੈਟਿਕ ਦੁੱਧ ਨੇ ਡੇਅਰੀ ਦਾ ਧੰਦਾ ਖਤਮ ਕਰ ਦਿੱਤਾ ਹੈ, ਹੁਣ ਖੇਤੀ ਨੂੰ ਵੀ ਸਿੰਥੈਟਿਕ ਲੈਬ ਗਰੋਨ ਚੀਜ਼ਾਂ ਖਤਮ ਕਰਨਗੀਆਂ।

**ਨਿਚੋੜ**: ਇਸ ਗੱਲ ਦੀ ਘੋਖ ਕਰਨੀ ਬਣਦੀ ਹੈ ਕਿ ਵੱਧ ਰਹੀਆਂ ਬੀਮਾਰੀਆਂ ਲਈ ਕੌਣ ਜ਼ਿੰਮੇਵਾਰ ਹਨ। ਕਿਸਾਨ, ਪ੍ਰੋਸੈਸਡ ਫੂਡ ਇੰਡਸਟਰੀ, ਸਾਡੇ ਡਾਕਟਰ ਜੋ ਐਂਟੀਬਾਓਟਿਕ ਅਤੇ ਕਈ-ਕਈ ਦਵਾਈਆਂ ਦੇ ਮਿਸ਼ਰਣਾਂ ਦੀ ਸਿਫਾਰਿਸ਼ ਕਰਦੇ ਹਨ। ਮਿਊਂਸੀਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਜੋ ਗੰਦਾ ਪਾਣੀ ਦਰਿਆਵਾਂ ਵਿਚ ਪਾਈ ਜਾਂਦੇ ਹਨ। ਜੋ ਅੱਗੇ ਪੀਣ ਲਈ ਵਰਤਿਆ ਜਾਂਦਾ ਹੈ। ਜਾਂ ਉਹ ਇੰਡਸਟਰੀ ਜੋ ਗੰਦਾ ਪਾਣੀ ਧਰਤੀ ਹੇਠਲੇ ਪਾਣੀ ਵਿਚ ਪਾ ਕੇ ਪਲੀਤ ਕਰੀ ਜਾਂਦੇ ਹਨ ਜਾਂ ਸਮੇਂ ਦੀਆਂ ਸਰਕਾਰਾਂ ਜਿਨ੍ਹਾਂ ਦੀ ਜ਼ਿੰਮੇਵਾਰੀ ਇਨ੍ਹਾਂ ਨੂੰ ਚੈੱਕ ਕਰਨ ਦੀ ਜਾਂ ਲੋਕ ਆਪ ਜਿਹੜੇ ਆਵਦੇ ਨਿੱਜੀ ਫਾਇਦੇ ਖਾਤਰ ਉਪਰੋਕਤ ਸਭ ਕੁਝ ਕਰਨ ਅਤੇ ਜਰਨ ਵਿਚ ਸਹਾਈ ਹੁੰਦੇ ਹਨ।

## ਦੇਖਣਯੋਗ ਹੈ ਅਮਰੀਕਾ-ਕੈਨੇਡਾ ਕੌਮਾਂਤਰੀ ਸਰਹੱਦ 'ਤੇ ਬਣਿਆ

# ਇੰਟਰਨੈਸ਼ਨਲ ਪੀਸ ਗਾਰਡਨ, ਬਰੈਂਡਨ (ਮੈਨੀਟੋਬਾ)

ਵਿਸ਼ਵ ਦੇ ਦੋ ਵਿਕਸਤ ਦੇਸ਼ਾਂ ਕੈਨੇਡਾ ਤੇ ਅਮਰੀਕਾ ਵਲੋਂ ਆਪਣੀਆਂ ਵੱਖ-ਵੱਖ ਰਾਜਾਂ ਨਾਲ ਲੱਗਦੀਆਂ ਕੌਮਾਂਤਰੀ ਸਰਹੱਦਾਂ 'ਤੇ ਸ਼ਾਂਤੀ ਦਾ ਸੁਨੇਹਾ ਦਿੰਦੀਆਂ ਵੱਡੀਆਂ ਪਾਰਕਾਂ ਜਾਂ ਬਾਗ-ਬਗੀਚੇ ਸਥਾਪਿਤ ਕੀਤੇ ਹੋਏ ਹਨ, ਜੋ ਅੱਧਾ-ਅੱਧਾ ਦੋਵੇਂ ਮੁਲਕਾਂ ਨੂੰ ਵੰਡਦੇ ਹਨ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦੇ

-ਗੁਰਪ੍ਰੀਤ ਸਿੰਘ ਤਲਵੰਡੀ
ਸਰੀ (ਕੈਨੇਡਾ)
778-980-9196
ਪੰਜਾਬ ਮੇਲ USA



ਅਮਰੀਕਾ ਨਾਲ ਲੱਗਦੀ ਕੌਮਾਂਤਰੀ ਸਰਹੱਦ 'ਤੇ ਪੀਸ ਆਰਚ ਪਾਰਕ ਬਣਾਈ ਗਈ ਹੈ, ਜਿੱਥੇ ਦੋਵਾਂ ਹੀ ਮੁਲਕਾਂ ਦੇ ਬਸ਼ਿੰਦੇ ਬਿਨ੍ਹਾਂ ਕਿਸੇ ਰੋਕ-ਟੋਕ ਦੇ ਆ-ਜਾ ਸਕਦੇ ਹਨ। ਇਸੇ ਤਰ੍ਹਾਂ ਹੀ ਕੈਨੇਡੀਅਨ ਰਾਜ ਮੈਨੀਟੋਬਾ ਦੀ ਰਾਜਧਾਨੀ ਵਿੰਨੀਪੈੱਗ ਦੇ ਸ਼ਹਿਰ ਬਰੈਂਡਨ ਦੇ ਨਾਲ ਲੱਗਦੀ ਅਮਰੀਕਾ ਦੀ ਕੌਮਾਂਤਰੀ ਸਰਹੱਦ ਤੇ ਬਣਿਆਂ ਇੰਟਰਨੈਸ਼ਨਲ ਪੀਸ ਗਾਰਡਨ ਵੀ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆਂ ਹੋਇਆ ਹੈ।


ਇੰਟਰਨੈਸ਼ਨਲ ਪੀਸ ਗਾਰਡਨ ਕਰੀਬ 3.65 ਵਰਗ ਮੀਲ (9.5 ਵਰਗ ਕਿਲੋਮੀਟਰ) ਵਿਚ ਫੈਲਿਆ ਹੋਇਆ ਹੈ। ਇਹ ਮੈਨੀਟੋਬਾ ਰਾਜ ਦੇ ਹਾਈਵੇ 10 'ਤੇ ਸਥਿਤ ਹੈ। ਕੈਨੇਡਾ ਦੇ ਕੇਂਦਰ ਵਿੰਨੀਪੈੱਗ ਦੇ ਨੇੜਲੇ ਸ਼ਹਿਰ ਬਰੈਂਡਨ ਤੋਂ ਕਰੀਬ 100 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸਦੇ ਦੂਸਰੇ ਪਾਸੇ ਅਮਰੀਕਾ ਦਾ ਰਾਜ ਉੱਤਰੀ ਡਕੋਟਾ ਹੈ। ਇਸ ਦੀ ਸਥਾਪਨਾ 14 ਜੁਲਾਈ 1932 ਨੂੰ ਦੋਵਾਂ ਹੀ ਦੇਸ਼ਾਂ ਵਿਚਕਾਰ ਸ਼ਾਤੀਪੂਰਨ ਸੰਬੰਧਾਂ ਦੇ ਪ੍ਰਤੀਕ ਵਜੋਂ ਕੀਤੀ ਗਈ ਸੀ, ਤਾਂ ਕਿ ਵਿਸ਼ਵ ਦੇ ਮੁਲਕਾਂ ਨੂੰ ਸ਼ਾਤੀ ਦੀ ਅਸਲ ਪਰਿਭਾਸ਼ਾ ਸਮਝਾਈ ਜਾ ਸਕੇ। ਇਸੇ ਪੀਸ ਗਾਰਡਨ ਕਰਕੇ ਹੀ ਅਮਰੀਕਾ ਦੇ ਰਾਜ ਉੱਤਰੀ ਡਕੋਟਾ ਦੇ ਵਾਹਨਾਂ ਦੀਆਂ ਰਜਿਸਟ੍ਰੇਸ਼ਨ ਪਲੇਟਾਂ ਉੱਪਰ ਵੀ ਸੰਨ੍ਹ 1956 ਤੋਂ ਪੀਸ ਗਾਰਡਨ ਸਟੇਟ ਲਿਖਣਾ ਸ਼ੁਰੂ ਕੀਤਾ ਗਿਆ।

ਇਸ ਪਾਰਕ ਵਿਚ ਹਰ ਸਾਲ ਗਰਮੀਆਂ ਦੇ ਦਿਨਾਂ ਵਿਚ 150000 ਤੋਂ ਜ਼ਿਆਦਾ ਫੁੱਲ ਖਿੜਦੇ ਹਨ। ਬਾਗ ਵਿਚ ਸੁੰਦਰ ਫੁੱਲਾਂ ਦੇ ਬਗੀਚੇ, ਹਰੇ ਘਾਹ ਦੇ ਵਿਸ਼ਾਲ ਮੈਦਾਨ ਅਤੇ ਪਾਣੀ ਦੇ ਫੁਆਰੇ ਹਰ ਕਿਸੇ ਦੇ ਮਨ ਨੂੰ ਮੋਹ ਲੈਂਦੇ ਹਨ। ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ 18 ਫੁੱਟ ਫੁੱਲਾਂ ਦੀ ਘੜੀ ਡਿਸਪਲੇ ਅਤੇ 120 ਫੁੱਟ ਲੰਬੇ ਕੰਕਰੀਟ ਦੇ ਟਾਵਰਾਂ ਨਾਲ ਇੱਕ ਸ਼ਾਂਤੀ ਭਵਨ ਬਣਾਇਆ ਗਿਆ ਹੈ। ਇਸ ਭਵਨ ਦੀਆਂ ਅੰਦਰੂਨੀ ਦੀਵਾਰਾਂ 'ਤੇ ਸ਼ਾਂਤੀ ਕਾਇਮ ਰੱਖਣ ਦਾ ਸੰਦੇਸ਼ ਦਿੰਦੇ ਹਵਾਲੇ ਲਿਖੇ ਗਏ ਹਨ, ਜਿਨ੍ਹਾਂ ਵਿਚ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਵੈਟੀਕਨ ਸਿਟੀ ਦੇ ਪੋਪ-2, ਇੰਗਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਵਿੰਸਟਨ ਐੱਸ. ਚਰਚਿਲ, ਦਾਰਸ਼ਨਿਕ ਕਨਫੂਸੀਅਸ, ਵਿਗਿਆਨੀ ਅਲਬਰਟ ਆਈਂਸਟਾਈਨ, ਬਰਤਾਨੀਆਂ ਦੇ ਕਿੰਗ ਜਾਰਜ-6, ਵਿਗਿਆਨੀ ਬੈਂਜਾਮਿਨ ਫਰੈਂਕਲਿਨ, ਲੁਈਸ ਪਾਸਚਰ, ਸਾਬਕਾ ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ, ਮਹਾਤਮਾਂ ਬੁੱਧ, ਮਹਾਤਮਾਂ ਗਾਂਧੀ ਆਦਿ ਦੇ ਹਵਾਲੇ ਵੀ ਸ਼ਾਮਿਲ ਕੀਤੇ ਗਏ ਹਨ।

ਇਸ ਪਾਰਕ ਵਿਚ ਇੱਕ ਵਿਸ਼ਾਲ ਬੈੱਲ ਟਾਵਰ ਵੀ ਬਣਾਇਆ ਗਿਆ ਹੈ। ਜਿਸ ਵਿਚ ਵੱਡ ਅਕਾਰੀ ਸੀਮਿੰਟ ਦੇ ਥਮਲਿਆਂ 'ਤੇ ਵੱਡੀਆਂ ਘੜੀਆਂ ਲਗਾਈਆਂ ਗਈਆਂ ਹਨ। ਇਸ ਟਾਵਰ ਦਾ ਨਾਮ ਦਾ ਵੈਸਟਮਿਨਸਟਰ ਕੈਰੀਲੀਓਨ ਬੈੱਲ ਟਾਵਰ ਹੈ। ਗਰਮੀ ਦੇ ਦਿਨਾਂ ਵਿਚ ਹਰ 15 ਮਿੰਟਾਂ ਬਾਅਦ ਇਨ੍ਹਾਂ ਘੜੀਆਂ ਦੀ ਮਧੁਰ ਆਵਾਜ਼ ਸੁਣਨ ਨੂੰ ਮਿਲਦੀ ਹੈ। ਇੱਥੇ ਸਥਾਪਿਤ ਕੀਤੀਆਂ ਗਈਆਂ ਘੜੀਆਂ ਦੇ ਪੂਰੇ ਵਿਸ਼ਵ ਵਿਚ ਸਿਰਫ ਚਾਰ ਸੈੱਟ ਹੀ ਹਨ। ਇਹ ਟਾਵਰ ਸੰਨ 1976 ਵਿਚ ਸਿਫਟਨ ਪਰਿਵਾਰ ਦੇ ਚਾਰ ਸਪੁੱਤਰਾਂ ਨੇ ਆਪਣੀ ਮਾਂ ਲੇਡੀ ਸਿਫਟਨ ਦੀ ਯਾਦ ਵਿਚ ਸਥਾਪਿਤ ਕੀਤਾ ਗਿਆ ਸੀ, ਪਹਿਲਾਂ ਇਹ ਘੜੀਆਂ ਸੰਨ 1932 ਵਿਚ ਬਰੈਂਡਨ ਦੇ ਚਰਚ ਨੂੰ ਦਾਨ ਦਿੱਤੀਆਂ ਗਈਆਂ ਸਨ। ਜਦ ਚਰਚ ਦੀ ਮੁੜ ਉਸਾਰੀ ਕੀਤੀ ਗਈ, ਤਾਂ ਇਨ੍ਹਾਂ ਘੜੀਆਂ ਨੂੰ ਪੀਸ ਗਾਰਡਨ ਵਿਚ ਸਥਾਪਿਤ ਕਰ ਵਾਲੇ ਸਿਫਨ ਵਾਰ ਦਾ ਨਾਂ ਕਿਸੇ ਵੇਲੇ ਮੈਨੀਟੋਬਾ ਦੇ ਵੱਡੇ ਵਪਾਰੀਆਂ ਵਿਚ ਸ਼ਾਮਿਲ ਸੀ।

11 ਸਤੰਬਰ, 2001 ਵਿਚ ਅਮਰੀਕਾ ਦੇ ਨਿਊਯਾਰਕ ਵਿਚ ਸਥਿਤ ਵਰਲਡ ਟਰੇਡ ਸੈਂਟਰ 'ਤੇ ਹੋਏ ਹਵਾਈ ਹਮਲੇ ਦੌਰਾਨ ਨਸ਼ਟ ਹੋਈ ਕਈ ਬਿਲਡਿੰਗਾਂ ਦੇ ਅੰਸ਼ ਵੀ ਇਸ ਪਾਰਕ ਵਿਚ ਯਾਦਗਾਰ ਵਜੋਂ ਸੰਭਾਲੇ ਗਏ ਹਨ। ਇਨ੍ਹਾਂ ਵਿਚ ਲੋਹੇ ਦੇ ਬਹੁਤ ਹੀ ਭਾਰੀ ਗਾਰਡਰ ਅਤੇ ਕੰਕਰੀਟ ਦੀਆਂ ਕੰਧਾਂ ਦੇ ਕੁੱਝ ਭਾਗ ਹਨ। ਇਸ ਯਾਦਗਾਰ ਕੋਲ ਇਸ ਹਵਾਈ ਹਮਲੇ ਦੌਰਾਨ ਮਾਰੇ ਗਏ ਵਿਅਕਤੀਆਂ ਨੇ ਨਾਮ ਲਿਖ ਕੇ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਣ ਦੀ










ਕੈਕਟਸ (ਛਿੱਤਰ ਥੋਹਰ) ਬਗੀਚਾ ਵੀ ਦੇਖਣਯੋਗ ਹੈ। ਇੱਥੇ ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ ਤੋਂ ਕੈਕਟਸ ਲਿਆ ਕੇ ਲਗਾਏ ਗਏ ਹਨ।

ਇਸ ਗਾਰਡਨ ਨੂੰ ਕੈਨੇਡਾ ਵਲੋਂ ਜਾਣ ਵੇਲੇ ਸੈਲਾਨੀਆਂ ਕੋਲ ਇੰਮੀਗਰੇਸ਼ਨ ਕਾਗਜ਼ ਪੱਤਰਾਂ ਦਾ ਹੋਣਾਂ ਬਹੁਤ ਜ਼ਰੂਰੀ ਹੈ, ਕਿਉਂਕਿ ਗਾਰਡਨ ਤੋਂ ਬਾਹਰ ਨਿਕਲਣ ਵੇਲੇ ਕੈਨੇਡੀਅਨ ਬਾਰਡਰ ਏਜੰਸੀ ਦੇ ਬੂਥ ਕੋਲੋਂ ਹੋ ਕੇ ਗੁਜ਼ਰਨਾ ਪੈਂਦਾ ਹੈ। ਗਾਰਡਨ ਸੱਚਮੁੱਚ ਹੀ ਸ਼ਾਂਤੀ ਦਾ ਪ੍ਰਤੀਕ ਹੈ। ਇੱਥੇ ਜਾਣ ਵਾਲੇ ਸੈਲਾਨੀ ਇੱਥੋਂ ਦੇ ਕੁਦਰਤੀ ਸੁਹੱਪਣ ਨੂੰ ਚੰਗੀ ਤਰ੍ਹਾਂ ਮਾਣਦੇ ਤੇ ਮਹਿਸੂਸ ਕਰਦੇ ਹਨ। ਲੇਖਕ ਨੂੰ ਗਾਰਡਨ ਦੀ ਸੈਰ ਮੇਰੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰ ਤੇ ਮੈਨੀਟੋਬਾ ਸਰਕਾਰ ਵਿਚਲੇ ਸਿਹਤ ਅਫਸਰ ਗੁਰਮਿੰਦਰ ਸਿੰਘ ਚਹਿਲ ਵਲੋਂ ਕਰਵਾਈ ਗਈ, ਜੋ ਖੁਦ ਕੁਦਰਤ ਨੂੰ ਪਿਆਰ ਕਰਦੇ ਹਨ। ਸੋ, ਕੈਨੇਡਾ ਵਿਚ ਆਉਣ ਵਾਲੇ ਸੈਲਾਨੀਆਂ ਲਈ ਇਹ ਗਾਰਡਨ ਕਿਸੇ ਅਜੂਬੇ ਤੋਂ ਘੱਟ ਨਹੀਂ।





# ਜਬਰ ਜਨਾਹ ਤੇ ਹੱਤਿਆਵਾਂ ਦੀਆਂ ਘਟਨਾਵਾਂ ’ਤੇ ਸਮੁੱਚਾ ਦੇਸ਼ ਸ਼ਰਮਿੰਦਾ



-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਦੇਸ਼ ਅੰਦਰ ਲਗਾਤਾਰ ਵੱਖ-ਵੱਖ ਰਾਜਾਂ ਦੇ ਇਲਾਕਿਆਂ ਵਿਚ ਵਾਪਰ ਰਹੀਆਂ ਦੁੱਖਦ ਘਟਨਾਵਾਂ ਆਮ ਜਨਤਾ ਨੂੰ ਮਾਨਸਿਕ ਪੀੜਾਂ ਦੇਣ ਵਾਲੀਆਂ ਹਨ। ਉਤਰਾਖੰਡ ਦੇ ਰੁਦਰਪੁਰ, ਕੋਲਕਾਤਾ ਤੇ ਮਹਾਰਾਸ਼ਟਰ ਦੇ ਬਦਲਾਪੁਰ ਦੀਆਂ ਦਰਦਨਾਕ ਘਟਨਾਵਾਂ ਨੇ ਸਮੁੱਚੇ ਦੇਸ਼ ਨੂੰ ਸ਼ਰਮਿੰਦਿਆਂ ਕੀਤਾ ਹੈ, ਜਿਸ ਦੀ ਚਰਚਾ ਸੰਸਾਰ ਪੱਧਰ ’ਤੇ ਹੋ ਰਹੀ ਹੈ। ਪਿਛਲੇ ਦਿਨਾਂ ਤੋਂ ਲਗਾਤਾਰ ਬੱਚੀਆਂ ਅਤੇ ਔਰਤਾਂ ਦੇ ਸਰੀਰਕ ਸੋਸ਼ਣ, ਜਬਰ-ਜਨਾਹ, ਹੱਤਿਆਵਾਂ ਤੇ ਹੋਰ ਵੀ ਦਰਿੰਦਗੀ ਭਰੀਆਂ ਖਬਰਾਂ ਅਖਬਾਰਾਂ ਦੀਆਂ ਸੁਰਖ਼ੀਆਂ ਹਨ, ਅਜਿਹਾ ਇਕਦਮ ਕਿਵੇਂ ਤੇ ਕਿਉਂ ਵਾਪਰ ਰਿਹਾ ਹੈ, ਕੀ ਇਸ ਪਿੱਛੇ ਵਿਰੋਧਮਈ ਸੰਗਠਨਾਂ ਦੀਆਂ ਕਥਿਤ ਚਾਲਾਂ ਤਾਂ ਨਹੀਂ। ਅਜੇ ਕੁੱਝ ਉਹ ਘਟਨਾਵਾਂ ਵੀ ਹੋਣਗੀਆਂ, ਜੋ ਨੋਟਿਸ ’ਤੇ ਨਹੀਂ ਆਈਆਂ। ਜੋ ਵਾਪਰ ਰਿਹਾ, ਜੋ ਛੱਪ ਰਿਹਾ, ਉਹ ਸ਼ੰਕਿਆ ਭਰਪੂਰ ਹੈ। ਜੋ ਕੁੱਝ ਛਿੱਪ ਰਿਹਾ, ਉਹ ਸੁੰਨਿਆਂ ਭਰਪੂਰ ਹੈ। ਅਸਾਮ ਦੇ ਨਗਾਓ ਵਿਚ ਤਿੰਨ ਨਾਬਾਲਗ ਲੜਕੀਆਂ ਨਾਲ ਸਮੂਹਕ ਜਬਰ-ਜਨਾਹ, ਹੱਤਿਆਵਾਂ ਦੀਆਂ ਦਰਿੰਦਗੀ ਵਾਲੀਆਂ ਘਟਨਾਵਾਂ ਨੇ ਸਮੁੱਚੇ ਦੇਸ਼ ਵਾਸੀਆਂ ਵਿਚ ਦਹਿਸ਼ਤੀ ਖ਼ੌਫ ਦਾ ਮਾਹੌਲ ਪੈਦਾ ਕੀਤਾ ਹੈ। ਕੇਂਦਰ ਤੇ ਰਾਜ ਸਰਕਾਰਾਂ ਇਸ ਸੰਵੇਦਨਸ਼ੀਲ ਘਟਨਾਵਾਂ ਨੂੰ ਹਲਕੇ ਪੱਧਰ ’ਤੇ ਲੈ ਰਹੀਆਂ ਹਨ, ਜਦੋਂਕਿ ਸੁਪਰੀਮ ਕੋਰਟ ਨੇ ਆਪ ਨੋਟਿਸ ਲੈ ਕੇ ਮੁਲਜ਼ਮਾਂ ਵਿਰੁੱਧ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਆਸਾਮ ਦੇ ਨਾਗਾਓਂ ਜ਼ਿਲ੍ਹੇ ਵਿਚ 3 ਵਿਅਕਤੀਆਂ ਵੱਲੋਂ 14 ਸਾਲਾ ਇਕ ਨਾਬਾਲਗ ਨਾਲ ਕਥਿਤ ਤੌਰ ’ਤੇ ਸਮੂਹਿਕ ਜਬਰ-ਜਨਾਹ ਕੀਤੇ ਜਾਣ ਦੀ ਘਟਨਾ ਦੇ ਵਿਰੋਧ ਵਿਚ ਸੂਬੇ ਦੇ ਲੋਕ ਸੜਕਾਂ ’ਤੇ ਉਤਰ ਆਏ ਅਤੇ ਵਿਰੋਧ ਪ੍ਰਦਰਸ਼ਨ ਕੀਤਾ ਹੈ। ਇਹ ਘਟਨਾ ਧੀਂਗ ਇਲਾਕੇ ਵਿਚ ਉਸ ਸਮੇਂ ਵਾਪਰੀ, ਜਦੋਂ ਲੜਕੀ ਟਿਊਸ਼ਨ ਤੋਂ ਸ਼ਾਮ ਨੂੰ ਘਰ ਪਰਤ ਰਹੀ ਸੀ। ਸਥਾਨਕ ਲੋਕਾਂ ਨੂੰ ਨਾਬਾਲਗ ਪੀੜਤਾ ਸੜਕ ਕਿਨਾਰੇ ਬੇਹੋਸ਼ੀ ਦੀ ਹਾਲਤ ’ਚ ਮਿਲੀ। 2 ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ’ਚ ਲਿਆ ਗਿਆ ਹੈ। ਇਸ ਦੌਰਾਨ ਸ਼ੁੱਕਰਵਾਰ ਸਵੇਰੇ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕ ਮੁਲਜ਼ਮਾਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਸੜਕਾਂ ’ਤੇ ਉਤਰ ਆਏ। ਦੁਕਾਨਦਾਰਾਂ ਨੇ ਆਪਣੇ ਵਪਾਰਕ ਅਦਾਰਿਆਂ ਦੇ ਸ਼ਟਰ ਬੰਦ ਕਰ ਲਏ ਅਤੇ ਸਮਾਜਿਕ ਤੇ ਸਿਆਸੀ ਜਥੇਬੰਦੀਆਂ ਨੇ ਮੁਲਜ਼ਮਾਂ ਖਿਲਾਫ ਸਖ਼ਤ ਕਾਰਵਾਈ ਕਰਨ ਅਤੇ ਔਰਤਾਂ ਤੇ ਲੜਕੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ।

ਸਾਡੇ ਦੇਸ਼ ’ਚ ਨਾਬਾਲਗ ਬੱਚੀਆਂ ਅਤੇ ਔਰਤਾਂ ’ਤੇ ਕਹਿਰ ਦੀ ਹਨੇਰੀ ਝੁੱਲ ਰਹੀ ਹੈ। ਆਪਣਾ ਸੱਚ ਸਾਬਤ ਨਾ ਕਰਨ ਤੱਕ ਪੀੜਤ ਔਰਤ ਦੋਸ਼ੀ ਸਮਝੀ ਜਾਂਦੀ ਹੈ, ਜਦੋਂ ਕਿ ਦੋਸ਼ ਸਾਬਤ ਨਾ ਹੋਣ ਤੱਕ ਬਲਾਤਕਾਰੀ ਬੇਦੋਸ਼ੇ ਸਮਝੇ ਜਾਂਦੇ ਹਨ। ਬੀਤਿਆਂ ਹੋਇਆਂ ਸਮਾਂ ਨਸੀਹਤ ਦੇ ਸਕਦਾ ਹੈ ਪ੍ਰੰਤੂ ਤੁਹਾਡਾ ਕੱਲ੍ਹ ਤੁਹਾਡਾ ਅੱਜ ਹੀ ਤੈਅ ਕਰ ਸਕਦਾ ਹੈ। ਸ਼ਾਂਤੀ ਮਨੁੱਖ ਦੀ ਸੁੱਖਦਾਈ ਤੇ ਸੁਭਾਵਿਕ ਸਥਿਤੀ ਹੈ ਪਰ ਜਦੋਂ ਇਹ ਭੰਗ ਹੁੰਦੀ ਹੈ, ਤਾਂ ਜੀਵਨ ਉਥਲ-ਪੁਥਲ ਹੋ ਜਾਂਦਾ ਹੈ। ਪੱਛਮੀ ਬੰਗਾਲ ਡਾਕਟਰ ਨਾਲ ਜਬਰ-ਜਨਾਹ ਅਤੇ ਹੱਤਿਆ ਨੂੰ ਲੈ ਕੇ ਦੇਸ਼ ਭਰ ’ਚ ਹੰਗਾਮੇ ਕਾਰਨ ਵਿਦੇਸ਼ਾਂ ’ਚ ਧਾਰਮਿਕ ਸੰਸਥਾਵਾਂ, ਪ੍ਰਵਾਸੀ ਸੰਗਠਨਾਂ ਅਤੇ ਭਾਰਤੀ ਵਿਦਿਆਰਥੀਆਂ ਵਲੋਂ ਜ਼ੋਰਦਾਰ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਭਾਰਤ ’ਚ ਸਿਰਫ ਪਿਛਲੇ 3 ਦਿਨਾਂ ’ਚ ਸਾਹਮਣੇ ਆਈਆਂ ਘਟਨਾਵਾਂ ਜਿਵੇਂ 22 ਅਗਸਤ ਨੂੰ ਰਾਜਸਥਾਨ ਦੇ ਸ਼੍ਰੀਗੰਗਾਨਗਰ ਜ਼ਿਲ੍ਹੇ ’ਚ ਇਕ 4 ਸਾਲਾ ਮਾਸੂਮ ਬੱਚੀ ਨਾਲ 35 ਸਾਲਾ ਰਿਸ਼ਤੇਦਾਰ ਵੱਲੋਂ ਜਬਰ-ਜਨਾਹ, ਬਿਹਾਰ ਦੇ ਬੇਤੀਆ ’ਚ ਇਕ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਨੂੰ ਲੜਕੀਆਂ ਨਾਲ ਅਸ਼ਲੀਲ ਹਰਕਤਾਂ ਕਰਨ, ਦਫਤਰ ’ਚ ਸ਼ਰਾਬ ਪੀਣ ਅਤੇ ਹੋਸਟਲ ਦੀ ਛੱਤ ’ਤੇ ਮਾਲਿਸ਼ ਕਰਵਾਉਣ ਦੇ ਦੋਸ਼ ’ਚ ਮੁਅੱਤਲ ਕੀਤਾ ਗਿਆ। ਉੱਤਰ ਪ੍ਰਦੇਸ਼ ’ਚ ਸ਼ਾਹਜਹਾਂਪੁਰ ਜ਼ਿਲ੍ਹੇ ਦੇ ਪੁਵਾਇਆਂ ਥਾਣਾ ਇਲਾਕੇ ’ਚ ਇਕ ਨੌਜਵਾਨ ਵੱਲੋਂ ਇਕ ਔਰਤ ਨਾਲ ਜਬਰ-ਜਨਾਹ, ਮਹਾਰਾਸ਼ਟਰ ਦੇ ਕੋਲਹਾਪੁਰ ਜ਼ਿਲ੍ਹੇ ’ਚ ਘਰ ਤੋਂ ਲਾਪਤਾ ਇਕ 10 ਸਾਲਾ ਲੜਕੀ ਦੀ ਲਾਸ਼ ਕਮਾਦ ’ਚੋਂ ਬਰਾਮਦ ਹੋਈ, ਜਿਸ ਦੀ ਹੱਤਿਆ ਕਰਨ ਤੋਂ ਪਹਿਲਾਂ ਉਸ ਨਾਲ ਜਬਰ-ਜਨਾਹ ਕੀਤਾ ਗਿਆ ਸੀ। 23 ਅਗਸਤ ਨੂੰ ਅਸਾਮ ਦੇ ਨਾਗਾਓਂ ਜ਼ਿਲ੍ਹੇ ਦੇ ‘ਧੀਂਗ’ ਇਲਾਕੇ ’ਚ ਰਾਤ ਲਗਭਗ 8 ਵਜੇ ਟਿਊਸ਼ਨ ਤੋਂ ਸਾਈਕਲ ’ਤੇ ਘਰ ਪਰਤ ਰਹੀ 14 ਸਾਲਾ ਇਕ ਹਿੰਦੂ ਲੜਕੀ ਨਾਲ 3 ਲੋਕਾਂ ਨੇ ਜਬਰ-ਜਨਾਹ ਕੀਤਾ। ਇਸੇ ਦਿਨ ਹੀ ਉੱਤਰ ਪ੍ਰਦੇਸ਼ ਦੇ ਅਯੁੱਧਿਆ ’ਚ ਇਕ ਨਵਵਿਆਹੁਤਾ ਮੁਸਲਿਮ ਔਰਤ ਵਲੋਂ ਨਰਿੰਦਰ ਮੋਦੀ ਅਤੇ ਯੋਗੀ ਆਦਿੱਤਿਆਨਾਥ ਦੀ ਸਿਫਤ ਕਰਨ ’ਤੇ ਉਸ ਦੇ ਸਹੁਰਿਆਂ ਨੇ ਉਸ ਦੇ ਚਿਹਰੇ ’ਤੇ ਉਬਲਦੀ ਹੋਈ ਦਾਲ ਸੁੱਟ ਕੇ ਉਸ ਦਾ ਚਿਹਰਾ ਸਾੜ ਦਿਤਾ। ਮਹਾਂਰਾਸ਼ਟਰ ਦੇ ਬਦਲਾਪੁਰ ’ਚ ਇਕ ਸਕੂਲ ’ਚ 3 ਅਤੇ 4 ਸਾਲ ਦੀਆਂ 2 ਮਾਸੂਮ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ’ਚ ਸਰਕਾਰ ਵਲੋਂ ਗਠਿਤ 2 ਮੈਂਬਰੀ ਪੈਨਲ ਅਨੁਸਾਰ ਇਨ੍ਹਾਂ ਬੱਚੀਆਂ ਨਾਲ ਇਕ ਵਾਰ ਨਹੀਂ, ਸਗੋਂ 15 ਦਿਨਾਂ ’ਚ ਕਈ ਵਾਰ ਜਿਨਸੀ ਸ਼ੋਸ਼ਣ ਕੀਤਾ ਗਿਆ, ਜਿਸ ਨਾਲ ਉਨ੍ਹਾਂ ਦੀ ਯੋਨੀ ਦੀ ਝਿਲੀ ਫਟ ਗਈ। ਛੱਤੀਸਗੜ੍ਹ ਦੇ ਕੋਰਬਾ ਜ਼ਿਲ੍ਹੇ ’ਚ ਸਕੂਲ ਤੋਂ ਪਰਤ ਰਹੀ ਇਕ 13 ਸਾਲਾ ਨਾਬਾਲਿਗ ਨੂੰ ਲਿਫਟ ਦੇਣ ਦੇ ਬਹਾਨੇ ਜੰਗਲ ’ਚ ਲਿਜਾ ਕੇ ਉਸ ਨਾਲ ਜਬਰ-ਜਨਾਹ, ਚੰਡੀਗੜ੍ਹ ’ਚ ਇਕ ਸਕੂਲ ਬੱਸ ਡਰਾਈਵਰ ਮੁਹੰਮਦ ਰੋਜ਼ਾਕ 12ਵੀਂ ਜਮਾਤ ਦੀ ਵਿਦਿਆਰਥਣ ਦੀਆਂ ਤਸਵੀਰਾਂ ਨਾਲ ਛੇੜਛਾੜ ਜ਼ਰੀਏ ਉਸ ਨੂੰ ਬਲੈਕਮੇਲ ਕਰਕੇ ਉਸ ਨਾਲ ਜਬਰ-ਜਨਾਹ, ਮਹਾਰਾਸ਼ਟਰ ’ਚ ਚੰਦਰਪੁਰ ਜ਼ਿਲ੍ਹੇ ਦੇ ‘ਨਾਗਭੀੜ ਕਸਬੇ ’ਚ ਮਾਨਸਿਕ ਤੌਰ ’ਤੇ ਕਮਜ਼ੋਰ ਇਕ 27 ਸਾਲਾ ਲੜਕੀ ਨਾਲ 5 ਲੋਕਾਂ ਵੱਲੋਂ ਜਬਰ-ਜਨਾਹ, ਕਰਨਾਟਕ ਚ ਉਡਿੰਪੀ ਜ਼ਿਲ੍ਹੇ ਦੇ ਕਾਰਕਲ ’ਚ ਇਕ 24 ਸਾਲਾ ਲੜਕੀ ਨੂੰ ਅਗਵਾ ਕਰ ਕੇ ਨਸ਼ੀਲਾ ਪਦਾਰਥ ਦੇਣ ਪਿੱਛੋਂ ਸੁੰਨਸਾਨ ਜਗ੍ਹਾ ’ਤੇ ਲਿਜਾ ਕੇ ਜਬਰ-ਜਨਾਹ ਕੀਤਾ ਗਿਆ। 24 ਅਗਸਤ ਨੂੰ ਮਹਾਰਾਸ਼ਟਰ ’ਚ ਪੂਣੇ ਦੇ ਪਿੰਪਰੀ-ਚਿੰਚਵੜ ’ਚ ਇਕ ਨਿੱਜੀ ਸਕੂਲ ’ਚ 12 ਸਾਲਾ ਵਿਦਿਆਰਥਣ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ’ਚ 1 ਅਧਿਆਪਕ ਅਤੇ 7 ਹੋਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਅਸਾਮ ਚ ‘ਸੋਨਿਤਪੁਰ’ ਜ਼ਿਲ੍ਹੇ ’ਚ ਸੈਰ ’ਤੇ ਨਿਕਲੀਆਂ 2 ਲੜਕੀਆਂ ਨਾਲ ਛੇੜਛਾੜ ਕਰਨ ਦਾ ਯਤਨ ਕਰਨ ਦੇ ਦੋਸ਼ੀ ਨੇ ਪੁਲਿਸ ਹਿਰਾਸਤ ’ਚੋਂ ਭੱਜਣ ਦੀ ਕੋਸ਼ਿਸ਼ ਕੀਤੀ, ਜੋ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋ ਗਿਆ। ਕੋਇੰਬਟਰ ਦੇ ਇਕ ਸਕੂਲ ’ਚ ਸੱਤਵੀਂ, ਅੱਠਵੀਂ ਅਤੇ ਨੌਵੀਂ ਜਮਾਤ ਦੀਆਂ 9 ਵਿਦਿਆਰਥਣਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ’ਚ ਨਟਰਾਜਨ ਨਾਂ ਦੇ ਇਕ ਅਧਿਆਪਕ ਅਤੇ ਸ਼ਿਕਾਇਤ ਕਰਨ ’ਤੇ ਵੀ ਕੋਈ ਕਾਰਵਾਈ ਨਾ ਕਰਨ ਦੇ ਦੋਸ਼ ’ਚ ਸਕੂਲ ਦੇ ਹੈੱਡਮਾਸਟਰ ਅਤੇ ਕਲਾਸ ਟੀਚਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਤਾਮਿਲਨਾਡੂ ਦੇ ਕੋਇੰਬਟੂਰ ਦੇ ਇਕ ਸਕੂਲ ’ਚ 9 ਵਿਦਿਆਰਥਣਾਂ ਦੇ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆਇਆ ਹੈ। ਨੌਵੀਂ ਜਮਾਤ ਦੀ ਇਕ ਵਿਦਿਆਰਥਣ ਨੇ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੀ ਟੀਮ ਨੂੰ ਦੱਸਿਆ ਕਿ ਨਟਰਾਜਨ ਨਾਂ ਦਾ ਅਧਿਆਪਕ ਐਕਸਟ੍ਰਾ ਕਲਾਸਾਂ ਦੇ ਨਾਂ ’ਤੇ ਕਈ ਮਹੀਨਿਆਂ ਤੋਂ ਉਸ ਦਾ ਜਿਨਸੀ ਸ਼ੋਸ਼ਣ ਕਰ ਰਿਹਾ ਸੀ। ਟੀਮ ਵੱਲੋਂ ਹੋਰ ਵਿਦਿਆਰਥਣਾਂ ਤੋਂ ਪੁੱਛਗਿੱਛ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਨਟਰਾਜਨ ਨੇ 7ਵੀਂ, 8ਵੀਂ ਅਤੇ 9ਵੀਂ ਜਮਾਤ ’ਚ ਪੜ੍ਹਦੀਆਂ ਇਕ-ਦੋ ਨਹੀਂ, ਸਗੋਂ 9 ਵਿਦਿਆਰਥਣਾਂ ਦਾ ਕਈ ਵਾਰ ਜਿਨਸੀ ਸ਼ੋਸ਼ਣ ਕੀਤਾ। ਨਟਰਾਜਨ ਸਕੂਲ ਵਿਚ ਇਕ ਇੰਟਰਮੀਡੀਏਟ ਟੀਚਰ ਹੈ। ਮੁਲਜ਼ਮ ਅਧਿਆਪਕ ਦੀ ਗ੍ਰਿਫਤਾਰੀ ਤੋਂ ਬਾਅਦ ਸਕੂਲ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਹੈ। ਰਾਮਪੁਰ ਜ਼ਿਲ੍ਹੇ ਦੇ ਗੰਜ ਥਾਣਾ ਖੇਤਰ ’ਚ ਟਿਊਸ਼ਨ ਪੜ੍ਹਾਉਣ ਵਾਲੇ ਇਕ ਅਧਿਆਪਕ ਵੱਲੋਂ 7 ਸਾਲਾ ਬੱਚੀ ਨੂੰ ਕਥਿਤ ਤੌਰ ’ਤੇ ਨਗਨ ਕਰਕੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਵਿਚ ਇਕ ਨਿੱਜੀ ਸਕੂਲ ਦੀ ਕੈਂਟੀਨ ਵਿਚ ਕੰਮ ਕਰਨ ਵਾਲੇ ਇਕ ਨਾਬਾਲਗ ਨੇ 7 ਸਾਲਾ ਵਿਦਿਆਰਥਣ ਦਾ ਕਥਿਤ ਤੌਰ ’ਤੇ ਜਿਨਸੀ ਸ਼ੋਸ਼ਣ ਕੀਤਾ। ਪੁਲਿਸ ਨੇ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ 16 ਸਾਲਾ ਮੁਲਜ਼ਮ ਨੂੰ ਹਿਰਾਸਤ ’ਚ ਲੈ ਕੇ ‘ਰਿਮਾਂਡ ਹੋਮ’ ਭੇਜ ਦਿੱਤਾ ਹੈ। ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਦੂਜੀ ਜਮਾਤ ’ਚ ਪੜ੍ਹਦੀ ਬੱਚੀ ਨੇ ਵੀਰਵਾਰ ਨੂੰ ਸਕੂਲ ਦੀ ਕੰਟੀਨ ’ਚ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਕਲਾਸ ਟੀਚਰ ਨੂੰ ਦੱਸਿਆ ਕਿ ਉੱਥੇ ਕੰਮ ਕਰਨ ਵਾਲਾ ਇਕ ‘ਅੰਕਲ’ ਉਸ ਨੂੰ ਪ੍ਰੇਸ਼ਾਨ ਕਰਦਾ ਹੈ।

ਬੰਬੇ ਹਾਈ ਕੋਰਟ ਨੇ ਬਦਲਾਪੁਰ ਦੇ ਇਕ ਸਕੂਲ ਵਿਚ ’ਚ ਪੜ੍ਹਦੀਆਂ ਦੋ ਬੱਚੀਆਂ ਨਾਲ ਜਿਨਸੀ ਛੇੜਛਾੜ ਦੀ ਘਟਨਾ ਨੂੰ ‘ਹੈਰਾਨ-ਪ੍ਰੇਸ਼ਾਨ’ ਕਰਨ ਵਾਲੀ ਕਰਾਰ ਦਿੱਤਾ ਹੈ। ਕੋਰਟ ਨੇ ਕਿਹਾ ਕਿ ਲੜਕੀਆਂ ਦੀ ਰੱਖਿਆ ਤੇ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਜਸਟਿਸ ਰੇਵਤੀ ਮੋਹਿਤੇ ਡੇਰੇ ਤੇ ਜਸਟਿਸ ਪ੍ਰਿਥਵੀਰਾਜ ਚਵਾਨ ਦੇ ਡਿਵੀਜ਼ਨ ਬੈਂਚ ਨੇ ਕਿਹਾ ਕਿ ਜਿਨ੍ਹਾਂ ਕੋਲ ਜਾਣਕਾਰੀ ਹੋਣ ਦੇ ਬਾਵਜੂਦ ਇਸ ਘਟਨਾ ਬਾਰੇ ਰਿਪੋਰਟ ਨਹੀਂ ਕੀਤੀ। ਸਕੂਲ ਕਮੇਟੀ ਖਿਲਾਫ਼ ਵੀ ਕਾਰਵਾਈ ਕਰਨੀ ਬਣਦੀ ਹੈ। ਕੋਰਟ ਨੇ ਐੱਫ.ਆਈ.ਆਰ. ਦੇਰੀ ਨਾਲ ਦਰਜ ਕਰਨ ਲਈ ਪੁਲਿਸ ਦੀ ਝਾੜ-ਝੰਬ ਕੀਤੀ। ਬੈਂਚ ਨੇ ਸਰਕਾਰ ਵੱਲੋਂ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ ਹਦਾਇਤ ਕੀਤੀ ਕਿ ਉਹ ਪੀੜਤ ਬੱਚੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਬਿਆਨ ਦਰਜ ਕਰਨ ਲਈ ਚੁੱਕੇ ਕਦਮਾਂ ਬਾਰੇ ਤੁਰੰਤ ਰਿਪੋਰਟ ਦਾਖਲ ਕਰੇ। ਰਿਪੋਰਟ ਵਿਚ ਐੱਫ.ਆਈ.ਆਰ. ਦਰਜ ਕਰਨ ਵਿਚ ਦੇਰੀ ਦੇ ਕਾਰਨਾਂ ਦੇ ਵੇਰਵੇ ਵੀ ਮੰਗੇ ਗਏ ਹਨ। ਕੋਰਟ ਦੇ ਧਿਆਨ ਵਿਚ ਆਇਆ ਹੈ ਕਿ ਕੇਸ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਉਹ ਸਬੰਧਤ ਪੁਲਿਸ ਅਧਿਕਾਰੀ ਖਿਲਾਫ਼ ਕਾਰਵਾਈ ਤੋਂ ਨਹੀਂ ਝਿਜਕੇਗੀ। ਐਡਵੋਕੇਟ ਜਨਰਲ ਬੀਰੇਂਦਰ ਸਰਾਫ਼ ਨੇ ਕੋਰਟ ਨੂੰ ਸਕੂਲ ਦੀ ਪ੍ਰਬੰਧਕ ਕਮੇਟੀ ਖਿਲਾਫ਼ ਕਾਰਵਾਈ ਦਾ ਭਰੋਸਾ ਦਿੱਤਾ। ਕੋਰਟ ਨੇ ਇਸ ਘਟਨਾ ਦਾ ‘ਆਪੇ’ ਨੋਟਿਸ ਲਿਆ, ਜਿੱਥੇ 12 ਤੇ 13 ਅਗਸਤ ਨੂੰ ਠਾਣੇ ਜ਼ਿਲ੍ਹੇ ਵਿਚ ਬਦਲਾਪੁਰ ਦੇ ਇਕ ਨਾਮੀ ਸਕੂਲ ਦੇ ਗੁਸਲਖਾਨੇ ਵਿਚ ਸਫ਼ਾਈ ਕਰਮੀ ਨੇ ਚਾਰ ਸਾਲ ਦੀਆਂ ਦੋ ਬੱਚੀਆਂ ਨਾਲ ਕਥਿਤ ਜਿਨਸੀ ਛੇੜਛਾੜ ਕੀਤੀ ਸੀ। ਕੋਰਟ ਵਿਚ ਦਾਖ਼ਲ ਦਸਤਾਵੇਜ਼ਾਂ ਮੁਤਾਬਕ ਇਸ ਕੇਸ ਵਿਚ ਐੱਫ.ਆਈ.ਆਰ. 16 ਅਗਸਤ ਨੂੰ ਦਰਜ ਕੀਤੀ ਗਈ, ਜਦੋਂਕਿ ਮੁਲਜ਼ਮ ਨੂੰ 17 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਉਦੋਂ ਤੱਕ ਕੋਈ ਕਾਰਵਾਈ ਨਹੀਂ ਕੀਤੀ, ਜਦੋਂ ਤੱਕ ਰੋਹ ਵਿਚ ਆਏ ਲੋਕ ਸੜਕਾਂ ’ਤੇ ਨਹੀਂ ਉਤਰੇ। ਜਦੋਂ ਤੱਕ ਲੋਕਾਂ ਦਾ ਗੁੱਸਾ ਨਹੀਂ ਫੁੱਟਦਾ, ਪੁਲਿਸ ਮਸ਼ੀਨਰੀ ਕੋਈ ਕਦਮ ਨਹੀਂ ਪੁੱਟਦੀ। ਕੀ ਸਰਕਾਰਾਂ ਲੋਕਾਂ ਦਾ ਗੁੱਸਾ ਫੁੱਟਣ ਤੱਕ ਕੋਈ ਕਾਰਵਾਈ ਨਹੀਂ ਕਰ ਸਕਦੀਆਂ। ਬਦਲਾਪੁਰ ਪੁਲਿਸ ਨੇ ਕੇਸ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ। ਇਹ ਬਹੁਤ ਗੰਭੀਰ ਮਸਲਾ ਹੈ, ਜਿੱਥੇ ਨਿੱਕੀਆਂ ਬੱਚੀਆਂ ਜਿਨ੍ਹਾਂ ਦੀ ਉਮਰ 3 ਤੋਂ ਚਾਰ ਸਾਲ ਹੈ, ਨਾਲ ਜਿਨਸੀ ਛੇੜਛਾੜ ਕੀਤੀ ਗਈ। ਪੁਲਿਸ ਇਹ ਮਾਮਲੇ ਇੰਨੇ ਹਲਕੇ ਵਿਚ ਕਿਵੇਂ ਲੈ ਸਕਦੀ ਹੈ। ਜੇ ਸਕੂਲ ਹੀ ਸੁਰੱਖਿਅਤ ਨਹੀਂ ਹਨ, ਤਾਂ ਫਿਰ ਤਿੰਨ-ਚਾਰ ਸਾਲ ਦੇ ਬੱਚਿਆਂ ਦਾ ਮਾਮਲਾ ਬਹੁਤ ਹੈਰਾਨ-ਪ੍ਰੇਸ਼ਾਨ ਕਰਨ ਵਾਲਾ ਤੇ ਸੰਵੇਦਨਸ਼ੀਲ ਹੈ।

ਬਦਲਾਪੁਰ ਪੁਲਿਸ ਨੇ ਜਿਸ ਤਰ੍ਹਾਂ ਨਾਲ ਜਾਂਚ ਕੀਤੀ ਹੈ, ਉਸ ਤੋਂ ਅਦਾਲਤ ਨਾਖੁਸ਼ ਹੈ। ਹਾਈ ਕੋਰਟ ਨੇ ਕਿਹਾ, ਸਾਡੀ ਦਿਲਚਸਪੀ ਸਿਰਫ਼ ਇੰਨੀ ਹੈ ਕਿ ਪੀੜਤ ਬੱਚੀਆਂ ਨੂੰ ਇਨਸਾਫ਼ ਮਿਲੇ ਤੇ ਪੁਲਿਸ ਨੂੰ ਵੀ ਚਾਹੀਦਾ ਸੀ ਕਿ ਉਹ ਇਨਸਾਫ਼ ਯਕੀਨੀ ਬਣਾਉਣ ’ਚ ਦਿਲਚਸਪੀ ਰੱਖੇ। ਕੋਲਕਾਤਾ ਜਬਰ-ਜਨਾਹ ਤੇ ਹੱਤਿਆ ਕੇਸ ਨੇ ਕੰਮਕਾਜੀ ਔਰਤਾਂ ਕਿੰਨੀਆਂ ਅਸੁਰੱਖਿਅਤ ਹਨ ਤੇ ਕਿਸ ਤਰ੍ਹਾਂ ਦੇ ਖ਼ਤਰਨਾਕ ਮਾਹੌਲ ’ਚ ਕੰਮ ਕਰਦੀਆਂ ਹਨ, ਦਾ ਡਰਾਉਣਾ ਦ੍ਰਿਸ਼ ਸਾਹਮਣੇ ਲਿਆਂਦਾ ਹੈ। ਕੰਮਕਾਜੀ ਥਾਵਾਂ ’ਤੇ ਜਿਨਸੀ ਛੇੜਛਾੜ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ ਮੰਨਣ ਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੇ ਰਾਜਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਡਾਕਟਰਾਂ ਦੀ ਸੁਰੱਖਿਆ ਨੂੰ ਸੰਸਥਾਗਤ ਰੂਪ ਦੇਣ ਲਈ ਫੌਰੀ ਕਦਮ ਚੁੱਕਣ। ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਿਕ ਗਠਿਤ ਕੀਤੀ ਗਈ ਰਾਸ਼ਟਰੀ ਟਾਸਕ ਫੋਰਸ ਨੂੰ ਮੈਡੀਕਲ ਪੇਸ਼ੇਵਰਾਂ ਦੀ ਸੁਰੱਖਿਆ, ਕੰਮਕਾਜੀ ਔਰਤਾਂ ਸਬੰਧੀ ਅਸਰਦਾਰ ਸਿਫਾਰਿਸ਼ਾਂ ਕਰਨ ਦਾ ਕੰਮ ਸੌਂਪਿਆ ਗਿਆ ਹੈ। ਇਹ ਸਿਫਾਰਿਸ਼ਾਂ ਜੇ ਅਸਲ ਵਿਚ ਸਹੀ ਤਰੀਕੇ ਨਾਲ ਅਸਰਦਾਰ ਕਾਰਗਾਰ ਸਾਬਿਤ ਹੁੰਦੀਆਂ ਹਨ, ਤਾਂ ਹਰ ਪੇਸ਼ੇ ਵਿਚ ਕੰਮ ਕਰ ਰਹੀਆਂ ਮਹਿਲਾਵਾਂ ’ਤੇ ਸਕਾਰਾਤਮਕ ਅਸਰ ਪਏਗਾ। ਸਾਰੇ ਹਿੱਤਧਾਰਕਾਂ ਨੂੰ ਇਕਜੁੱਟ ਹੋਣਾ ਪਏਗਾ। ਕੋਲਕਾਤਾ ਵਿਚ ਮਹਿਲਾ ਡਾਕਟਰ ਨਾਲ ਕੀਤੇ ਗਏ ਜਬਰ-ਜਨਾਹ ਤੇ ਉਸ ਤੋਂ ਬਾਅਦ ਹੱਤਿਆ ਨੇ ਪੂਰੇ ਦੇਸ਼ ਨੂੰ ਹਲੂਣ ਕੇ ਰੱਖ ਦਿੱਤਾ ਹੈ।

ਕੰਮਕਾਜੀ ਥਾਵਾਂ ’ਤੇ ਔਰਤਾਂ ਨਾਲ ਛੇੜਛਾੜ ਬਾਰੇ ਕਾਨੂੰਨ, 2013 ਵਿਚ ਜਾਰੀ ਹੋਈਆਂ ਵਿਸ਼ਾਖਾ ਹਦਾਇਤਾਂ ਦੇ ਵਿਸਤਾਰ ਵਜੋਂ ਬਣਾਇਆ ਗਿਆ ਸੀ, ਜਿਸ ਦਾ ਮੰਤਵ ਔਰਤਾਂ ਲਈ ਸੁਰੱਖਿਅਤ ਕੰਮਕਾਜੀ ਮਾਹੌਲ ਯਕੀਨੀ ਬਣਾਉਣਾ ਸੀ। ਸੁਪਰੀਮ ਕੋਰਟ ਨੇ ਇਸ ਕਾਨੂੰਨ ਨੂੰ ਲਾਗੂ ਕਰਨ ਸਬੰਧੀ ਗੰਭੀਰ ਖ਼ਾਮੀਆਂ ਅਤੇ ਅਨਿਸ਼ਚਿਤਤਾ ’ਤੇ ਸਵਾਲ ਚੁੱਕੇ ਸਨ। ਪਿਛਲੇ ਨੌਂ ਸਾਲਾਂ ਵਿਚ ਨਿਰਭਯਾ ਫੰਡ ਲਗਭਗ 76 ਪ੍ਰਤੀਸ਼ਤ ਵੱਖ-ਵੱਖ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਖਰਚਿਆ ਹੈ, ਜਦੋਂਕਿ ਪੂਰੇ ਭਾਰਤ ’ਚੋਂ ਸਾਹਮਣੇ ਆ ਰਹੇ ਜਬਰ ਜਨਾਹ ਦੇ ਕੇਸਾਂ ਵਿਚ ਸਿਰਫ਼ 9 ਪ੍ਰਤੀਸ਼ਤ ਦੀ ਕਮੀ ਹੀ ਆਈ ਹੈ। ਜਦੋਂ ਤੱਕ ਇਨ੍ਹਾਂ ਘਟਨਾਵਾਂ ਦੇ ਜ਼ਿੰਮੇਵਾਰ ਅਪਰਾਧੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ, ਉਦੋਂ ਤੱਕ ਨਾ ਤਾਂ ਔਰਤਾਂ ਦੀ ਸੁਰੱਖਿਆ ਯਕੀਨੀ ਬਣੇਗੀ ਤੇ ਨਾ ਹੀ ਔਰਤਾਂ ਦੇ ਕਿਰਤ ਬਲ ’ਚ ਹਿੱਸੇਦਾਰੀ ਨੂੰ ਵਧਾਇਆ ਜਾ ਸਕੇਗਾ।

# ਸੱਤਰ ਦੇ ਦਹਾਕੇ ਵਿਚ ਬਣੀਆਂ ਦੋ ਖੂਬਸੂਰਤ ਪੰਜਾਬੀ ਧਾਰਮਿਕ ਫ਼ਿਲਮਾਂ



ਅੰਗਰੇਜ ਸਿੰਘ ਵਿਰਦੀ
ਮੋਬਾਇਲ : 94646-28857
ਪੰਜਾਬ ਮੇਲ USA


## ਪੰਜਾਬੀ ਫ਼ਿਲਮ ਗੁਰੂ ਮਾਨਿਓ ਗ੍ਰੰਥ

ਗੁਰੂ ਫ਼ਿਲਮਜ਼, ਬੰਬੇ ਦੇ ਬੈਨਰ ਹੇਠ ਸੰਨ 1977 ਵਿਚ ਬਣੀ ਪੰਜਾਬੀ ਧਾਰਮਿਕ ਫ਼ਿਲਮ ਗੁਰੂ ਮਾਨਿਓਂ ਗ੍ਰੰਥ ਪੰਜਾਬੀ ਜ਼ੁਬਾਨ ਵਿਚ ਬਣੀਆਂ ਧਾਰਮਿਕ ਫ਼ਿਲਮ ਦੀ ਲੜੀ ਵਿਚ ਇੱਕ ਬਹੁਤ ਹੀ ਉਮਦਾ ਫ਼ਿਲਮ ਸੀ, ਜਿਸ ਦੇ ਨਿਰਮਾਤਾ ਸਨ ਅਸ਼ੋਕ ਕਪੂਰ ਅਤੇ ਨਿਰਦੇਸ਼ਕ ਸਨ ਐੱਸ.ਆਰ. ਕਪੂਰ। ਸੰਗੀਤਕਾਰ ਪ੍ਰੇਮ ਧਵਨ ਵੱਲੋਂ ਸੰਗੀਤਕ ਧੁਨਾਂ ਨਾਲ ਸ਼ਿੰਗਾਰੀ ਇਸ ਫ਼ਿਲਮ ਦੇ ਗੀਤ ਲਿਖੇ ਸਨ ਚਰਨ ਸਿੰਘ ਸਿੰਧਰਾ ਅਤੇ ਪ੍ਰੇਮ ਧਵਨ ਜੀ ਨੇ। ਫ਼ਿਲਮ ਦੇ ਨੁਮਾਇਆ ਅਦਾਕਾਰਾਂ ਵਿਚ ਸ਼ਾਮਿਲ ਸਨ ਮਨਮੋਹਨ ਕ੍ਰਿਸ਼ਨ, ਸਪਰੂ, ਪਿੰਚੂ ਕਪੂਰ, ਰਾਮ ਮੋਹਣ, ਜੁਗਿੰਦਰ, ਜਸਵੰਤ ਦਮਨ, ਸਰਿਤਾ, ਸੰਗੀਤਾ ਮਹਿਤਾ, ਅਨੰਦ ਸੋਈ, ਤਜਿੰਦਰ ਅਤੇ ਮੁਮਤਾਜ ਬੇਗ਼ਮ।

ਫ਼ਿਲਮ ਦੀ ਕਹਾਣੀ ਧੰਨ-ਧੰਨ ਗੁਰੂ ਨਾਨਕ ਦੇਵ ਜੀ ਦੀ ਗਿਆਰਵੀਂ ਜੋਤ ਜੁੱਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਥਾਹ ਸ਼ਰਧਾ ਰੱਖਣ ਵਾਲੇ ਗੁਰਮੁੱਖ ਪਰਿਵਾਰ ਦੀ ਜ਼ਿੰਦਗੀ ਦੀ ਕਹਾਣੀ ਹੈ। ਫ਼ਿਲਮ ਦੀ ਕਹਾਣੀ ਇੱਕ ਪਰਿਵਾਰ ਦੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਟੁੱਟ ਵਿਸ਼ਵਾਸ ਅਤੇ ਜ਼ਿੰਦਗੀ ਵਿਚ ਆਈਆਂ ਅਣਗਿਣਤ ਔਂਕੜਾਂ ਨੂੰ ਵੀ ਗੁਰੂ ਦੇ ਭਾਣੇ ਵਿਚ ਰਹਿ ਕੇ ਉਨ੍ਹਾਂ ਦਾ ਡੱਟ ਕੇ ਸਾਹਮਣਾ ਕਰਨ ਨੂੰ ਬਿਆਨ ਕਰਦੀ ਹੈ। ਸ਼ਬਦ ਗੁਰੂ ਦੇ ਲੜ ਲੱਗ ਕੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਗਿਆਨੀ ਗੁਰਮੀਤ ਸਿੰਘ (ਅਦਾਕਾਰ ਮਨਮੋਹਣ ਕ੍ਰਿਸ਼ਨ), ਝੂਠ, ਠੱਗੀ, ਫ਼ਰੇਬ ਨਾਲ ਦੌਲਤ ਇਕੱਠੀ ਕਰਨ ਵਾਲੇ ਅਤੇ ਰੱਬ ਤੋਂ ਮੁਨਕਰ ਹੋਏ ਦੌਲਤ ਨੂੰ ਹੀ ਰੱਬ ਸਮਝੀ ਬੈਠੇ ਚੰਦੂ ਸੇਠ (ਅਦਾਕਾਰ ਸੁਪਰੂ) ਅਤੇ ਜ਼ਿੰਦਗੀ ਵਿਚ ਦੁੱਖਾਂ ਦੇ ਆਉਣ ’ਤੇ ਵਾਹਿਗੁਰੂ ਤੋਂ ਵਿਸ਼ਵਾਸ ਡੁਲਾਉਣ ਵਾਲੇ ਗੁਰਸਿੱਖ (ਅਦਾਕਾਰ ਪਿੰਚੂ ਕਪੂਰ) ਤਿੰਨ ਪਰਿਵਾਰਾਂ ਦੀਆਂ ਕਹਾਣੀਆਂ ਇਸ ਫ਼ਿਲਮ ਵਿਚ ਪੇਸ਼ ਕੀਤੀਆਂ ਗਈਆਂ ਹਨ। ਫ਼ਿਲਮ ਦੇ ਅਖੀਰ ਵਿਚ ਭੁੱਲੇ-ਭਟਕੇ ਚੰਦੂ ਸੇਠ ਅਤੇ ਗੁਰਮੁੱਖ ਸਰਦਾਰ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਦੇ ਵਿਖਾਏ ਗਏ ਹਨ।





ਫ਼ਿਲਮ ਦੇ ਜੇਕਰ ਸੰਗੀਤ ਦੀ ਗੱਲ ਕੀਤੀ ਜਾਵੇ, ਤਾਂ ਫ਼ਿਲਮ ਵਿਚ 4 ਸ਼ਬਦ ਅਤੇ ਪੰਜ ਗੀਤ ਸ਼ਾਮਲ ਕੀਤੇ ਗਏ ਸਨ। ਗੀਤਕਾਰ ਚਰਨ ਸਿੰਘ ਸਿੰਧਰਾ ਵੱਲੋਂ ਲਿਖੇ 3 ਗੀਤ (1). ੧ਓ ਸਤਿਨਾਮ ਇਹੋ ਸੱਚੀ ਬਾਣੀ ਏ ਜਿਸ ਨੂੰ ਆਵਾਜ਼ ਦਿੱਤੀ ਸੀ ਮਹਿੰਦਰ ਕਪੂਰ ਅਤੇ ਸਾਥੀਆ ਨੇ, (2) ਈਗੀਏ ਭੰਬੀਗੀਏ ਤੂੰ ਦਿੱਤਾ ਘਰ ਕਿਹੜਾ ਜਿਸ ਨੂੰ ਆਵਾਜ਼ਾਂ ਦਿੱਤੀਆਂ ਸਨ ਮੁਹੰਮਦ ਰਫ਼ੀ, ਦਿਲਰਾਜ ਕੌਰ ਅਤੇ ਸਾਥੀ, (3). ਅਸਾਂ ਚੱਕੀ ਨਈਓਂ ਪੀਸਨੀ, ਆਵਾਜ਼ਾਂ ਮੁਹੰਮਦ ਰਫ਼ੀ ਅਤੇ ਮੀਨੂੰ ਪ੍ਰਸ਼ੋਤਮ ਸ਼ਾਮਿਲ ਕੀਤਾ ਗਏ ਸਨ। ਗੀਤਕਾਰ ਪ੍ਰੇਮ ਧਵਨ ਜੀ ਨੇ ਇਸ ਫ਼ਿਲਮ ਦੇ 2 ਗੀਤ ਲਿਖੇ ਸਨ, ਜਿਨ੍ਹਾਂ ਦੇ ਬੋਲ ਹਨ (1). ਧੰਨ ਉਹ ਬਾਪ, ਆਵਾਜ਼ ਮੁਹੰਮਦ ਰਫ਼ੀ ਅਤੇ ਸਾਥੀਆਂ ਦੀ, (2). ਮੇਰੇ ਵਾਹਿਗੁਰੂ ਜੀ, ਆਵਾਜ਼ ਦਿਲਰਾਜ ਕੌਰ। ਚਾਰ ਸ਼ਬਦ (1). ਜੇ ਸਉ ਚੰਦਾ ਉਗਵੈ, ਆਵਾਜ਼ ਮਹਿੰਦਰ ਕਪੂਰ, (2). ਤੇਰਾ ਕੀਤਾ ਜਾਤੋ ਨਾਹੀ, ਆਵਾਜ਼ ਵਿਜੈ ਬਹਿਲ, (3). ਕੋਈ ਬੋਲੇ ਰਾਮ ਰਾਮ, ਆਵਾਜ਼ ਮੁਹੰਮਦ ਰਫ਼ੀ, (4) ਗੁਰੂ ਗੋਪਾਲ ਗੁਰੂ ਗੋਬਿੰਦਾ, ਆਵਾਜ਼ ਮਹਿੰਦਰ ਕਪੂਰ ਨੇ ਗਾਇਨ ਕੀਤੇ ਫ਼ਿਲਮ ਵਿਚ ਸ਼ਾਮਲ ਕੀਤੇ ਗਏ ਸਨ।

ਬੇਹਤਰੀਨ ਕਹਾਣੀ ਉਮਦਾ ਅਦਾਕਾਰੀ ਅਤੇ ਰੂਹ ਨੂੰ ਸਕੂਨ ਦੇਣ ਵਾਲੇ ਸੰਗੀਤ ਨਾਲ ਸਜੀ ਪੰਜਾਬੀ ਜ਼ੁਬਾਨ ਦੀ ਇਹ ਇੱਕ ਯਾਦਗਾਰ ਫ਼ਿਲਮ ਹੈ।

## ਪੰਜਾਬੀ ਫ਼ਿਲਮ ਨਾਨਕ ਦੁਖੀਆ ਸਭ ਸੰਸਾਰ

ਦਾਰਾ ਪਿਕਚਰਜ਼, ਬੰਬੇ ਦੇ ਬੈਨਰ ਹੇਠ ਬਣੀ ਪੰਜਾਬੀ ਫ਼ਿਲਮ ਨਾਨਕ ਦੁਖੀਆ ਸਭ ਸੰਸਾਰ 2 ਜੁਲਾਈ ਸੰਨ 1971 ਈ. ਨੂੰ ਸਿਨੇ ਪਰਦੇ ’ਤੇ ਆਈ। ਇਸ ਫ਼ਿਲਮ ਦੇ ਨਿਰਮਾਤਾ ਨਿਰਦੇਸ਼ਕ ਤੇ ਲੇਖਕ ਸਨ ਅਦਾਕਾਰ ਪਹਿਲਵਾਨ ਦਾਰਾ ਸਿੰਘ ਜੀ। ਫ਼ਿਲਮ ਦੀ ਪਟਕਥਾ ਤੇ ਸੰਵਾਦ ਲਿਖੇ ਸਨ ਪੰਜਾਬੀ ਅਦਬ ਦੀ ਮਹਾਨ ਸ਼ਖਸੀਅਤ ਮਸ਼ਹੂਰ ਨਾਵਲਕਾਰ ਨਾਨਕ ਸਿੰਘ ਜੀ ਨੇ। ਫ਼ਿਲਮ ਦਾ ਸੰਗੀਤ ਤਿਆਰ ਕੀਤਾ ਸੀ ਪ੍ਰੇਮ ਧਵਨ ਜੀ ਤੇ ਗੀਤ ਵੀ ਉਨ੍ਹਾਂ ਨੇ ਹੀ ਲਿਖੇ ਸਨ, ਜਿਨ੍ਹਾਂ ਨੂੰ ਆਵਾਜ਼ਾਂ ਦਿੱਤੀਆਂ ਸਨ ਮੁਕੇਸ਼, ਮੁਹੰਮਦ ਰਫ਼ੀ ਸਾਬ, ਮਹਿੰਦਰ ਕਪੂਰ, ਆਸ਼ਾ ਭੌਂਸਲੇ, ਸ਼ਮਿੰਦਰ ਚਾਹਲ ਅਤੇ ਰਾਗੀ ਭਾਈ ਅਵਤਾਰ ਸਿੰਘ ਜੀ, ਭਾਈ ਅਮੀਰ ਸਿੰਘ ਜੀ ਵੱਲੋਂ ।




ਸੰਨ 1947 ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਪੋਠੋਹਾਰ ਦੇ ਇਲਾਕੇ ਤੋਂ ਸ਼ੁਰੂ ਹੁੰਦੀ ਇਹ ਫ਼ਿਲਮ ਵੰਡ ਤੋਂ ਬਾਅਦ ਆਪਣਾ ਘਰ ਬਾਰ ਗੁਆ ਜਾਨੀ ਤੇ ਮਾਲੀ ਨੁਕਸਾਨ ਝੱਲ ਕੇ ਆਏ ਲੋਕਾਂ ਦੀ ਦਰਦਮਈ ਕਹਾਣੀ ਬਿਆਨ ਕਰਦੀ ਹੈ। ਬੇਹਤਰੀਨ ਅਦਾਕਾਰੀ ਤੇ ਮਧੁਰ ਸੰਗੀਤ ਨਾਲ ਸਜਾਈ ਇਸ ਫ਼ਿਲਮ ਵਿਚ ਬੌਲੀਵੁੱਡ ਦੇ ਚੋਟੀ ਦੇ ਅਦਾਕਾਰਾਂ ਨੇ ਅਦਾਕਾਰੀ ਕੀਤੀ ਸੀ। ਫ਼ਿਲਮ ਵਿਚ ਅਦਾਕਾਰ ਪ੍ਰਿਥਵੀ ਰਾਜ ਕਪੂਰ ਜੀ ਨੇ ਗੁਰਦੁਆਰੇ ਦੇ ਬਾਬ ਜੀ ਦਾ ਕਿਰਦਾਰ ਅਦਾ ਕੀਤਾ ਹੈ। ਦਾਰਾ ਸਿੰਘ ਨੇ ਫ਼ਿਲਮ ਵਿਚ ਕਰਤਾਰ ਸਿੰਘ ਦਾ ਨੁਮਾਇਆ ਕਿਰਦਾਰ ਅਦਾ ਕੀਤਾ ਅਤੇ ਅਦਾਕਾਰ ਸ਼ਮਿੰਦਰ ਮਾਹਲ ਨੇ ਦਾਰਾ ਸਿੰਘ ਦੇ ਛੋਟੇ ਭਰਾ ਰਾਮ ਦਾ ਕਿਰਦਾਰ ਅਦਾ ਕੀਤਾ। ਦੁੱਖਾਂ ਦੀ ਮਾਰੀ ਮਾਂ ਦਾ ਕਿਰਦਾਰ ਬੇਹਤਰੀਨ ਅਦਾਕਾਰਾ ਅਚਲਾ ਸਚਦੇਵ ਨੇ ਨਿਭਾਇਆ, ਜਿਸ ਦੇ ਵੰਡ ਵੇਲੇ ਫਿਰਕੂ ਜਨੂੰਨੀਆਂ ਦੇ ਹਮਲਾ ਕਰਨ ਕਰਕੇ ਦੋਵੇਂ ਪੁੱਤਰ ਕਰਤਾਰ ਤੇ ਰਾਮ ਛੋਟੇ ਹੁੰਦੇ ਈ ਵਿੱਛੜ ਜਾਂਦੇ ਹਨ। ਇਸ ਫ਼ਿਲਮ ਵਿਚ ਦਿੱਗਜ ਬੌਲੀਵੁੱਡ ਅਦਾਕਾਰ ਬਲਰਾਜ ਸਾਹਨੀ ਨੇ ਵੀ ਅਦਾਕਾਰੀ ਕੀਤੀ। ਉਨ੍ਹਾਂ ਨੇ ਫ਼ਿਲਮ ਵਿਚ ਸੂਬੇਦਾਰ ਵਰਿਆਮ ਸਿੰਘ ਦਾ ਕਿਰਦਾਰ ਅਦਾ ਕੀਤਾ, ਜੋ ਕਰਤਾਰ ਸਿੰਘ ਅਤੇ ਰਾਮ ਨੂੰ ਬਚਪਨ ਵਿਚ ਪਨਾਹ ਦਿੰਦਾ। ਇਨ੍ਹਾਂ ਤੋਂ ਇਲਾਵਾ ਅਦਾਕਾਰਾ ਮੀਨਾ ਰਾਏ ਨੇ ਵਰਿਆਮ ਸਿੰਘ ਦੀ ਧੀ ਜੀਤਾਂ ਦਾ ਕਿਰਦਾਰ ਅਦਾ ਕੀਤਾ, ਜੋ ਕਰਤਾਰ ਸਿੰਘ ਨੂੰ ਪਸੰਦ ਕਰਦੀ ਤੇ ਉਸ ਨਾਲ ਵਿਆਹ ਕਰਾਉਣ ਦੇ ਸੁਪਨੇ ਸੰਜੋਅ ਕੇ ਰੱਖਦੀ। ਅਦਾਕਾਰਾ ਬੇਗ਼ਮ ਮੁਮਤਾਜ ਨੇ ਜੀਤਾਂ ਦੀ ਭੂਆ ਦਾ ਕਿਰਦਾਰ ਅਦਾ ਕੀਤਾ। ਫ਼ਿਲਮ ਵਿਚ ਅਦਾਕਾਰ ਰਾਮ ਮੋਹਣ ਵਿਲੇਨ ਪੀਟਰ ਦੇ ਕਿਰਦਾਰ ਵਿਚ ਦਿਖਾਈ ਦਿੱਤਾ। ਅਦਾਕਾਰ ਪ੍ਰਾਣ ਨੇ ਇਸ ਫ਼ਿਲਮ ਵਿਚ ਮਹਿਮਾਨ ਰੋਲ ਅਦਾ ਕੀਤਾ।

ਫ਼ਿਲਮ ਦੀ ਜੇਕਰ ਕਹਾਣੀ ਦੀ ਗੱਲ ਕਰੀਏ, ਤਾਂ ਫ਼ਿਲਮ ਵਿਚ 47 ਦੀ ਵੰਡ ਵੇਲੇ ਲੱਖਾਂ ਲੋਕਾਂ ਵਾਗ ਬੇਘਰ ਹੋਏ ਪਰਿਵਾਰ ਦੀ ਕਹਾਣੀ ਬਿਆਨ ਕੀਤੀ ਗਈ। ਅਚਲਾ ਸਚਦੇਵ ਆਪਣੇ ਪਰਿਵਾਰ ਵਾਲ ਖੁਸ਼ਹਾਲ ਜਿੰਦਗੀ ਜੀਅ ਰਹੀ ਹੁੰਦੀ। ਪਤੀ ਤੇ ਦੋ ਬੱਚਿਆਂ ਨਾਲ ਖੁਸ਼ੀ-ਖੁਸ਼ੀ ਜੀਅ ਰਹੀ ਇਸ ਮਾਂ ਦੀ ਜ਼ਿੰਦਗੀ ਵਿਚ ਉਦੋਂ ਹਨੇਰਾ ਪਸਰ ਜਾਂਦਾ, ਜਦੋਂ ਸ਼ਹਿਰ ਵਿਚ ਫ਼ਿਰਕੂ ਦੰਗੇ ਸ਼ੁਰੂ ਹੋ ਜਾਂਦੇ, ਜਿਸ ਵਿਚ ਉਸ ਦੇ ਬੱਚੇ ਵਿੱਛੜ ਜਾਂਦੇ ਤੇ ਪਤੀ ਮਾਰਿਆ ਜਾਂਦਾ। ਦੁੱਖਾਂ ਦੀ ਮਾਰੀ ਅਚਲਾ ਸਚਦੇਵ ਨੂੰ ਸਿਰਫ ਵਾਹਿਗੁਰੂ ਦਾ ਹੀ ਸਹਾਰਾ ਹੁੰਦਾ। ਫ਼ਿਲਮ ਵਿਚ ਵਿਖਾਇਆ ਗਿਆ ਕਿ ਭਾਵੇਂ ਸਾਡੇ ’ਤੇ ਲੱਖਾਂ ਮੁਸੀਬਤਾਂ ਆਵਣ ਪਰ ਗੁਰੂ ਵੱਲੋਂ ਵਿਖਾਏ ਮਾਰਗ ਤੋਂ ਕਦੀ ਨਹੀਂ ਭਟਕਣਾ ਚਾਹੀਦਾ। ਅਖੀਰ ਵਾਹਿਗੁਰੂ ਸਭ ਭਲੀ ਕਰਦਾ ਹੈ। ਬੇਹਤਰੀਨ ਕਹਾਣੀ, ਸੰਵਾਦ, ਗੀਤ-ਸੰਗੀਤ ਨਾਲ ਸ਼ਿੰਗਾਰੀ ਆਪਣੇ ਸਮੇਂ ਦੀ ਇਹ ਇੱਕ ਬੇਹਤਰੀਨ ਸਿੱਖਿਆਦਾਇਕ ਫ਼ਿਲਮ ਹੈ।

# ਬੰਦੀ ਸਿੰਘਾਂ ਤੇ ਪੰਜਾਬ ਦੇ ਹਲਾਤਾਂ ’ਤੇ ਆਏ ਨਵੇਂ ਗਾਣੇ ’ਚ ਨਸ਼ੇ ਤੇ ਪੰਜਾਬ ਸੰਕਟ ਦਾ ਜ਼ਿਕਰ : ਗਾਇਕ ਗੋਗੀ ਘੁਮਾਣ


-ਪੇਸ਼ਕਸ਼ : ਅੰਮ੍ਰਿਤ ਪਵਾਰ
ਪੰਜਾਬ ਮੇਲ USA


ਗਾਣੇ ਕਾਫ਼ੀ ਆਏ ਨੇ ਗਾਇਕ ਗੋਗੀ ਘੁਮਾਣ ਦੇ, ਪਰ ਹੁਣ ਆਏ ਇਸਦੇ ਗੀਤ ਜਿਸ ਦਾ ਫਿਲਹਾਲ ਟਾਈਟਲ “ਪਿੰਡਾਂ ਵਾਲੇ ਜੱਟ” ਹੈ, ਨੇ ਉਸ ਨੂੰ ਪੰਜਾਬ ਹਿਤੈਸ਼ੀ ਗਾਇਕ ਵਜੋਂ ਉੱਭਾਰ ਦਿੱਤਾ ਹੈ। ਇਸ ਗੀਤ ਵਿਚ ਗੋਗੀ ਘੁਮਾਣ ਨੇ ਗਾਇਆ ਹੈ ਕਿ “ਸਾਡੀ ਕੌਮ ਦੇ ਓਹ ਸਰਦਾਰ ਜਿਹੜੇ ਬੈਠੇ ਵਿਚ ਤਿਹਾੜ” ਤੇ ਇਸ ਅੰਤਰੇ ਨਾਲ ਉਹ ਬੰਦੀ ਸਿੰਘਾਂ ਦੀ ਗੱਲ ਕਰਦਾ ਹੈ ਤੇ ਨਾਲ ਹੀ ਯਾਦ ਕਰਵਾ ਰਿਹਾ ਹੈ ਕਿ ਸਾਰਾਗੜ੍ਹੀ ਦੀ ਜੰਗ ਕਿਵੇਂ ਇੱਕੀ ਸਿੰਘਾਂ ਨੇ ਜਿੱਤ ਕਿ ਦਹਾੜ ਪਾਈ ਸੀ ਤੇ ਸਰਲ ਪੰਜਾਬੀ ਵਿਚ ਉਸ ਗਾਇਆ ਹੈ ਕਿ ਸਿੰਘਾਂ ਨੇ ਵੈਰੀ ਰਾੜ ਦਿੱਤੇ ਸਨ। ਲੁਧਿਆਣਾ ਲਾਗੇ ਪੈਂਦੇ ਸਮਰਾਲਾ ਕੋਲ ਉਸ ਦਾ ਪਿੰਡ ਕਕਰਾਲਾ ਹੈ ਤੇ ਅੱਜਕੱਲ੍ਹ ਉਹ ਸੈਕਰਾਮੈਂਟੋ, ਯੂ.ਐੱਸ.ਏ. ਰਹਿ ਰਿਹਾ ਹੈ। ਗੋਗੀ ਘੁਮਾਣ ਨੇ ਇਹ ਗੀਤ ਖੁਦ ਲਿਖਿਆ ਹੈ ਤੇ ਉਹ ਦੱਸਦਾ ਹੈ ਕਿ ਅੱਜ ਜਦ ਸਾਰੇ ਪੰਜਾਬ ਤੇ ਪੰਜਾਬੀਆਂ, ਖਾਸ ਕਰ ਸਰਦਾਰਾਂ ਬਾਬਤ ਭੰਡ ਪ੍ਰਚਾਰ ਹੋ ਰਿਹਾ ਹੈ, ਉਸ ਨੇ ਇਹ ਗੀਤ ਆਪ ਲਿਖਿਆ ਹੈ। ਗੋਗੀ ਇਸ ਗੀਤ ਵਿਚ ਨਸ਼ੇ ਨਾਲ ਮਰ ਰਹੇ ਜਵਾਨਾਂ ਨੂੰ ਇਹ ਛੱਡਣ ਲਈ ਆਖਦਾ ਹੈ ਤੇ ਦੱਸਦਾ ਏ ਕਿ ਚਿੱਟਾ ਵੀ ਇਨ੍ਹਾਂ ਹਾਕਮਾਂ ਦੀ ਦੇਣ ਹੈ। ਗੋਗੀ ਦੇ ਇਸ ਗੀਤ ਦਾ ਸੰਗੀਤ ਇਸਕੇਪ ਮਿਊਜ਼ਿਕ ਨੇ ਦਿੱਤਾ ਹੈ। ਗੋਗੀ ਅੱਜ ਦਾ ਨਹੀਂ, ਪੰਜਾਬ ਤੋਂ ਹੀ ਜਵਾਨੀ ਆਉਣ ਤੋਂ ਪਹਿਲਾਂ ਦਾ ਗਾ ਰਿਹਾ ਹੈ ਤੇ ਉਸ ਦੇ ਬਹੁਤ ਸਾਰੇ ਟਰੈਕ ਆਏ ਹਨ, ਜਿਨ੍ਹਾਂ ਵਿਚ “ਬੋਤਲਾਂ” ਵੀ ਸ਼ਾਮਲ ਹੈ। ਪੰਜਾਬ ਕਿੰਗਸ ਮਿਊਜ਼ਿਕ ਨੇ ਗੋਗੀ ਦਾ ਇਹ ਗੀਤ ਜਾਰੀ ਕੀਤਾ ਹੈ ਤੇ ਬਹੁਤ ਸਾਰੇ ਸੰਗੀਤ ਪ੍ਰੇਮੀਆਂ ਨੇ ਆਪਣੇ ਹਿਸਾਬ ਨਾਲ ਗੋਗੀ ਘੁਮਾਣ ਨੂੰ ਗਾਇਕ ਕੁਲਦੀਪ ਪਾਰਸ ਨਾਲ ਗਾਉਂਦੇ ਹੋਏ ਦੇਖਿਆ ਹੈ। “ਜੁਗਨੀ” ਗੀਤ ਨਾਲ ਪਹਿਲੀ ਵਾਰ ਚਰਚਿਤ ਹੋਏ ਇਸ ਗਾਇਕ ਨੇ ਆਪਣੀ ਆਵਾਜ਼ ਵਿਚ “ਜਪਜੀ ਸਾਹਿਬ” ਦਾ ਗਾਇਨ ਵੀ ਕੀਤਾ ਹੈ। ਇਸ ਤੋਂ ਇਲਾਵਾ 25 ਦੇ ਕਰੀਬ ਉਸ ਦੇ ਟਰੈਕ ਆ ਚੁੱਕੇ ਹਨ। ਆਪਣੇ ਗੀਤ “ਸਾਰਾਗੜ੍ਹੀ ਦੀ ਜੰਗ” ਵਿਚ ਉਹ ਕਿਸਾਨ ਅੰਦੋਲਨ ਦੀ ਗੱਲ ਵੀ ਅਪ੍ਰਤੱਖ ਰੂਪ ਵਿਚ ਆਖ ਲੋਕਾਂ ਦੀ ਖ਼ਾਸੀ ਹਮਦਰਦੀ ਪ੍ਰਾਪਤ ਕਰ ਰਿਹਾ ਹੈ। ਮਨਜਿੰਦਰ ਕੌਰ ਦੇ ਸਾਥ ਤੇ ਬੌਬੀ ਉੱਤਮ ਦੇ ਸਹਿਯੋਗ ਸਦਕਾ ਬੰਦੀ ਸਿੰਘਾਂ ਵਾਲੇ ਗੀਤ ਨਾਲ ਪ੍ਰਵਾਸੀ ਪੰਜਾਬੀ ਗਾਇਕ ਗੋਗੀ ਘੁਮਾਣ ਪੰਜਾਬ ਦਾ ਹਰਮਨ ਪਿਆਰਾ ਗਾਇਕ ਬਣ ਜਾਣ ਦੇ ਰਾਹ ’ਤੇ ਤੁਰ ਪਿਆ ਹੈ। “ਟਰੈਂਡਿੰਗ ਸਟੋਰੀ” ਤੇ “ਵੀਕ ਐਂਡ” ਉਸ ਦੇ ਗੀਤ ਜਿੱਥੇ ਨੌਜਵਾਨਾਂ ਨੇ ਖ਼ੂਬ ਪਸੰਦ ਕੀਤੇ ਨੇ, ਉਥੇ “ਹੁਸਨਾਂ ਦਾ ਵੈਰ” ਵੀ ਖ਼ੂਬ ਕਾਮਯਾਬ ਰਿਹਾ ਹੈ। ਗੱਲ ਨਵੇਂ ਗੀਤ ਦੀ ਤਾਂ ਦੁੱਖ ਨਾਲ ਉਸ ਗੀਤ ਵਿਚ ਇਹ ਵੀ ਗਾਇਆ ਹੈ ਕਿ ਮੌਜੂਦਾ ਹਲਾਤਾਂ ਵਿਚ ਆਪਣੇ ਹੀ ਦੇਸ਼ ਸਰਦਾਰਾਂ ਨੂੰ ਮਜਬੂਰੀ ਵੱਸ ਕੇਸ ਕਤਲ ਕਰਵਾਉਣੇ ਪੈ ਰਹੇ ਹਨ। ਕਹਿ ਸਕਦੇ ਹਾਂ ਕਿ ਕੌਮ ’ਤੇ ਸੰਕਟ ਤੇ ਤਰਸਯੋਗ ਹਾਲਤ ਤੇ ਗਾਇਕ ਗੋਗੀ ਘੁਮਾਣ ਦਾ ਗਾਇਆ ਇਹ ਗੀਤ ਇੱਕ ਇਤਿਹਾਸਕ ਦਸਤਾਵੇਜ਼ ਦੀ ਤਰ੍ਹਾਂ ਇਤਿਹਾਸਕ ਗੀਤ ਬਣ ਜਾਏਗਾ। ਇਹ ਉਹੀ ਗੋਗੀ ਘੁਮਾਣ ਹੈ, ਜਿਸ ਨੂੰ ਹੀਰੋ ਲੈ ਕੇ ਚਰਨਜੀਤ ਚਹਿਲ ਤੇ ਕੁਲਦੀਪ ਪਾਰਸ ਨੇ ਪੰਜਾਬੀ ਫ਼ਿਲਮ ਸ਼ੁਰੂ ਕੀਤੀ ਸੀ ਪਰ ਅਚਨਚੇਤ ਪਾਰਸ ਦੀ ਮੌਤ ਕਾਰਨ ਸਭ ਬਦਲ ਗਿਆ ਤੇ ਉਹ ਵੀ ਭਾਰਤ ਤੋਂ ਯੂ.ਐੱਸ.ਏ. ਆ ਗਿਆ। ਆ ਰਹੇ ਵਕਤ ਵਿਚ ਅਧੂਰੇ ਗਾਇਕੀ ਕੰਮ ਤੇ ਫ਼ਿਲਮਾਂ ਉਸ ਦਾ ਨਿਸ਼ਾਨਾ ਹੈ। ਬੰਦੀ ਸਿੰਘਾਂ ਦਾ ਜ਼ਿਕਰ ਕਰਦਾ ਉਸ ਦਾ ਨਵਾਂ ਗਾਣਾ ਆਲੀਸ਼ਾਨ ਵੀਡਿਓ ਨਾਲ ਫਿਰ ਰਲੀਜ਼ ਹੁਣ ਹੋਣ ਵਾਲਾ ਹੈ।


ਗੋਗੀ ਘੁਮਾਣ


ਸਟਾਰ ਧਰਮਿੰਦਰ ਨਾਲ ਗੋਗੀ ਘੁਮਾਣ


ਐਲਬਮ ਦ੍ਰਿਸ਼ ਗੋਗੀ



ਗੋਗੀ ਘੁਮਾਣ

# 'ਦਿਲਾਂ ਦੀ ਜੂਹ'

## ਕਾਂਡ 25

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA






ਸਵੇਰੇ ਗੁਰਮੇਲ ਕੌਰ ਜਲਦੀ ਕੰਮ 'ਤੇ ਚਲੀ ਗਈ ਸੀ। ਗੁਰਮੇਲ ਕੌਰ ਸਬਜ਼ੀਆਂ ਅਤੇ ਫ਼ਲ਼ 'ਪੈਕ' ਕਰਨ ਦਾ ਕੰਮ ਕਰਦੀ ਸੀ। ਕੰਮ ਕਰਦੀਆਂ ਔਰਤਾਂ ਦਾ ਕੰਮ ਵੇਲ਼ੇ ਤਾਂ ਗੱਲ ਕਰਨ ਦਾ ਬਹੁਤਾ ਟਾਈਮ ਨਾ ਲੱਗਦਾ, ਪਰ ਦੁਪਹਿਰੇ 'ਲੰਚ ਟਾਈਮ' ਉਹ ਗੱਲਾਂ ਕਰ ਕੇ ਆਪਣੇ ਢਿੱਡ ਦਾ ਗੁੱਭ-ਗੁਭ੍ਹਾਟ ਕੱਢ ਲੈਂਦੀਆਂ। ਉਨ੍ਹਾਂ ਵਿਚ ਨਾਲ਼ ਕੰਮ ਕਰਦੇ ਬਜ਼ੁਰਗ ਵੀ ਸ਼ਾਮਲ ਹੋ ਜਾਂਦੇ।

-"ਹੁਣ ਤਾਂ ਭਾਈ ਪੰਜਾਬ 'ਚ ਲੋਕ ਖ਼ੁਦਕਸ਼ੀਆਂ ਈ ਬਲਾਅ ਕਰਨ ਲੱਗ'ਪੇ..!" ਰੋਟੀ ਖਾਂਦੀ ਗੁਰਮੇਲ ਕੌਰ ਦੀ 'ਟੁੱਚ-ਟੁੱਚ' ਦੂਰ ਤੱਕ ਸੁਣਦੀ ਸੀ।

-"ਗੁਰਮੇਲ ਕੁਰੇ, ਚਾਹ ਪੀਨੀਂ ਐਂ ਕਿ ਖਾਲ਼ ਘੜ੍ਹਦੀਂ ਐਂ, ਤੇਰਾ ਸੜ੍ਹਾਕਾ ਜਾਣੀਂਦੀ ਕਾਲ਼ਜਾ ਕੱਢਦੈ..!" ਧੰਨੇ ਬਾਬੇ ਨੇ ਕਿਹਾ।

-"ਤੇਰਾ ਤਾਂ ਕਾਲ਼ਜਾ ਈ ਭਾਈ ਤੱਤੇ ਪੈਰਾਂ ਆਲ਼ੀ ਤੀਮੀਂ ਅਰਗੈ, ਜਿਹੜਾ ਬਿੰਦ 'ਚ ਨਿਕਲ਼ ਜਾਂਦੈ..!"

ਸਾਰੀਆਂ ਹੱਸ ਪਈਆਂ।

-"ਮਾਸਟਰ ਜੀ, ਸਾਡੇ ਅਰਗੇ ਮ੍ਹਾਤੜ ਤਾਂ ਪੈਕਿੰਗ ਕਰਨ, ਪਰ ਥੋਡੇ ਅਰਗਾ ਪੜ੍ਹਿਆ ਲਿਖਿਆ ਖੇਤਾਂ 'ਚ ਮੱਥਾ ਮਾਰੇ, ਸਮਝ ਨੀ ਆਉਂਦੀ..!" ਧੰਨੇ ਬਾਬੇ ਨੇ ਫ਼ਿਰ ਕਿਹਾ।

-"ਜੇ ਕਿਤੇ ਜੱਜ ਦੀ ਪੋਸਟ ਖਾਲੀ ਹੋਈ, ਤਾਂ ਦੱਸੀਂ, ਜਾ ਲੱਗੂੰਗਾ...!" ਮਾਸਟਰ ਦੇ ਵਿਅੰਗਮਈ ਕਹਿਣ 'ਤੇ ਸਾਰੇ ਹੱਸ ਪਏ।

-"ਮੈਂ ਗੱਲ ਖ਼ੁਦਕਸ਼ੀਆਂ ਦੀ ਕੀਤੀ ਸੀ, ਆਬਦਾ ਹੋਰ ਈ ਗੱਡਾ ਜੋੜ ਤੁਰੇ...!"

-"ਗੱਡਾ ਨੀ ਗੁਰਮੇਲ ਕੁਰੇ, ਜੱਕਾ ਜੋੜਨਾ ਹੁੰਦੈ...!" ਗੇਲੂ ਘਤਿੱਤੀ ਬੋਲਿਆ।

-"ਤੂੰ ਕਿਤੇ ਮੈਥੋਂ ਭੂਕਣੇ ਨਾ ਖਾਲੀਂ..! ਆਹ ਡੱਬਾ ਵੱਢਣ ਆਲ਼ਾ ਬਿੱਜੜਾ ਜਿਆ ਮਾਰੂੰ ਨਾਸਾਂ 'ਤੇ..!"

-"ਬੱਸ ਕਲੋਟੇ ਥਾਂ ਨਾ ਮਾਰੀਂ, ਹੋਰ ਜਿੱਥੇ ਮਰਜ਼ੀ ਐ ਮਾਰ ਲਈਂ, ਖੁੱਲ੍ਹੀ ਛੁੱਟੀ..!"

ਹਾਸੜ ਪੈ ਗਈ।

-"ਭਰਜਾਈ ਜਾਨ ਕੰਮ ਕਾਰ ਵੀ ਕਰ ਲਿਆ ਕਰੋ..!" ਫ਼ਾਰਮ ਵਾਲ਼ਾ ਪਾਕਿਸਤਾਨੀ ਹਮੀਦ ਆ ਕੇ ਬੋਲਿਆ।

-"ਵੇ ਤੂੰ ਤਾਂ ਹਾਏ ਕੰਮ-ਹਾਏ ਕੰਮ ਪਿੱਟਦਾ ਈ ਫੌਤ ਹੋਜੇਂਗਾ ਕਦੇ..! ਸਵੇਰ ਦੇ ਆ ਕੇ ਲਟਾਪੀਂਘ ਹੋਏ ਪਏ ਐਂ, ਆਹ ਲੰਚ ਬਰੇਕ ਦਾ ਇੱਕ ਘੰਟਾ ਚਾਹ ਰੋਟੀ ਦਾ ਹੁੰਦੈ, ਉਹ ਵੀ ਤੇਰੇ ਸੂਲ਼ ਮਾਂਗੂੰ ਚੁਭਦੈ, ਕੀ ਤੂੰ ਹਿੱਕ 'ਤੇ ਧਰ ਕੇ ਲੈਜੇਂਗਾ..? ਨਾ ਐਨਾਂ ਮਰੂੰ-ਮਰੂੰ ਕਰਿਆ ਕਰ..!"

-"ਭਰਜਾਈ ਜਾਨ, ਮੈਂ ਤੇ ਆਪ ਤੁਹਾਡੇ ਸੰਗ ਬਾਤ-ਚੀਤ ਕਰਨ ਆਂਦਾ ਹਾਂ, ਤੁਸੀਂ ਤੇ ਗਲ਼ ਈ ਪੈ ਚੱਲੀਆਂ ਜੇ..!" ਉਸ ਨੂੰ ਭੱਜਣ ਲਈ ਕੋਈ ਰਾਹ ਨਹੀਂ ਲੱਭਦਾ ਸੀ। ਉਸ ਨੇ ਤਾਂ ਗੁਰਮੇਲ ਕੌਰ ਹੋਰਾਂ ਨਾਲ਼ ਸਿੰਗ ਫ਼ਸਾ ਕੇ ਪੰਗਾ ਹੀ ਸਹੇੜ ਲਿਆ ਸੀ।

-"ਨ੍ਹਾਂ ਗੱਲ ਸੁਣ ਓਏ...! ਤੁਸੀਂ ਆਬਦੀਆਂ ਨੂੰ 'ਬਾਜੀ', ਤੇ ਸਾਡੇ ਆਲ਼ੀਆਂ ਨੂੰ 'ਭਰਜਾਈ' ਕਿਉਂ ਕਹਿੰਨੇ ਐਂ ਬਈ..? ਇਹ ਕੀ ਅਲ਼ੱਥ ਫ਼ੜਿਐ ਤੁਸੀਂ...?" ਧੰਨੇ ਬਾਬੇ ਨੂੰ ਕਰੋਧ ਚੜ੍ਹ ਗਿਆ।

-"ਇਹ ਤਾਂ ਰਿਵਾਜ਼ ਜਿਹੇ ਦੀ ਗੱਲ ਹੁੰਦੀ ਐ ਨ੍ਹਾਂ, ਧੰਨਾਂ ਸਿਆਂ..!" ਉਸ ਨੂੰ ਕੋਈ ਉੱਤਰ ਨਾ ਔੜਿਆ।

-"ਰਿਵਾਜ਼ ਦਾ ਕੀ ਐ, ਹਮੀਦ ਸਿਆਂ...? ਰਿਵਾਜ਼ ਅਸੀਂ ਆਪ ਸਹੇੜੇ ਵੇ ਐ..! ਤੂੰ ਆਬਦੇ ਆਲ਼ੀ ਬੁੱਢੀ ਲਿਆ, ਮੈਂ ਸਾਰੇ ਲੰਡਨ ਦੀ ਖਲਕਤ ਨੂੰ ਭਰਜਾਈ ਕਹਿਣ ਲਾਦੂੰ..!"

-"ਤੁਸੀਂ ਤੇ ਗੁੱਸਾ ਪਏ ਕਰ ਗਏ ਜੇ...!" ਹਮੀਦਾ ਕੰਨ ਜਿਹੇ ਮਲ਼ਦਾ ਤੁਰ ਗਿਆ।

-"ਨ੍ਹਾਂ ਗੁੱਸਾ ਕਰੀਏ ਨ੍ਹਾਂ..? ਗੱਲ ਈ ਗੁੱਸੇ ਆਲ਼ੀ ਐ...! ਅੱਗੇ ਸਾਰੀ ਉਮਰ ਇੰਦਰਾ ਗਾਂਧੀ ਨੂੰ ਭਰਜਾਈ ਦੱਸੀ ਗਏ ਐ, ਹੁਣ ਸਾਡੇ ਆਲ਼ੀਆਂ 'ਤੇ ਆ ਗਏ..?"

-"ਫ਼ਿਰੋਜ਼ ਗਾਂਧੀ ਨੂੰ ਤਾਂ ਭਾਈ ਜਾਨ ਇਉਂ ਦੱਸਦੇ ਸੀ, ਜਿਵੇਂ ਮਾਸੀ ਦਾ ਮੁੰਡਾ ਹੁੰਦੈ...!"

-"ਹੁਣ ਕਿਉਂ ਤੁਰ ਗਿਆ...? ਆ ਜਾ, ਲੈ'ਜਾ ਦੋਛਾਂਦਾ..!"

-"ਇਹ ਛਿੱਤਰਾਂ ਦਾ ਯਾਰ ਐ..! ਹੁਣ ਪਤਾ ਨੀ ਕਿੱਧਰ ਲੁਕ ਗਿਆ..!"

-"ਇਸੇ ਤਰ੍ਹਾਂ ਈ ਮੈਂ ਇੱਕ ਆਰੀ ਬੱਸ 'ਚ ਛਿੱਤਰ ਪਰੇਡ ਹੁੰਦੀ ਦੇਖੀ..! ਉਦੋਂ ਮੈਂ ਡੀ.ਐੱਮ. ਕਾਲਜ ਮੋਗੇ ਪੜ੍ਹਦਾ ਸੀ..!" ਮਾਸਟਰ ਜੀ ਨੇ ਗੱਲ ਤੋਰੀ।

-"ਅੱਛਾ..!"

-"ਅਸੀਂ ਬੌਡਿਆਂ ਤੋਂ ਬੱਸ ਫ਼ੜ ਕੇ ਮੋਗੇ ਆਉਂਦੇ ਹੁੰਦੇ ਸੀ, ਸਾਡੇ ਪਿੰਡ ਅਜੇ ਬੱਸ ਨੀ ਆਉਣ ਲੱਗੀ ਸੀ..!"

-"ਓਦੋਂ ਟਾਵੀਂ-ਟਾਵੀਂ ਤਾਂ ਬੱਸ ਆਉਂਦੀ ਸੀ ਕੋਈ...! ਪਰ ਵੇਲ਼ੇ ਬੜੇ ਭਲੇ ਸੀ..!" ਥੰਮ੍ਹਣ ਸਿੰਘ ਬੋਲਿਆ।

-"ਤੂੰ ਆਬਦਾ ਟਾਂਗਾ ਨਾ ਨਾਲ਼ ਤੋਰ ਲਿਆ ਕਰ, ਮਾਸਟਰ ਜੀ ਦੀ ਬਾਤ ਸੁਣ ਲਿਆ ਕਰ..!" ਧੰਨੇ ਬਾਬੇ ਨੇ ਕਿਹਾ ਤਾਂ ਥੰਮ੍ਹਣ ਸਿਉਂ ਚੁੱਪ ਕਰ ਗਿਆ।

-"ਕੋਈ ਨਾਂ ਧੰਨਾ ਸਿਆਂ, ਤੂੰ ਤਲਖੀ ਨਾ ਕਰਿਆ ਕਰ, ਥੰਮ੍ਹਣ ਸਿਉਂ ਵੀ ਆਪਣਾ ਬਾਈ ਐ..!"

-"..................!"

-"ਜੇ ਕਿਸੇ ਪਿੰਡ 'ਚ ਬੱਸ ਕਦੇ ਕਦਾਈਂ ਕੋਈ ਆਉਂਦੀ ਵੀ ਸੀ, ਤਾਂ ਲੋਕ ਉਹਦੀ ਇਉਂ ਉਡੀਕ ਕਰਦੇ, ਜਿਵੇਂ ਕਰਵਾ ਚੌਥ ਦਾ ਵਰਤ ਰੱਖੀ ਬੀਬੀਆਂ ਰਾਤ ਨੂੰ "ਅਰਘ" ਦੇਣ ਲਈ ਚੰਦਰਮਾਂ ਦੀ ਉਡੀਕ ਕਰਦੀਐਂ...!"

ਥੰਮ੍ਹਣ ਸਿਉਂ ਹੱਸ ਪਿਆ।

-"ਮੋਗੇ ਦੇ ਬੱਸ ਸਟੈਂਡ ਤੋਂ ਤੁਰਨ ਆਲ਼ੀਆਂ ਬੱਸਾਂ 'ਚ ਇਕ ਬੰਦਾ ਇੱਕ-ਇੱਕ ਰੁਪਈਏ ਦੀ ਜਲਧਾਰੇ ਦੀ ਸ਼ੀਸ਼ੀ ਵੇਚਦਾ ਹੁੰਦਾ ਸੀ।..!"

-"ਆਹੋ, ਸ੍ਹੀਗਾ ਇੱਕ...!"

-"ਉਹ ਪਤੰਦਰ ਇੱਕ ਰੁਪਏ ਦੀ ਓਸ ਸ਼ੀਸ਼ੀ ਦੇ ਜਦੋਂ ਗੁਣ ਦੱਸਣ ਲੱਗਦਾ ਤਾਂ ਲੋਕ ਓਹਦੇ ਇਉਂ ਕਾਇਲ ਹੋ ਜਾਂਦੇ, ਜਿਵੇਂ ਉਹ ਲੰਡਨ ਦਾ ਕਿੰਗ ਜੌਰਜ ਹਸਪਤਾਲ਼ ਨਾਲ਼ ਚੁੱਕੀ ਫ਼ਿਰਦਾ ਹੁੰਦੈ...।"

-"..................।" ਸਾਰੇ ਫ਼ਿਰ ਹੱਸ ਪਏ।

-"ਸ਼ੀਸ਼ੀ ਦੇ ਗੁਣਾਂ ਵਿਚ ਇਹ ਵੀ ਸ਼ਾਮਲ ਸੀ ਕਿ ਜੇ ਕਿਤੇ ਰਾਤ ਬਰਾਤੇ ਕਿਸੇ ਦੀ ਮੱਝ, ਜਾਂ ਕੱਟਰੂ-ਵੱਛਰੂ ਨੂੰ ਅਫ਼ਰੇਵਾਂ ਹੋ ਜਾਵੇ ਤਾਂ ਪਸ਼ੂ ਦੀ ਅੱਖ ਵਿਚ ਇਕ ਤੁਪਕਾ 'ਜਲਧਾਰੇ' ਦਾ ਪਾਓ! ਅਫ਼ਰੇਵਾਂ ਖ਼ਤਮ ਹੋ ਜਾਊਗਾ...।"

-"ਵਾਹ ਜੀ ਵਾਹ..!"

-"ਖ਼ੈਰ, ਸਾਡੇ ਪਿੰਡ ਦੇ ਧਿਆਨੇ ਨੇ ਉਸ ਸ਼ੀਸ਼ੀ ਦੇ ਵੀਹ-ਪੱਚੀ ਗੁਣ ਸੁਣ ਕੇ ਇੱਕ ਰੁਪਈਆ ਖ਼ਰਚ ਦਿੱਤਾ ਅਤੇ ਜਲਧਾਰੇ ਦੀ ਸ਼ੀਸ਼ੀ ਖ਼ਰੀਦ ਲਈ...। ਕੁਦਰਤ ਰੱਬ ਦੀ ਇੱਕ ਰਾਤ ਗੁਆਂਢੀਆਂ ਦੀ ਮੱਝ ਨੂੰ ਸਪਰੇਅ ਵਾਲ਼ਾ ਗੁਆਰਾ ਖਾ ਕੇ ਅਫ਼ਰੇਵਾਂ ਹੋ ਗਿਆ..! ਧਿਆਨ ਸਿਉਂ ਨੇ ਜਦ ਰੌਲ਼ਾ ਜਿਆ ਸੁਣਿਆਂ, ਤਾਂ ਉਹ ਆਪਣੀ ਸ਼ੀਸ਼ੀ ਗੀਝੇ ਵਿਚ ਪਾ ਕੇ ਗੁਆਂਢੀਆਂ ਦੇ ਘਰੇ ਚਲਾ ਗਿਆ..!"........

-"ਕੀ ਗੱਲ ਐ ਭਤੀਜ...?" ਧਿਆਨ ਸਿਉਂ ਨੇ ਮੁੰਡੇ ਨੂੰ ਪੁੱਛਿਆ।

-"ਕਾਹਦੀ ਗੱਲ ਐ ਤਾਇਆ..! ਮੱਝ ਨੂੰ 'ਫ਼ਰੇਮਾਂ' ਹੋ ਗਿਆ..!" ਗੁਆਂਢੀ ਮੁੰਡੇ ਨੇ ਦੁਖੀ ਜਿਹੇ ਮਨ ਨਾਲ਼ ਦੱਸਿਆ।

-"ਦੁਆਈ ਮੇਰੇ ਕੋਲ਼ੇ ਐ, ਤੁਸੀਂ ਇਹਨੂੰ ਕੇਰਾਂ ਮੂਧੀ ਪਾਓ...!" ਉਸ ਨੇ ਹਕੀਮ ਵਾਂਗ ਕਿਹਾ।

-"ਮੂਧੀ ਪਾਉਣ ਨੂੰ ਕੋਈ ਟੀਕਾ ਟੱਲਾ ਲਾਉਣੈਂ ਭਾਈ ਜੀ..?" ਮੁੰਡੇ ਦੀ ਮਾਂ ਨੇ ਪੁੱਛਿਆ।

-"ਓਏ ਕਾਹਨੂੰ ਲਾਣੇਦਾਰਨੀਏਂ..! ਤੂੰ ਆਬਦੀਆਂ ਕੰਧੋਲ਼ੀ ਲਿੱਪਣ ਆਲ਼ੀਆਂ ਗੱਲਾਂ ਨਾ ਕਰਿਆ ਕਰ..! ਦੁਆਈ ਇਹਦੀ ਅੱਖ 'ਚ ਪਾਉਣੀਂ ਐਂ..! ਦੇਖੀ ਜਾਈਂ..! ਦੁਆਈ ਐਨੀ ਗੁਣਕਾਰੀ ਐ, ਬੱਸ ਚੱਕਦੂ ਅੱਖਾਂ ਦੀ ਲਾਲੀ..!"

-"ਫ਼ੇਰ ਮੂਧੀ ਪਾਉਣ ਦੀ ਕੀ ਲੋੜ ਐ ਤਾਇਆ..?"

-"ਮੂਧਾ ਤਾਂ ਪਸ਼ੂ ਪਹਿਲਾਂ ਈ ਹੁੰਦੈ..!"

-"ਹਾਂ..! ਇਹ ਗੱਲ ਵੀ ਸਹੀ ਐ..! ਮੇਰਾ ਡਮਾਕ ਈ ਚੱਕਿਆ ਵਿਐ, ਚਲੋ ਫ਼ੇਰ ਇਹਨੂੰ ਟੇਢੀ ਕਰੋ..!"

ਮੁੰਡਿਆਂ ਨੇ ਬਿਮਾਰ ਮੱਝ ਦੇ ਸਿੰਗ ਅਤੇ ਪੂਛ ਫ਼ੜ ਕੇ ਟੇਢੀ ਕਰ ਲਈ।

ਲਾਲਟੈਣ ਨੇੜੇ ਕਰ ਕੇ ਮੱਝ ਦੀ ਅੱਖ ਵਿਚ ਜਲਧਾਰਾ ਪਾ ਦਿੱਤਾ, ਪਰ ਕੋਈ ਫ਼ਰਕ ਨਾ ਪਿਆ। ਮੱਝ ਹੋਰ ਵੀ ਔਖੇ-ਔਖੇ ਸਾਹ ਲੈਣ ਲੱਗ ਪਈ।

-"ਦੇਬੂ..! ਮੱਝ ਤੰਗ ਐ ਭਾਈ..! ਕਿਸੇ ਸਲੋਤਰੀ ਨੂੰ ਬੁਲਾਓ..!" ਦੇਬੂ ਦੀ ਮਾਂ ਚਿੰਤਾ ਵਿਚ ਬੋਲੀ।

-"ਲਾਣੇਦਾਰਨੀਏਂ, ਤੂੰ ਫ਼ਿਕਰ ਕਿਉਂ ਕਰਦੀ ਐਂ..? ਸਲੋਤਰੀ ਨੇ ਆ ਕੇ ਕਿਹੜਾ ਟੂਣਾਂ ਕਰ ਜਾਣੈਂ..?? ਦੁਆਈ ਆਪਣੇ ਕੋਲ਼ੇ ਐ, ਇਕ ਵਾਰੀ ਹੋਰ ਚਾੜ੍ਹ ਦਿਆਂਗੇ, ਸਲੋਤਰੀ ਨੇ ਕੋਈ ਬੀਨ ਵਜਾ ਕੇ ਠੀਕ ਨੀ ਕਰ ਦੇਣੀ, ਤੂੰ ਚੁੱਪ ਦਾ ਦਾਨ ਬਗਸ਼...!"

-"ਵੇ ਭਾਈ ਉਨ੍ਹਾਂ ਦੀਆਂ ਭੜ੍ਹਾਈਆਂ ਕੀਤੀਆਂ ਹੁੰਦੀਐਂ, ਅਗਲੇ ਮਿੰਟ 'ਚ ਰੋਗ ਬੁੱਝ ਲੈਂਦੇ ਐ..!" ਬੁੱਢੀ ਬੇਬੇ ਬੋਲੀ।

-"ਲੈ ਭੜ੍ਹਾਈਆਂ ਕਰਕੇ ਉਨ੍ਹਾਂ ਕੋਲ਼ੇ ਕਿਹੜਾ ਗਿੱਦੜਸਿੰਗੀ ਆ ਜਾਂਦੀ ਐ..? ਆਹ ਬਰਾੜਾਂ ਦਾ ਪਾੜ੍ਹਾ ਸਾਰੇ ਪਿੰਡ ਜਿੰਨਾਂ 'ਕੱਲਾ ਈ ਪੜ੍ਹ ਗਿਆ..! ਉਹਦਾ ਡਮਾਕ ਹਿੱਲ ਗਿਆ..! ਆਬਦੇ ਬਾਪੂ ਨੂੰ 'ਭਾਅਪਾ' ਈ ਦੱਸਦੈ..! ਉਏ ਮੁੰਡਿਓ..! ਹੁਣ ਮੈਨੂੰ ਇਹਦੀ ਦੂਜੀ ਅੱਖ 'ਚ ਪਾਉਣ ਦਿਓ ਇਕ ਤੁਪਕੀ..! ਦੇਖਿਓ ਕਿਮੇ ਫ਼ੂਲ ਮਾਂਗੂੰ ਹੌਲ਼ੀ ਹੁੰਦੀ ਐ..! ਇਹ ਤਾਂ ਦਸਾਂ ਮਿੰਟਾਂ 'ਚ ਸੀਟੀਆਂ ਮਾਰੂ...! ਸੌਸੀ 'ਤੇ ਮੇਰਾ ਚੱਕੀ ਦੇ ਪੁੜ ਅਰਗਾ ਪੂਰਾ ਇੱਕ ਰੁਪਈਆ ਲਾਇਆ ਵਿਐ..! ਜਿਹੜੇ ਬੱਸਾਂ 'ਚ 'ਪਰਾਟੀਸ' ਕਰਦੇ ਫ਼ਿਰਦੇ ਐ, ਕਿਤੇ ਝੂਠ ਤੂਫ਼ਾਨ ਤਾਂ ਨ੍ਹੀ ਤੋਲਦੇ..? ਕਰੋ ਇਹਨੂੰ ਮਾੜਾ ਜਿਆ ਬੱਤ ਕੇਰਾਂ..! ਫੜ ਬਈ ਇਹਦਾ ਕੰਨ..! ਡਰਦਾ ਕਾਹਤੋਂ ਐਂ..? ਇਹ ਸ਼ਾਟ ਤਾਂ ਨ੍ਹੀ ਮਾਰਦੀ..!" ਮੁੰਡਿਆਂ ਨੇ ਉਸ ਦੇ ਆਖੇ ਲੱਗ ਕੇ ਦੁਆਈ ਮੱਝ ਦੀ ਦੂਜੀ ਅੱਖ ਵਿਚ ਵੀ ਪੁਆ ਦਿੱਤੀ। ਪਰ ਰਾਜ਼ੀ ਹੋਣ ਦੀ ਜਗਾਹ ਮੱਝ ਅੱਧੇ ਕੁ ਘੰਟੇ ਬਾਅਦ ਇਸ 'ਫ਼ਾਨੀ ਸੰਸਾਰ' ਨੂੰ 'ਅਲਵਿਦਾ' ਆਖ ਗਈ। ਦਸ ਕਿੱਲੋ ਦੁੱਧ ਦੇਣ ਵਾਲ਼ੀ ਮੱਝ ਦੇ ਵਿਯੋਗ ਵਿਚ ਬੁੜ੍ਹੀ ਦੇ ਪਿੱਟ-ਸਿਆਪਾ ਜਿਹਾ ਕਰਨ 'ਤੇ ਮੁੰਡਿਆਂ ਨੇ ਧਿਆਨਾ ਸਿਉਂ ਮੱਝ ਵਾਂਗੂੰ ਈ ਮੂਧਾ ਪਾ ਲਿਆ ਤੇ ਤਕੜੀ ਦੁਰਬੜੀ ਲਾ ਧਰੀ। ਕੁੱਟ ਖਾ ਕੇ ਸਤਿਆ ਧਿਆਨਾਂ ਅਗਲੇ ਦਿਨ ਮੋਗੇ ਨੂੰ ਬੱਸ ਚੜ੍ਹ ਗਿਆ। ਜਾਣ ਸਾਰ ਉਸ ਨੇ ਉਹ ਸ਼ੀਸ਼ੀਆਂ ਵੇਚਣ ਵਾਲ਼ਾ ਬਾਈ ਲੱਭ ਲਿਆ ਅਤੇ ਉਸ 'ਤੇ ਧੌੜੀ ਦੀ ਜੁੱਤੀ 'ਫ਼ੇਰਨੀ' ਸ਼ੁਰੂ ਕਰ ਦਿੱਤੀ।"....

ਸਾਰਿਆਂ ਦੀਆਂ ਹੱਸਦਿਆਂ ਦੀਆਂ ਵੱਖੀਆਂ ਟੁੱਟ ਗਈਆਂ।

-"ਮੈਂ ਗੱਲ ਖ਼ੁਦਕਸ਼ੀਆਂ ਦੀ ਕੀਤੀ ਸੀ ਮਾਸਟਰ ਜੀ, ਤੁਸੀਂ ਕਿਸੇ ਹੋਰ ਪਾਸੇ ਈ ਤੁਰ ਪਏ...!" ਗੁਰਮੇਲ ਕੌਰ ਨੇ ਗੱਲ ਚਿਤਾਰੀ।

-"ਮਾਸਟਰ ਜੀ ਈ ਦੱਸਣਗੇ, ਸਾਡਾ ਡਮਾਕ ਤਾਂ ਐਨਾਂ ਹੈਨ੍ਹੀ...!" ਧੰਨਾ ਬਾਬਾ ਬੋਲਿਆ।

-"ਹੋਰ ਲੋਕਾਂ ਦਾ ਤਾਂ ਮੈਨੂੰ ਪਤਾ ਨੀ, ਪਰ ਮੇਰਾ ਮਨ ਖ਼ੁਦਕਸ਼ੀਆਂ ਬਾਰੇ ਕੀ ਕਹਿੰਦੈ, ਉਹ ਦੱਸ ਸਕਦੈਂ...!"

-"ਚਲੋ ਓਹੀ ਦੱਸੋ..!"

-"ਸਭ ਤੋਂ ਵੱਡੀ ਮੁਸ਼ਕਿਲ ਐ ਨਵੇਂ ਜ਼ਮਾਨੇ ਦੀ, ਤੇ ਲੋਕ ਦਿਖਾਵੇ ਦੀ..! ਹੁਣ ਸਾਡੀ ਗੱਲ ਲੈ ਲਓ, ਮੈਂ ਦਸਵੀਂ ਤੱਕ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਤਖ਼ਤੂਪੁਰੇ ਪੜ੍ਹਿਐਂ, ਅਸੀਂ ਦਸ-ਪੰਦਰਾਂ ਮੁੰਡੇ ਅੱਠਵੀਂ ਤੱਕ ਪੰਜ ਮੀਲ ਤੁਰ ਕੇ ਜਾਂਦੇ, ਤੇ ਤੁਰ ਕੇ ਆਉਂਦੇ ਰਹੇ ਆਂ, ਅੱਠਵੀਂ 'ਚ ਜਾ ਕੇ ਸਾਨੂੰ ਮਸਾਂ ਸਾਈਕਲ ਨਸੀਬ ਹੋਇਆ ਸੀ..! ਤੇ ਅੱਜਕੱਲ੍ਹ ਦੇ ਮੁੰਡਿਆਂ ਨੂੰ ਸਾਈਕਲ ਦੀ ਤਾਂ ਗੱਲ ਛੱਡੋ, ਮੋਟਰ ਸਾਈਕਲ ਤੇ ਮੋਬਾਇਲ ਲਾਜ਼ਮੀ ਚਾਹੀਦੈ..!"

-"ਛੈਂਕਲ 'ਤੇ ਚੜ੍ਹਦਿਆਂ ਦੀ ਤਾਂ ਬੇਇੱਜ਼ਤੀ ਹੁੰਦੀ ਐ...!"

-"ਮੋਟਰ ਛੈਂਕਲ ਤੇ ਮੋਬੈਲ਼ ਲੈਂਦੇ ਵੀ ਪਿਉ ਦੇ ਗਲ਼ 'ਗੂਠਾ ਦੇ ਕੇ ਐ..!"

-"ਚਾਹੇ ਕਿਤੋਂ ਕਰਜ਼ਾ ਚੱਕ ਕੇ ਲੈ ਕੇ ਦੇਵੇ..!"

-"ਫ਼ੇਰ ਬੋਦੀਆਂ ਚੋਪੜ ਕੇ ਇੱਕ ਹੱਥ ਮੋਟਰ ਛੈਂਕਲ ਦੇ ਹੈਂਡਲ ਨੂੰ, ਤੇ ਦੂਜੇ ਨਾਲ਼ 'ਮੂਬੈਲ' ਕੰਨ ਨੂੰ ਲਾਇਆ ਹੁੰਦੈ..!"

-"ਧੰਨਾਂ ਸਿਆਂ, ਸਭ ਤੋਂ ਜ਼ਿਆਦੇ ਧੂੰਆਂ ਕੱਢਿਐ ਫ਼ਾਈਨੈਂਸ ਕੰਪਨੀਆਂ ਨੇ..!"

-"..............................!"

-"ਅੱਗੇ ਜਿਮੀਂਦਾਰ ਆੜ੍ਹਤੀਏ ਤੋਂ ਹੱਥ ਉਧਾਰ ਫ਼ੜ ਲੈਂਦਾ ਸੀ, ਤੇ ਵਰ੍ਹੇ ਛਿਮਾਹੀਂ ਮੋੜ ਦਿੰਦਾ ਸੀ, ਮੂੰਹ ਮੁਲ਼ਾਜੇ ਤੇ ਲਿਹਾਜਾਂ ਵੀ ਚੱਲਦੀਆਂ ਸੀ, ਪਰਦੇ ਵੀ ਰੱਖੇ ਜਾਂਦੇ ਸੀ..! ਤੇ ਹੁਣ...? ਜ਼ਮੀਨਾਂ ਦੇ ਨੰਬਰ ਦੇ ਕੇ ਫ਼ਾਈਨੈਂਸ ਕੰਪਨੀਆਂ ਤੋਂ ਅੰਨ੍ਹੇਵਾਹ ਚੱਕਦੇ ਐ ਕਰਜ਼ਾ, ਕਿੱਧਰੇ ਕਾਰ, ਕਿੱਧਰੇ ਕੋਠੀ, ਕਿੱਧਰੇ ਫ਼ੋਰਡ ਟਰੈਕਟਰ, ਕਿੱਧਰੇ ਮੋਟਰ ਸਾਈਕਲ, ਐਰਾ-ਬਗ਼ੈਰਾ, ਲਟਰਮ-ਪਟਰਮ, ਕਮਾਈ ਐਨੀ ਹੁੰਦੀ ਨੀ, ਤੇ ਕਰਜ਼ਾ ਸਮੇਂ ਸਿਰ ਮੋੜਿਆ ਨੀ ਜਾਂਦਾ, ਫ਼ੇਰ ਮਨ ਦਾ ਬੋਝ ਹਲਕਾ ਕਰਨ ਵਾਸਤੇ ਨਸ਼ਿਆਂ ਦੀ ਵਰਤੋਂ ਸ਼ੁਰੂ ਹੋ ਜਾਂਦੀ ਐ, ਇੱਕ ਕਮਲ਼ੀ, ਤੇ ਦੂਜਾ ਪੈ ਗਈ ਸਿਵਿਆਂ ਦੇ ਰਾਹ, ਨਸ਼ੇ ਕਾਰਨ ਖਰਚੇ ਸਗੋਂ ਹੋਰ ਵਧ ਜਾਂਦੇ ਐ, ਮਾਨਸਿਕ ਪੱਖੋਂ ਬੰਦਾ ਡਾਂਵਾਂਡੋਲ ਹੋ ਜਾਂਦੈ, ਤੇ ਅਖੀਰ ਸ਼ਰੀਕਾਂ ਸਾਹਮਣੇ ਇੱਜ਼ਤ ਦੀਆਂ ਖਲਪਾੜਾਂ ਹੋਣ ਦੇ ਡਰੋਂ ਬੰਦੇ ਕੋਲ਼ੇ ਖ਼ੁਦਕਸ਼ੀ ਕਰਨ ਤੋਂ ਬਿਨਾਂ ਕੋਈ ਚਾਰਾ ਈ ਨੀ ਰਹਿ ਜਾਂਦਾ...!"

-"ਬਿਲਕੁਲ ਸਹੀ..!" ਧੰਨੇ ਬਾਬੇ ਨੇ ਵੋਟ ਪਾਈ।

-"ਇੱਕ ਗੱਲ ਹੋਰ ਐ ਧੰਨਾਂ ਸਿਆਂ..! ਦਸ ਜਾਂ ਪੰਦਰਾਂ ਪ੍ਰਤੀਸ਼ਤ ਲੋਕ ਐ, ਜਿਨ੍ਹਾਂ ਨੂੰ ਗੁਜ਼ਾਰਾ ਕਰਨ, ਜਾਂ ਘਰ ਤੋਰਨ ਵਾਸਤੇ ਸੱਚੀਂ ਹੀ ਕਰਜ਼ੇ ਦੀ ਲੋੜ ਹੁੰਦੀ ਐ, ਮਤਲਬ ਜਿਹੜੇ ਲੋੜਵੰਦ ਹੁੰਦੇ ਐ...! ਬਾਕੀ ਆਪਣਾ ਲਾਣਾਂ ਤਾਂ ਅੱਡੀਆਂ ਚੱਕ ਕੇ ਫ਼ਾਹਾ ਲੈਂਦੈ..!"

-"ਉਹ ਕਿਵੇਂ...?" ਗੁਰਮੇਲ ਕੌਰ ਨੇ ਪੁੱਛਿਆ।

-"ਅੱਜਕੱਲ੍ਹ ਦੀ ਦੁਨੀਆਂ ਮਾਰੀ ਪਈ ਐ ਨੱਕਾਂ ਤੇ ਸ਼ੋਸ਼ਿਆਂ ਦੀ..! ਅੱਜ ਦੇ ਜ਼ਿਮੀਂਦਾਰ ਨੂੰ ਕੋਠੀ ਵੀ ਚਾਹੀਦੀ ਐ, ਤੇ ਕਾਰ ਵੀ, ਤੇ ਫ਼ੋਰਡ ਟਰੈਕਟਰ ਵੀ..! ਅੱਗੇ ਦੱਸੋ ਪਿੰਡਾਂ 'ਚ ਕਿੰਨੀਆਂ ਕੁ ਕੋਠੀਆਂ ਹੁੰਦੀਆਂ ਸੀ...?"

-"ਕੋਈ ਟਾਂਵੀਂ-ਟਾਂਵੀਂ ਹੁੰਦੀ ਸੀ...!" ਥੰਮ੍ਹਣ ਸਿਉਂ ਖੰਘਣ ਵਾਲ਼ਿਆਂ ਵਾਂਗ ਬੋਲਿਆ, "ਤੇ ਉਹ ਵੀ ਚੱਲਦੇ ਫ਼ਿਰਦੇ, ਖਾਂਦੇ ਪੀਂਦੇ ਘਰ ਦੀ..!"

-"ਤੇ ਹੁਣ..? ਘਰ-ਘਰ ਕੋਠੀਆਂ, ਘਰ-ਘਰ ਕਾਰਾਂ, ਤੇ ਘਰ-ਘਰ ਫ਼ੋਰਡ ਟਰੈਕਟਰ..! ਸਭ ਤੋਂ ਵੱਧ ਲੋਕ ਖੁੰਘਲ਼ ਕੀਤੇ ਪੈਲਿਸ ਕਲਚਰ ਨੇ...!!"

-"ਆਪਣੀਆਂ ਸਰਕਾਰਾਂ ਵੀ ਕਿਸਾਨ ਪ੍ਰਤੀ ਇਮਾਨਦਾਰ ਨਹੀਂ, ਮਾਸਟਰ ਜੀ..!" ਗੁਰਬੰਤ ਸੰਧੂ ਨੇ ਆਪਣੀ ਚੁੱਪ ਤੋੜੀ।

-"ਮੈਂ ਕਦੋਂ ਕਹਿੰਨੈਂ ਬਈ ਆਪਣੀ ਸਰਕਾਰ ਇਮਾਨਦਾਰ ਐ..? ਸਾਰ ਤਾਂ ਆਪਣੀ ਸਰਕਾਰ ਵੀ ਨਹੀਂ ਲੈਂਦੀ, ਕਿਸਾਨਾਂ ਪ੍ਰਤੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਰ ਕੇ ਹੀ ਤਾਂ ਪੰਜਾਬ ਦਾ ਕਿਸਾਨ ਫ਼ੇਲ੍ਹ ਹੋਇਆ..! ਤੁਸੀਂ ਇਹ ਦੇਖੋ ਕਿ ਕਿਸੇ ਪਿੰਡ ਦੇ ਮੋੜ 'ਤੇ ਇੱਕ ਖ਼ਤਰਨਾਕ ਕੂਹਣੀਂ ਮੋੜ ਪੈਂਦਾ ਸੀ, ਉਸ ਕੂਹਣੀਂ ਮੋੜ 'ਤੇ ਨਿੱਤ ਹਾਦਸੇ ਹੁੰਦੇ ਸੀ, ਲੋਕਾਂ ਨੇ ਸਰਕਾਰ ਕੋਲ਼ ਗੁਹਾਰ ਲਾਈ ਕਿ ਮੋੜ ਸਿੱਧਾ ਕਰ ਦਿੱਤਾ ਜਾਵੇ, ਤੇ ਜਦੋਂ ਉਸ ਮੋੜ ਨੂੰ ਸਿੱਧਾ ਕਰਵਾਉਣ ਦਾ ਖਰਚਾ ਦੇਖਿਆ ਤਾਂ ਦਸ ਲੱਖ ਦੀ ਲਾਗਤ ਦੱਸੀ ਗਈ, ਦਸ ਲੱਖ ਗੌਰਮਿੰਟ ਨੇ ਮਨਜ਼ੂਰ ਨਾ ਕੀਤਾ, ਇਲੈਕਸ਼ਨ ਵੇਲ਼ੇ ਜਦੋਂ ਓਥੇ ਇੱਕ ਨੌਜਵਾਨ ਦੀ ਹਾਦਸੇ ਵਿਚ ਮੌਤ ਹੋਈ, ਤਾਂ ਮੰਤਰੀ ਨੇ ਮੌਤ ਨੂੰ ਜ਼ੋਰਾਵਰ, ਤੇ ਇਸ ਹਾਦਸੇ ਨੂੰ 'ਰੱਬ ਦਾ ਭਾਣਾ' ਗਰਦਾਨਿਆਂ, ਤੇ ਮ੍ਰਿਤਕ ਨੌਜਵਾਨ ਦੇ ਪ੍ਰੀਵਾਰ ਨੂੰ ਇੱਕ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ, ਤੇ ਅੱਗੇ ਤੋਂ ਮਰਨ ਵਾਲ਼ੇ ਦੇ ਪ੍ਰੀਵਾਰ ਨੂੰ ਇੱਕ ਲੱਖ ਰੁਪਏ ਦੇਣ ਲਈ ਵੀਹ ਲੱਖ ਦਾ ਰੁਪਏ ਦਾ ਵੱਖਰਾ ਫ਼ੰਡ ਕਾਇਮ ਕਰ ਦਿੱਤਾ...!"

-"ਸਾਲ਼ੇ ਕੁੱਤੇ ਦੇ...!"

-"ਦਸ ਲੱਖ ਦੀ ਲਾਗਤ ਨਾਲ਼ ਕੂਹਣੀਂ ਮੋੜ ਨੀ ਸਿੱਧਾ ਕਰਵਾਇਆ, ਬਈ ਹਾਦਸਿਆਂ ਤੋਂ ਬਚਾਅ ਹੋ ਸਕੇ, ਪਰ ਮਰਨ ਵਾਲ਼ਿਆਂ ਲਈ ਵੀਹ ਲੱਖ ਦਾ ਫ਼ੰਡ ਕਾਇਮ ਕਰ ਦਿੱਤਾ, ਸਰਕਾਰ ਦੀਆਂ ਐਹੋ ਜੀਆਂ ਨੀਤੀਆਂ ਪੰਜਾਬ ਦੇ ਲੋਕਾਂ ਵਾਸਤੇ ਘਾਤਕ ਰਹੀਆਂ ਨੇ..!"

-"ਮਾਸਟਰ ਜੀ, ਮੰਤਰੀ ਵੀ ਪੂਰੇ ਘੜ੍ਹੱਲ ਐ...! ਦਸ ਲੱਖ ਕੂਹਣੀਂ ਮੋੜ 'ਤੇ ਲਾਇਆ ਕਿਸੇ ਦੇ ਯਾਦ ਨੀ ਸੀ ਰਹਿਣਾ, ਤੇ ਮਰਨ ਵਾਲ਼ੇ ਨੂੰ ਲੱਖ ਰੁਪਈਆ ਦੇ ਕੇ ਬੱਲੇ-ਬੱਲੇ ਕਰਵਾਉਂਦੇ ਐ..!"

-"ਤੇ ਜਿਨ੍ਹਾਂ ਦਾ ਮਰ ਗਿਆ, ਉਹ ਮੁੜ ਆਊ...?"

-"ਉਹ ਖਾਣ ਖਸਮਾਂ ਨੂੰ...! ਰੋਈ ਪਿੱਟੀ ਜਾਣ..!"

-"ਹਾਂ ਜੀ..! ਆਹੀ ਤਾਂ ਘਾਤਕ ਨੀਤੀਆਂ ਨੇ ਸਰਕਾਰ ਦੀਆਂ..! ਕਿਸਾਨ ਖ਼ੁਦਕਸ਼ੀ ਕਰ ਜਾਵੇ, ਤਾਂ ਫ਼ੰਡ ਨਿਰਧਾਰਤ ਕਰ ਦਿੱਤਾ ਜਾਂਦੈ, ਪਰ ਕਿਸਾਨ ਨੇ ਆਤਮ ਹੱਤਿਆ ਕੀਤੀ ਕਿਉਂ..? ਇਸ ਬਾਰੇ ਸੋਚਣ ਦਾ ਵੀ ਸਮਾਂ ਨਹੀਂ..! ਚਾਹੀਦਾ ਤਾਂ ਇਹ ਸੀ ਕਿ ਕਿਸਾਨਾਂ ਦੀਆਂ ਖ਼ੁਦਕਸ਼ੀਆਂ ਦੇ ਬੱਝਣ ਵਾਲ਼ੇ ਮੁੱਢ ਦਾ ਹੱਲ ਲੱਭ ਕੇ ਖ਼ੁਦਕਸ਼ੀਆਂ ਨੂੰ ਰੋਕਿਆ ਜਾਂਦਾ, ਪਰ ਸਰਕਾਰ ਦੀ ਭੱਲ ਕਿਵੇਂ ਬਣੂੰ...? ਮੰਤਰੀ ਲੋਕਾਂ ਦੀ ਵਾਹ-ਵਾਹ ਕਿਵੇਂ ਖੱਟਣਗੇ...? ਬੰਦਾ ਮਰੂ, ਇਹ ਪੈਸੇ ਦੇਣਗੇ, ਇਨ੍ਹਾਂ ਨੂੰ ਸ਼ਾਬਾਸ਼ੇ ਮਿਲੂ, ਪਰ ਜੇ ਖ਼ੁਦਕਸ਼ੀਆਂ ਈ ਬੰਦ ਹੋ ਗਈਆਂ, ਫ਼ੇਰ ਇਨ੍ਹਾਂ ਦੀ ਪੁੱਛ ਦੱਸ ਬੰਦ ਹੋਜੂ...!"

-"ਬਿਲਕੁਲ...!"

-"ਅੱਗੇ ਕਿਸਾਨ ਬਲ਼ਦਾਂ ਦੀ ਜੋੜੀ ਨਾਲ਼ ਵਾਹੀ ਕਰਦਾ ਵੀ ਕਿਸੇ ਹੱਦ ਤੱਕ ਖ਼ੁਸ਼ਹਾਲ ਸੀ..!"

-"ਘੱਟੋ ਘੱਟ ਗਲ਼ 'ਚ ਰੱਸਾ ਪਾ ਕੇ ਮਰਦਾ ਨੀ ਸੀ..!"

-"ਤੇ ਅੱਜ...? ਐਨੇ ਆਧੁਨਿਕ ਵਸੀਲੇ ਮਿਲ਼ ਜਾਣ ਤੋਂ ਬਾਅਦ ਵੀ ਕਿਸਾਨ ਫ਼ਾਹੇ ਲਈ ਜਾ ਰਿਹੈ, ਕਿਉਂ...? ਐਨੇ ਵਸੀਲੇ ਹੋਣ ਤੋਂ ਬਾਅਦ ਤਾਂ ਕਿਸਾਨ ਅੱਗੇ ਨਾਲ਼ੋਂ ਵੀ ਖ਼ੁਸ਼ ਤੇ ਖ਼ੁਸ਼ਹਾਲ ਹੋਣਾ ਚਾਹੀਦਾ ਸੀ..! ਪਰ ਉਹਦੀ ਮਾਲੀ ਹਾਲਤ ਤਾਂ ਅੱਗੇ ਨਾਲ਼ੋਂ ਵੀ ਨਿੱਘਰ ਗਈ, ਉਹਦਾ ਤਾਂ ਰੋਮ-ਰੋਮ ਕਰਜ਼ਾਈ ਹੋ ਗਿਆ, ਇਸ ਦਾ ਹੱਲ ਕੌਣ ਲੱਭੂ..? ਇਸ ਦੀ ਜੜ੍ਹ ਤੱਕ ਕੌਣ ਜਾਊ...? ਇੱਕ ਗੱਲ ਜ਼ਰੂਰ ਐ, ਕਿਸਾਨ ਨੇ ਤਰੱਕੀ ਕੀਤੀ ਐ, ਪਰ ਕੀਤੀ ਤਕੜੇ ਕਿਸਾਨ ਨੇ ਐਂ..! ਤਕੜਾ ਕਿਸਾਨ ਖੇਤੀ ਦੀ ਖੱਟੀ ਖਾ ਰਿਹੈ, ਪਰ ਮਾੜੇ ਕਿਸਾਨ ਨੂੰ ਖੇਤੀ ਖਾਈ ਜਾ ਰਹੀ ਐ, ਤੇ ਉਹ ਦਿਨੋਂ-ਦਿਨ 'ਬੌਡਾ' ਤੇ 'ਕੁੱਬਾ' ਹੁੰਦਾ ਜਾ ਰਿਹੈ..! ਪੰਜਾਬ ਦੇ ਕਿਸਾਨ ਦੇ ਉਜਾੜੇ ਦਾ ਇੱਕ ਹੋਰ ਵੱਡਾ ਕਾਰਨ ਇਹ ਵੀ ਐ ਕਿ ਸ਼ਰੀਕ ਦੀ ਰੀਸ ਕਰ ਕੇ ਵਿਆਹ ਮੈਰਿਜ ਪੈਲਿਸ 'ਚ ਕਰੂ, ਚਾਹੇ ਵੀਹ ਲੱਖ ਦੇ ਕਰਜ਼ੇ ਹੇਠ ਆਜੇ...!"

-"ਪਰ ਜ਼ਮਾਨੇ ਦੇ ਨਾਲ਼ ਬੰਦੇ ਨੂੰ ਬਦਲਣਾ ਵੀ ਪੈਂਦੈ ਮਾਸਟਰ ਜੀ..! ਜੇ ਮੇਰਾ ਬਾਪੂ ਬੋਤੇ 'ਤੇ ਚੜ੍ਹ ਕੇ ਸਹੁਰੀਂ ਜਾਂਦਾ ਰਿਹੈ, ਹੁਣ ਮੇਰਾ ਇੰਗਲੈਂਡ ਜੰਮਿਆਂ ਪਲ਼ਿਆ ਪੁੱਤ ਥੋੜ੍ਹੋ ਬੋਤੇ 'ਤੇ ਚੜ੍ਹ ਕੇ ਜਾਊ..?" ਗੁਰਬੰਤ ਸੰਧੂ ਨੇ ਹੋਰ ਰਾਗ ਅਲਾਪਿਆ।

-"ਬਦਲਾਓ ਸਮੇਂ ਦੀ ਲੋੜ ਹੁੰਦੀ ਐ, ਸੰਧੂ ਸਾਹਿਬ..! ਅੱਗੇ ਪਿੰਡ 'ਚ ਕਿਸੇ ਦੀ ਧੀ-ਧਿਆਣੀ ਦਾ ਵਿਆਹ ਹੁੰਦਾ ਸੀ, ਸਾਰਾ ਪਿੰਡ ਹੱਥ ਵਟਾਉਂਦਾ ਸੀ, ਤੇ ਅੱਜਕੱਲ੍ਹ ਵਿਆਹ ਆਲ਼ੇ ਘਰ ਜਿੰਦਰਾ ਵੱਜਿਆ ਹੁੰਦੈ, ਤੇ ਮੈਰਿਜ ਪੈਲਿਸ 'ਚ ਭੰਗੜੇ ਪੈਂਦੇ ਐ, ਕੀ ਪੁਰਾਣੇ ਵਿਆਹਾਂ 'ਚ ਐਹਨਾਂ ਵਿਆਹਾਂ ਨਾਲ਼ੋਂ ਜ਼ਿਆਦਾ ਖ਼ੁਸ਼ੀ ਨੀ ਸੀ ਮਨਾਈ ਜਾਂਦੀ..? ਤਿੰਨ-ਤਿੰਨ ਦਿਨ ਵਿਆਹ ਚੱਲਦਾ ਸੀ ਤੇ ਤੇਰਾਂ ਦਿਨ ਮਰਨਾ-ਪਰਨਾ ਜਾਰੀ ਰਹਿੰਦਾ ਸੀ, ਤਾਂ ਹੀ "ਨਾ ਤਿੰਨਾਂ 'ਚ ਨਾ ਤੇਰ੍ਹਾਂ 'ਚ" ਦੀ ਕਹਾਵਤ ਸ਼ੁਰੂ ਹੋਈ..! ਪੁਰਾਣੇ ਵਿਆਹ ਸਾਲ-ਸਾਲ ਭਰ ਯਾਦ ਰਹਿੰਦੇ ਸੀ, ਅੱਜਕੱਲ੍ਹ ਚਾਰ ਘੰਟੇ ਨੱਚ-ਟੱਪ ਕੇ, ਦਾਰੂ ਨਾਲ਼ ਟੁੰਨ ਹੋ ਕੇ, ਲੁੜਕਦੇ ਤੁਰ ਜਾਂਦੇ ਐ, ਤੇ ਕੁੜੀ ਦਾ ਪਿਉ ਸਾਰੀ ਉਮਰ ਕਰਜ਼ਾ ਲਾਹੀ ਜਾਂਦੈ..! ਲੋਕਾਂ ਵਿਚੋਂ ਮਿਲਵਰਤਣ ਤੇ ਸਹਿਯੋਗ ਨਾਮਾਤਰ ਰਹਿ ਗਿਆ, ਇਹ ਵੀ ਕਿਸਾਨ ਦਾ ਕਰਜ਼ਾਈ ਹੋਣ ਦਾ ਇੱਕ ਹੋਰ ਵੱਡਾ ਕਾਰਨ ਐਂ..! ਅੱਗੇ ਵਿਆਹਾਂ 'ਚ ਪਿੰਡ 'ਚੋਂ ਆਇਆ ਦੁੱਧ ਨੀ ਸੀ ਸਾਂਭਿਆ ਜਾਂਦਾ, ਬੁੜ੍ਹੀਆਂ ਦੋ-ਦੋ ਦਿਨ ਖੋਆ ਮਾਰ ਕੇ ਰਿਸ਼ਤੇਦਾਰਾਂ ਨੂੰ ਦਿੰਦੀਆਂ ਹੁੰਦੀਆਂ ਸੀ, ਹੱਟੀ ਭੱਠੀ 'ਤੇ ਲੋਕ ਦੁੱਖ-ਸੁੱਖ ਸਾਂਝੇ ਕਰ ਲੈਂਦੇ ਸੀ, ਸੱਥਾਂ 'ਚ ਲੋਕ ਟਿੱਚਰਾਂ ਕਰਦੇ, ਹੱਸਦੇ ਖੇਡਦੇ ਸੀ...! ਖੇਡ ਦੇ ਮੈਦਾਨਾਂ ਵਿਚ ਕਬੱਡੀ ਤੇ ਫ਼ੁੱਟਬਾਲ ਖੇਡੇ ਜਾਂਦੇ ਸੀ, ਅਖਾੜਿਆਂ 'ਚ ਭਲਵਾਨ ਘੁਲ਼ਦੇ ਤੇ ਵਾਰਾਂ ਗਾਉਣ ਵਾਲ਼ੇ ਗਵੱਈਏ ਲਾਏ ਜਾਂਦੇ ਸੀ..! ਤਾਂ ਹੀ ਬਿਮਾਰੀ ਕਿਸੇ ਦੇ ਨੇੜੇ ਨੀ ਸੀ ਢੁੱਕਦੀ, ਹੁਣ ਤਾਂ ਵੀਹ-ਵੀਹ ਸਾਲਾਂ ਦੇ ਜੁਆਨ ਮੁੰਡਿਆਂ ਨੂੰ ਸ਼ੂਗਰ ਹੋਈ ਪਈ ਐ, ਕਿਉਂ...? ਕਿਉਂਕਿ ਨਾ ਹੱਟੀ, ਨਾ ਭੱਠੀ, ਨਾ ਸੱਥ, ਨਾ ਖੇਡ ਦੇ ਮੈਦਾਨ, ਨਾ ਜੋਸ਼ੀਲੀਆਂ ਵਾਰਾਂ ਗਾਉਣ ਆਲ਼ੇ ਗਵੱਈਏ..! ਇਹ ਸਾਰਾ ਕੁਛ ਖ਼ਤਮ ਹੋ ਗਿਆ, ਤੇ ਪੰਜਾਬ ਤੇ ਪੰਜਾਬੀਆਂ ਦਾ ਨਾਸ਼ ਸ਼ੁਰੂ ਹੋ ਗਿਆ...! ਅੱਗੇ ਫ਼ਸਲਾਂ ਨੂੰ ਰੂੜੀ ਦਾ ਰੇਹ ਪੈਂਦਾ ਸੀ, ਦੁਨੀਆਂ ਸਿਹਤਮੰਦ ਸੀ, ਹੁਣ ਫ਼ਸਲਾਂ ਨੂੰ ਜ਼ਹਿਰੀਲੀਆਂ ਖਾਦਾਂ ਪਾਈਆਂ ਜਾਣ ਲੱਗ ਪਈਆਂ ਤੇ ਖ਼ਤਰਨਾਕ ਸਪਰੇਆਂ ਹੋਣ ਲੱਗ ਪਈਆਂ, ਸਿੱਟੇ ਵਜੋਂ ਹੁਣ ਲੋਕ ਕੈਂਸਰ ਤੇ ਕਾਲ਼ੇ ਪੀਲ਼ੀਏ ਵਰਗੀਆਂ ਬਿਮਾਰੀਆਂ ਨਾਲ਼ ਮਰਨ ਲੱਗ ਪਏ..! ਜਿੰਨੀ ਤੁਸੀਂ ਕੁਦਰਤ ਨਾਲ਼ ਛੇੜ-ਛਾੜ ਕਰੋਂਗੇ, ਕੁਦਰਤ ਓਨੀ ਹੀ ਕਰੋਧੀ ਹੋਊਗੀ, ਤੇ ਲੋਕ ਹੜ੍ਹਾਂ, ਸੋਕਿਆਂ, ਜਾਂ ਘਾਤਕ ਬਿਮਾਰੀਆਂ ਨਾਲ਼ ਮਰਨਗੇ...! ਜੈਸਾ ਅੰਨ - ਤੈਸਾ ਮਨ, ਜੈਸਾ ਪਾਣੀ - ਤੈਸਾ ਪ੍ਰਾਣੀ, ਜੈਸੀ ਫ਼ਸਲ - ਤੈਸੀ ਨਸਲ...!"

-"ਇਨ੍ਹਾਂ ਦਾ ਹੱਲ ਕੀ ਐ ਮਾਸਟਰ ਜੀ...?" ਸੰਧੂ ਨੂੰ ਹਨ੍ਹੇਰ ਗੁਬਾਰ ਨਜ਼ਰ ਆ ਰਿਹਾ ਸੀ।

-"ਇਨ੍ਹਾਂ ਦਾ ਹੱਲ ਐ ਆਪਦੇ ਪੈਰੀਂ ਆਪ ਕੁਹਾੜਾ ਮਾਰਨਾ ਬੰਦ ਕੀਤਾ ਜਾਵੇ..! ਆਪਸੀ ਮਿਲਵਰਤਣ ਮੁੜ ਸ਼ੁਰੂ ਕੀਤਾ ਜਾਵੇ...! ਕੁਦਰਤ ਦੇ ਸਹਿਯੋਗੀ ਬਣ ਕੇ ਤੁਰਿਆ ਜਾਵੇ, ਨਾ ਕਿ ਕੁਦਰਤ ਦੇ ਵੈਰੀ ਬਣ ਕੇ ਕੁਦਰਤ ਨਾਲ਼ ਆਢਾ ਲਾਇਆ ਜਾਵੇ...! ਵਾਤਾਵਰਣ ਸ਼ੁੱਧ ਕਰਨ ਵਾਸਤੇ ਦਰੱਖ਼ਤ ਲਾਏ ਜਾਣ, ਕੁੱਖਾਂ ਵਿਚ ਧੀਆਂ ਦੇ ਕਤਲ ਬੰਦ ਹੋਣ, ਪੈਲਿਸ ਕਲਚਰ ਬਿਲਕੁਲ ਖ਼ਤਮ ਕਰ ਕੇ ਅੱਗੇ ਵਾਂਗ ਪਿੰਡਾਂ ਵਿਚ ਵਿਆਹ ਕੀਤੇ ਜਾਣ, ਸ਼ੋਸ਼ੇਬਾਜ਼ੀ ਤੇ ਦਿਖਾਵਾ ਜਿੰਨਾਂ ਚਿਰ ਬੰਦ ਨੀ ਹੁੰਦਾ, ਓਨਾਂ ਚਿਰ ਪੰਜਾਬ ਦਾ ਬਸ਼ਿੰਦਾ ਖ਼ੁਸ਼ ਨੀ ਹੋ ਸਕਦਾ..! ਕਰਜ਼ਾ ਚੁੱਕ ਕੇ ਜਦ ਬੰਦਾ ਡੀ.ਜੇ. 'ਤੇ ਨੱਚਣ ਵਾਲ਼ੀਆਂ ਬੀਬੀਆਂ ਦੇ ਸਿਰਾਂ ਤੋਂ ਦੀ ਨੋਟਾਂ ਦੇ ਰੁੱਗ ਸਿੱਟੂ, ਉਹਨੂੰ ਦਿਮਾਗਦਾਰ ਕੌਣ ਕਹੂ...? ਜੇ ਬੰਦਾ ਚਾਦਰ ਦੇਖ ਕੇ ਪੈਰ ਨਾ ਪਸਾਰੂ, ਉਹ ਤਾਂ ਆਬਦਾ ਝੁੱਗਾ ਚੌੜ ਕਰਵਾਊ ਈ ਕਰਵਾਊ...!"

-"ਲੋਕ ਗਾਉਣ ਆਲ਼ਿਆਂ ਨੂੰ ਗਾਲ਼ਾਂ ਕੱਢੀ ਜਾਂਦੇ ਐ, ਕਹਿੰਦੇ ਇਨ੍ਹਾਂ ਨੇ ਗੰਦ ਪਾਇਐ...! ਨੌਜਵਾਨ ਤਬਕਾ ਇਨ੍ਹਾਂ ਨੇ ਵਿਗਾੜਿਐ..!"

ਮਾਸਟਰ ਹੱਸ ਪਿਆ।

-"ਕੋਈ ਕਿਸੇ ਨੂੰ ਖਰਾਬ ਨਹੀਂ ਕਰਦਾ, ਥੰਮ੍ਹਣ ਸਿਆਂ...! ਕੋਈ ਨੀ ਕਿਸੇ ਨੂੰ ਵਿਗਾੜਦਾ...! ਜੇ ਕਿਸੇ ਗਾਉਣ ਆਲ਼ੇ ਨੇ ਚਾਰ ਗੀਤ ਗਾ ਦਿੱਤੇ, ਪੰਜਾਬ ਦੀ ਪੀੜ੍ਹੀ ਵਿਗੜ ਗਈ..? ਤੁਸੀਂ ਦੇਖੋ, ਜਦੋਂ ਤੋਂ ਸਾਡੀ ਸੁਰਤ ਸੰਭਲ਼ਦੀ ਐ, ਅਸੀਂ ਰੋਜ਼ਾਨਾ ਅੰਮ੍ਰਿਤ ਵੇਲ਼ੇ ਗੁਰਦੁਆਰਾ ਸਾਹਿਬ 'ਚੋਂ ਗੁਰਬਾਣੀ ਦਾ ਅੰਮ੍ਰਿਤ ਵਰ੍ਹਦਾ ਸੁਣਦੇ ਐਂ, ਸੁਣਦੇ ਐਂ ਕਿ ਨਹੀਂ ਸੁਣਦੇ...?"

-"ਬਿਲਕੁਲ ਸੁਣਦੇ ਐਂ...!"

-"ਤੇ ਜੇ ਪੰਜਾਬੀ ਸੁਣ ਕੇ ਮਗਰ ਲੱਗਣ ਵਾਲ਼ੇ ਹੁੰਦੇ, ਜਾਂ ਅਸਰ ਕਰਨ ਵਾਲ਼ੇ ਹੁੰਦੇ, ਤਾਂ ਹੁਣ ਨੂੰ ਪਵਿੱਤਰ ਗੁਰਬਾਣੀ ਸੁਣ-ਸੁਣ ਕੇ ਹਰ ਪੰਜਾਬੀ ਸਾਧ-ਸੰਤ ਤੇ ਸਤਿਯੁਗੀ ਬਣਿਆਂ ਹੁੰਦਾ..! ਪੰਚਾਇਤ, ਪੁਲਿਸ ਜਾਂ ਅਦਾਲਤਾਂ ਦੀ ਲੋੜ ਈ ਨੀ ਸੀ ਰਹਿਣੀ, ਕਿਉਂਕਿ ਸਵੇਰੇ ਅੰਮ੍ਰਿਤ ਵੇਲ਼ੇ ਸਾਡੀ ਜਾਗ ਹੀ ਗੁਰਬਾਣੀ ਨਾਲ਼ ਖੁੱਲ੍ਹਦੀ ਐ..! ਜੇ ਇਹੀ ਗੱਲ ਹੁੰਦੀ, ਤਾਂ ਪਿੰਡ-ਪਿੰਡ ਠੇਕੇ ਨਾ ਹੁੰਦੇ, ਘਰ-ਘਰ ਗੁਰਬਾਣੀ ਦਾ ਪ੍ਰਵਾਹ ਚੱਲਦਾ ਹੁੰਦਾ...!"

-"ਇਹ ਵੀ ਗੱਲ ਸਹੀ ਐ...!"

-"ਪਰ ਨਹੀਂ...! ਚੰਗੀ ਗੱਲ ਸਿੱਖਣ ਦੀ ਸਾਡੀ ਬਿਰਤੀ ਹੀ ਨਹੀਂ, ਅਸੀਂ ਮਾੜੀ ਗੱਲ ਛੇਤੀ ਗ੍ਰਹਿਣ ਕਰਦੇ ਐਂ..! ਮੈਂ ਗਾਇਕਾਂ ਨੂੰ ਵੀ ਬਰੀ ਨੀ ਕਰਦਾ, ਦੋਸ਼ ਮਾੜਾ ਗਾਉਣ ਵਾਲ਼ਿਆਂ ਦਾ ਵੀ ਬਥੇਰੈ, ਉਨ੍ਹਾਂ ਨੂੰ ਵੀ ਚੰਗਾ ਤੇ ਸੁਚੱਜਾ ਗਾਉਣਾ ਚਾਹੀਦੈ, ਸਮਾਜ ਸੁਧਾਰਕ ਗੀਤ ਗਾਉਣੇ ਚਾਹੀਦੇ ਨੇ, ਹਥਿਆਰ, ਦਾਰੂ ਤੇ ਬੰਦੇ-ਮਾਰੂ ਗੀਤ ਨਹੀਂ ਗਾਉਣੇ ਚਾਹੀਦੇ, ਇਹਦੇ ਨਾਲ਼ ਪੰਜਾਬੀਆਂ ਪ੍ਰਤੀ, ਖ਼ਾਸ ਤੌਰ 'ਤੇ ਪੰਜਾਬ ਦੇ ਜੱਟਾਂ ਪ੍ਰਤੀ ਲੋਕਾਂ ਵਿਚ ਗਲਤ ਸੁਨੇਹਾਂ ਜਾਂਦੈ, ਲੋਕ ਤਾਂ ਸਾਨੂੰ ਪਹਿਲਾਂ ਈ ਜ਼ਰਾਇਮ ਪੇਸ਼ਾ ਕੌਮ ਗਰਦਾਨੀ ਜਾਂਦੇ ਐ, ਜੇ ਅਸੀਂ ਐਹੋ ਜੇ ਮਾਰ-ਧਾੜ ਵਾਲ਼ੇ ਗੀਤ ਗਾਵਾਂਗੇ, ਤਾਂ ਇਸੇ ਗੱਲ 'ਤੇ ਮੋਹਰ ਲਾਵਾਂਗੇ ਕਿ ਹਾਂ, ਤੁਸੀਂ ਝੂਠ ਨਹੀਂ ਬੋਲਦੇ, ਜੋ ਤੁਸੀਂ ਕਹਿੰਦੇ ਹੋ, ਅਸੀਂ ਓਹੀ ਮਾਰਖੋਰੇ ਤੇ ਖ਼ੂੰਖ਼ਾਰ ਲੋਕ ਹੀ ਹਾਂ...! ਸਾਨੂੰ ਬਿਰਤੀ ਚੰਗਾ ਸਿੱਖਣ ਦੀ ਬਣਾਉਣੀ ਪਊ..! ਤੁਸੀਂ ਖ਼ੁਦ ਦੇਖ ਲਓ, ਊੜੇ ਐੜੇ ਦੀ ਪੈਂਤੀ ਸਿੱਖਣ ਲਈ ਜੁਆਕ ਨੂੰ ਮਹੀਨਾਂ ਲੱਗ ਜਾਂਦੈ, ਪਰ ਮਾਂਵਾਂ ਭੈਣਾਂ ਦੀਆਂ ਗਾਲ਼ਾਂ ਝੱਟ ਸਿੱਖ ਜਾਂਦੈ...! ਕੀ ਓਥੇ ਵੀ ਗਾਉਣ ਵਾਲ਼ਿਆਂ ਦਾ ਕਸੂਰ ਐ..?"

-"ਫ਼ੇਰ ਕੱਢਦਾ ਵੀ ਧਰਨ ਹਿਲਾਊ ਗਾਲ਼ ਐ...!"

-"ਆਪਾਂ ਵੀ ਜੁਆਕਾਂ ਨੂੰ ਸਿੱਧੀਆਂ ਗੱਲਾਂ ਨੀ ਸਿਖਾਉਂਦੇ, ਉਹਦੀ ਭਾਸ਼ਾ ਵਿਗਾੜਨ ਵਿਚ ਸਾਡਾ ਪੂਰਾ ਜ਼ੋਰ ਲੱਗਿਐ, ਅਸੀਂ ਜੁਆਕ ਨੂੰ ਕਹਿੰਨੇ ਆਂ; ਮੇਡੇ ਮੁੱਤੂ ਨੇ ਦੁੱਧੂ ਮੀਨੈਂ..? ਅਸੀਂ ਕਿਉਂ ਨਹੀਂ ਕਹਿੰਦੇ; ਮੇਰੇ ਪੁੱਤ ਨੇ ਦੁੱਧ ਪੀਣੈਂ...? ਫ਼ੇਰ ਕੋਈ ਮਹਿਮਾਨ ਆਉਂਦੈ, ਤਾਂ ਕਹਿੰਨੇ ਐਂ; ਆਪਦੇ ਚਾਚੇ ਨੂੰ ਗਾਲ਼ ਕੱਢ ਕੇ ਦਿਖਾ'ਦੇ, ਜੁਆਕ ਗਾਲ਼ ਕੱਢਦੈ ਤਾਂ ਅਸੀਂ ਸਾਰਾ ਟੱਬਰ ਤਾੜੀ ਮਾਰ ਕੇ ਹੱਸਦੇ ਐਂ, ਖ਼ੁਸ਼ ਹੁੰਨੇ ਐਂ, ਨਾਲ਼ੇ ਸਾਨੂੰ ਪਤਾ ਹੁੰਦੈ, ਬਈ ਅਸੀਂ ਜੁਆਕ ਨੂੰ ਕੋਈ ਚੰਗੀ ਗੱਲ ਨਹੀਂ ਸਿਖਾ ਰਹੇ..! ਫ਼ੇਰ ਜੇ ਕੋਈ ਮੰਤਰੀ ਮਾੜੈ, ਤਾਂ ਅਸੀਂ ਜੁਆਕ ਨੂੰ ਕਹਿੰਨੇ ਐਂ; ਕਹਿ ਫ਼ਲਾਣੇ ਮੰਤਰੀ ਦੀ ਮਾਂ ਦੀ...., ਕਹਿ ਫ਼ਲਾਣੇ ਮੰਤਰੀ ਦੀ ਭੈਣ ਦੀ..., ਦੱਸੋ ਫ਼ੇਰ ਥੋਡੇ ਬੱਚੇ ਅੱਗੇ ਜਾ ਕੇ ਕੀ ਕਰਨਗੇ...? ਕਿੱਧਰ ਨੂੰ ਤੋਰ ਰਹੇ ਹੋ ਤੁਸੀਂ ਆਪਣੇ ਬੱਚਿਆਂ ਨੂੰ..? ਆਬਦੀਆਂ ਬੇੜੀਆਂ 'ਚ ਵੱਟੇ ਤਾਂ ਖ਼ੁਦ ਅਸੀਂ ਆਪ ਪਾਉਂਨੇ ਐਂ, ਫ਼ੇਰ ਗਾਲ਼ਾਂ ਕੱਢਦੇ ਐਂ ਗੌਰਮਿੰਟ ਨੂੰ...! ਅਸੀਂ ਇਹ ਨਹੀਂ ਸੋਚਦੇ ਕਿ ਸਾਨੂੰ ਆਪ ਨੂੰ ਵੀ ਮਾੜਾ-ਮੋਟਾ ਸੁਧਰਨਾ ਚਾਹੀਦੈ...!"

-"ਧਰਮ ਤੇ ਸਾਇੰਸ ਦੀ ਵਿੱਥ ਬਾਰੇ ਤੁਹਾਡਾ ਕੀ ਖਿਆਲ ਐ...?" ਸੰਧੂ ਨੇ ਨਵਾਂ ਸੁਆਲ ਕੀਤਾ।

-"ਮੈਂ ਆਪਣੇ ਵਿਚਾਰ ਦੇ ਕੇ ਕਹਿ ਸਕਦੈਂ, ਹੋ ਸਕਦੈ ਮੈਂ ਗਲਤ ਹੋਵਾਂ...? ਜਣਾ-ਖਣਾ ਸਾਇੰਸਦਾਨ ਕਿਉਂ ਨੀ ਬਣ ਜਾਂਦਾ..? ਇਹ ਵੀ ਰੱਬ ਦੀ ਬਖ਼ਸ਼ੀ ਬੁੱਧੀ ਕਰ ਕੇ ਈ ਬਣਦੇ ਐ..! ਸਾਇੰਸ ਇੱਕ 'ਵਿਧੀ' ਐ..! ਕਿਸੇ ਵੀ ਕਾਰਜ ਨੂੰ ਜੇ ਸੁਖ਼ਾਲ਼ਾ ਬਣਾਉਣਾ ਹੋਵੇ, ਤਾਂ ਕੁਦਰਤੀ ਨਿਯਮਾਂ ਨੂੰ ਸਮਝ ਕੇ ਬਣਾਇਆ ਜਾ ਸਕਦੈ..! ਜਦ ਵੀ ਕਿਸੇ ਇਨਸਾਨ ਨੇ ਪੁਰਾਤਨ ਯੁੱਗ ਵਿਚ ਪਹਿਲੀ ਵਾਰ ਕੋਈ ਪੱਥਰ ਦਾ ਔਜ਼ਾਰ ਬਣਾ ਕੇ ਵਰਤਿਆ, ਤਾਂ ਬਿਨਾ ਸ਼ੱਕ ਇਹ ਇੱਕ ਵਿਗਿਆਨਕ ਕਦਮ ਸੀ...! ਜੇ ਉਹ ਪੱਥਰ 'ਤੇ ਪੱਥਰ ਰਗੜ ਕੇ ਅੱਗ ਪੈਦਾ ਕਰਦਾ ਸੀ, ਤਾਂ ਇਹ ਵੀ ਇੱਕ ਵਿਗਿਆਨਕ ਪ੍ਰਕਿਰਿਆ ਹੀ ਸੀ..! ਫ਼ਿਰ ਸਮਾਂ ਬਦਲਦਾ ਗਿਆ, ਤੇ ਮਨੁੱਖ ਪੱਥਰ ਛੱਡ, ਹੋਰ ਧਾਂਤਾਂ ਵਿਚ ਔਜ਼ਾਰ, ਤੇ ਫ਼ਿਰ ਔਜ਼ਾਰਾਂ ਤੋਂ ਹਥਿਆਰਾਂ 'ਤੇ ਆ ਗਿਆ..! ਇਨਸਾਨ ਬਾਕੀ ਜੀਵਾਂ ਨਾਲ਼ੋਂ ਬੁੱਧੀਮਾਨ ਵੀ ਸੀ, ਤੇ ਉਸ ਕੋਲ਼ ਕੁਦਰਤ ਵੱਲੋਂ ਦਿੱਤੇ ਹੱਥ-ਪੈਰ ਤੇ ਭਾਸ਼ਾ ਵੀ ਸੀ...! ਹੌਲ਼ੀ-ਹੌਲ਼ੀ ਇਨਸਾਨ ਹਰ ਵਰਤਾਰੇ ਪਿਛਲੇ ਵਿਗਿਆਨ ਨੂੰ ਸਮਝਦਾ ਗਿਆ, ਤੇ ਬਾਕੀ ਜਾਨਵਰਾਂ ਨਾਲ਼ੋਂ ਵੱਖਰਾ ਹੋ ਗਿਆ..! ਇਹਦੇ 'ਚ ਕੋਈ ਸ਼ੱਕ ਨਹੀਂ ਕਿ ਕਈ ਜਾਨਵਰ ਵੀ ਬੜੇ ਦਿਮਾਗੀ ਨੇ, ਵਿਗਿਆਨ ਦੀ ਤਕਨੀਕ ਸਮਝਦੇ ਨੇ, ਬਿੱਜੜੇ ਨੂੰ ਘਰ ਬਣਾਉਣਾ ਕੌਣ ਸਿਖਾਉਂਦੈ..? ਬਿੱਜੜੇ ਦਾ ਉਹ ਘਰ ਬੰਦਾ ਨਹੀਂ ਬਣਾ ਸਕਦਾ..! ਬਿੱਜੜੇ ਦਾ ਘਰ ਬਣਾਉਣਾ ਇੱਕ ਵਿਗਿਆਨਕ ਤਕਨੀਕ ਹੈ, ਤੇ ਬਹੁਤ ਬਾਰੀਕੀ ਵਾਲ਼ੀ ਤੇ ਸੂਖ਼ਮ ਤਕਨੀਕ ਐ..! ਬਾਂਦਰ ਘਰ ਕਿਉਂ ਨਹੀਂ ਬਣਾ ਲੈਂਦਾ...? ਹਾਲਾਂਕਿ ਉਸ ਕੋਲ਼ ਹੱਥ, ਪੈਰ, ਤੇ ਬੁੱਧੀ ਵੀ ਐ..! ਬਾਂਦਰ ਵਿਚ ਖ਼ੁਦ ਸੋਚਣ ਦੀ ਤਕਨੀਕ ਨਹੀਂ, ਉਸ ਵਿਚ ਖੋਹ-ਖਿੰਝ, ਤੇ ਰੀਸ ਕਰਨ ਦੀ ਬਿਰਤੀ ਐ, ਆਪਾਂ ਬਾਂਦਰ ਤੇ ਟੋਪੀਆਂ ਵਾਲ਼ੇ ਦੀ ਕਹਾਣੀ ਸਕੂਲਾਂ ਵਿਚ ਪੜ੍ਹਦੇ ਰਹੇ ਐਂ...! ਉਸ ਨੇ ਕੁਦਰਤੀ ਨਿਯਮਾਂ ਨੂੰ ਨਹੀਂ ਜਾਣਿਆਂ, ਇਸੇ ਲਈ ਬਾਂਦਰ ਆਪਣਾ ਕੋਈ ਵਸੇਬਾ ਨਹੀਂ ਬਣਾ ਸਕਦਾ, ਜਾਂ ਤਾਂ ਖੁੱਲ੍ਹੇਆਮ ਰਹਿੰਦੈ, ਤੇ ਜਾਂ ਦਰੱਖ਼ਤਾਂ 'ਤੇ ਭੱਜਿਆ ਫ਼ਿਰਦੈ...! ਜੇ ਤੁਸੀਂ ਕਹੋਂ ਕਿ ਸਾਡੇ ਬਜ਼ੁਰਗਾਂ ਵਿਚ ਵਿਗਿਆਨਕ ਕਲਾ ਨਹੀਂ ਸੀ, ਕਿਉਂ ਨਹੀਂ ਸੀ...? ਸਣ ਤੋਂ ਰੱਸੀ ਬਣਾਉਣੀ ਇੱਕ ਵਿਗਿਆਨਕ ਕਲਾ ਹੀ ਤਾਂ ਹੈ..! ਵਿਗਿਆਨਕ ਤੇ ਧਾਰਮਿਕ ਲੋਕਾਂ 'ਚ ਇਹੀ ਵਿੱਥ ਰਹਿ ਜਾਂਦੀ ਐ, ਉਨ੍ਹਾਂ ਦਾ ਵਖਰੇਵਾਂ ਸਿਰਫ਼ ਇਤਨਾ ਹੈ ਕਿ ਧਾਰਮਿਕ ਲੋਕ ਇਸ ਕਲਾ ਨੂੰ 'ਰੱਬ ਦੀ ਦਾਤ', ਤੇ ਵਿਗਿਆਨਕ ਬਿਰਤੀ ਵਾਲ਼ੇ ਲੋਕ ਇਸ ਕਲਾ ਨੂੰ ਵਿਕਾਸ ਦੀ ਪ੍ਰਕਿਰਿਆ ਮੰਨਦੇ ਨੇ...! ਤਾਣਾ ਤਣਨਾ, ਦਰੀ ਬੁਣਨਾ, ਤਾਣੀਂ ਬੁਣਨਾ ਇਹ ਸਾਰੀਆਂ ਵਿਗਿਆਨਕ ਕਲਾਵਾਂ ਈ ਐ..! ਵਸੀਲੇ ਰੱਬ ਜਾਂ ਕੁਦਰਤ ਨੇ ਪ੍ਰਦਾਨ ਕੀਤੇ ਐ, ਤੇ ਵਿਗਿਆਨਕ ਕਲਾ ਵਰਤ ਕੇ ਅਸੀਂ ਉਨ੍ਹਾਂ ਤੋਂ ਲੋੜ ਦੀਆਂ ਵਸਤਾਂ ਤਿਆਰ ਕਰਕੇ ਆਪਣੀ ਜ਼ਿੰਦਗੀ ਦਾ ਮਾਰਗ ਸੁਖ਼ਾਲ਼ਾ ਕਰਦੇ ਹਾਂ..!"

-"ਚਲੋ ਬਰੇਕ ਖ਼ਤਮ ਹੋਗੀ, ਹਮੀਦਾ ਫ਼ੇਰ ਆਜੂ...!" ਸਾਰੇ ਉਠ ਖੜ੍ਹੇ ਹੋਏ।

-"ਗੁਰਮੇਲ ਕੁਰੇ...!" ਦੂਰੋਂ ਹਮੀਦੇ ਨੇ ਹਾਕ ਮਾਰੀ।

-"ਲੈ...! ਸ਼ੈਤਾਨ ਨੂੰ ਯਾਦ ਕੀਤਾ, ਸ਼ੈਤਾਨ ਹਾਜ਼ਰ...!" ਧੰਨਾਂ ਬਾਬਾ ਬੋਲਿਆ।

-"ਵੇ ਕੀ ਐ...?" ਗੁਰਮੇਲ ਕੌਰ ਅੱਕਿਆਂ ਵਾਂਗ ਬੋਲੀ।

-"ਤੇਰਾ ਫ਼ੋਨ...!"

-"ਕੌਣ ਐਂ...?"

-"ਤੇਰੇ ਘਰਆਲ਼ੇ ਦਾ ਜੀਅ ਨੀ ਲੱਗਦਾ ਹੋਣਾ..! ਜਾਹ ਸੁਣ ਲੈ ਕੀ ਕਹਿੰਦੈ...!" ਸੰਧੂ ਨੇ ਟਾਂਚ ਕੀਤੀ।

-"ਵੇ ਦਫ਼ਾ ਹੋਣਿਆਂ, ਸੁਣ ਲੈਣ ਦੇ ਕੀ ਕਹਿੰਦੈ ਔਤਾਂ ਦੇ ਜਾਣਾ...!" ਉਹ ਸੰਧੂ ਨੂੰ ਭੱਜ ਕੇ ਪਈ।

-"ਤੇਰੀ ਬੇਟੀ ਦਾ ਫ਼ੋਨ ਐਂ...!" ਹਮੀਦਾ ਦੂਰ ਖੜ੍ਹਾ ਦੱਸ ਰਿਹਾ ਸੀ।

-"ਹੁਣ ਉਹ ਕੋਈ ਮੰਗ ਖੜ੍ਹੀ ਕਰੂਗੀ, ਮੰਮ ਆਹ ਚਾਹੀਦੈ, ਮੰਮ ਔਹ ਚਾਹੀਦੈ...!" ਬੁੜ-ਬੁੜ ਕਰਦੀ ਗੁਰਮੇਲ ਕੌਰ ਨੇ ਫ਼ੋਨ ਜਾ ਚੁੱਕਿਆ, "ਹੈਲੋ...!"

-"ਮੰਮ, ਜਿੰਦਰ ਬਲਜੀਤ ਨਾਲ ਭੱਜ ਗਈ...!" ਗੁਰਮੇਲ ਕੌਰ ਦੀ ਧੀ ਰੈਂਡੀ ਦੀ ਅਵਾਜ਼ ਸੀ।

ਸੁਣ ਕੇ ਗੁਰਮੇਲ ਕੌਰ ਦੇ ਪਿੱਸੂ ਪੈ ਗਏ।

-"ਪੈ ਜਾਣ ਇਹਦੇ ਕੀੜੇ ਤੱਤੇ ਪੈਰਾਂ ਆਲ਼ੀ ਦੇ, ਮੈਨੂੰ ਪਹਿਲਾਂ ਈ ਪਤਾ ਸੀ ਬਈ ਕੋਈ ਨਾ ਕੋਈ ਚੰਦ ਚੜ੍ਹਾਊਗੀ ਨਿਖਸਮੀਂ..! ਪਰ ਉਹਨੂੰ ਬਿੱਜੂ ਨੂੰ ਕੀਹਨੇ ਘਰੇ ਵੜਨ ਦਿੱਤਾ..?"

-"ਉਹ ਆਪ ਈ ਬਾਂਹ ਫ਼ੜ ਕੇ ਅੰਦਰ ਲੈ ਆਈ..! ਮੈਨੂੰ ਤੇ ਸ਼ੰਮੀਂ ਨੂੰ ਗਾਲ਼ਾਂ ਵੀ ਕੱਢੀਆਂ..!"

ਉਹ ਫ਼ੋਨ ਰੱਖ ਕੇ ਹਮੀਦੇ ਕੋਲ਼ ਨੂੰ ਭੱਜੀ।

-"ਮੈਨੂੰ ਘਰੇ ਜ਼ਰੂਰੀ ਕੰਮ ਪੈ ਗਿਆ, ਮੈਨੂੰ ਜਾਣਾ ਪੈਣੈਂ, ਹਮੀਦੇ...!"

-"ਠੀਕ ਐ...!"

ਗੁਰਮੇਲ ਕੌਰ ਪੈਰ ਤੋਂ ਹੀ ਛਾਲ਼ੀਂ ਹੋ ਗਈ। ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ ਕਿ ਭੋਲ਼ੀ-ਭਾਲ਼ੀ ਜਿੰਦਰ ਐਡਾ ਵੱਡਾ ਨਿੱਗਰ ਅਤੇ ਸਾਹਸੀ ਕਦਮ ਚੁੱਕੇਗੀ। ਹੁਣ ਉਸ ਨੂੰ ਦੁਨੀਆਂਦਾਰੀ ਅਤੇ ਭਰਾ-ਭਰਜਾਈ ਦੇ ਮਿਹਣੇ ਕੰਨਾਂ ਵਿਚ ਕੀਰਨੇਂ ਪਾਉਂਦੇ ਲੱਗੇ।

ਉਸ ਨੇ ਵਾਹੋਦਾਹੀ ਭੱਜਦਿਆਂ ਬੱਸ ਜਾ ਫ਼ੜੀ।

# ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ’ਤੇ ਇੱਕ ਝਾਤ

ਪ੍ਰਮੋਦ ਧੀਰ
ਕੰਪਿਊਟਰ ਅਧਿਆਪਕ, ਸਰਕਾਰੀ ਹਾਈ ਸਕੂਲ, ਢੈਪਈ (ਫ਼ਰੀਦਕੋਟ)
ਫੋਨ ਨੰਬਰ: 98550-31081
ਪੰਜਾਬ ਮੇਲ USA



7 ਅਗਸਤ, 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲ੍ਹਾ ਬਣਾਇਆ ਗਿਆ ਸੀ ਅਤੇ ਇਸਨੂੰ ਬਣੇ ਹੋਏ ਅੱਜ 50 ਸਾਲ ਹੋ ਗਏ ਹਨ। ਇਸ ਲਈ ਅੱਜ ਅਸੀਂ ਫ਼ਰੀਦਕੋਟ ਜ਼ਿਲ੍ਹੇ ਦੀ ਗੋਲਡਨ ਜੁਬਲੀ ਵਰ੍ਹੇਗੰਢ ਬਣਾ ਰਹੇ ਹਾਂ। ਇਹ ਜ਼ਿਲ੍ਹਾ ਪਹਿਲਾਂ ਬਹੁਤ ਵੱਡਾ ਸੀ ਪਰ ਨਵੰਬਰ 1995 ਵਿਚ ਫਰੀਦਕੋਟ ਜ਼ਿਲ੍ਹੇ ਵਿਚੋਂ ਮੋਗਾ ਅਤੇ ਸ੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲ੍ਹੇ ਬਣਾ ਦਿੱਤੇ ਗਏ, ਜਿਸ ਕਾਰਣ ਫਰੀਦਕੋਟ ਜ਼ਿਲ੍ਹੇ ਦਾ ਖੇਤਰ ਕਾਫ਼ੀ ਘੱਟ ਗਿਆ। ਇਸਦਾ ਕੁੱਲ ਖੇਤਰਫ਼ਲ 1475.70 ਵਰਗ ਕਿਲੋਮੀਟਰ ਹੈ। ਇਸ ਜ਼ਿਲ੍ਹੇ ਵਿਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਹਨ। ਫਰੀਦਕੋਟ ਦੇ ਕੁੱਲ 181 ਪਿੰਡ ਅਤੇ 3 ਨਗਰ ਕੌਂਸਲਾਂ ਹਨ। ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਵੀ ਬਣੀ ਹੋਈ ਹੈ, ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖੇਤਰ ਪੱਖੋਂ ਫਰੀਦਕੋਟ ਹੁਣ ਕਾਫੀ ਤਰੱਕੀ ਕਰ ਚੁੱਕਾ ਹੈ। ਆਓ ਇਸਦੀ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ਬਾਰੇ ਜਾਣਦੇ ਹਾਂ।

12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿਚ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸਕ ਸੀ ਅਤੇ ਉਨ੍ਹਾਂ ਨੇ ਬਾਬਾ ਫ਼ਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿਚ ਰਿਹਾ। ਅੰਤ ਵਿਚ ਇਸ ’ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ ’ਤੇ ਕਬਜ਼ਾ ਰਿਹਾ। ਦੁਨੀਆਂ ਭਰ ਵਿਚ ਆਪਣੀ ਵਿਲੱਖਣ ਪਹਿਚਾਣ ਵਾਲੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਡੇ ’ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜ਼ਾ ਹੋ ਗਿਆ। 1849 ਵਿਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ ’ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿਚ ਕੌਂਸਲ ਆਫ਼ ਰੀਜੰਸੀ ਦਾ ਕਬਜ਼ਾ ਰਿਹਾ। 1916 ਵਿਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਨ੍ਹਾਂ ਫ਼ਰੀਦਕੋਟ ਰਿਆਸਤ ਵਿਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਪਹਿਲਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜ਼ੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜ਼ੀ ਜਵਾਨ ਵੀ ਭੇਜੇ, ਜਿਸ ਤੋਂ ਉਨ੍ਹਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖ਼ੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਨ੍ਹਾਂ ਨੇ ਆਪਣੇ ਸਮੇਂ ਵਿਚ ਫ਼ਰੀਦਕੋਟ ਸਿੱਖ ਰਿਆਸਤ ਵਿਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿਚ ਹੀ ਮੌਜੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫ਼ਰੀਦਕੋਟ ਰਿਆਸਤ ਵਿਚ 8 ਹਾਈ ਸਕੂਲ ਅਤੇ ਹਰ ਪਿੰਡ ਵਿਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫ਼ਰੀਦਕੋਟ ਵਿਚ ਤਿੰਨ ਦਰਜਨ ਤੋਂ ਵੱਧ ਖ਼ੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿਚ ਖ਼ੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖ਼ੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿਚ ਵੀ ਹਨ। ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਨ੍ਹਾਂ ਨੇ ਆਪਣੀ ਰਿਆਸਤ ਵਿਚ ਭੀਖ ਮੰਗਣ ’ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜੇ ਵਿਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਨ੍ਹਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੀਆਂ ਤਿੰਨ ਬੇਟੀਆਂ ਅਤੇ ਇੱਕ ਬੇਟਾ ਸਨ। ਇਨ੍ਹਾਂ ਦੇ ਪੁੱਤਰ ਪਿੰਸ ਹਰਮੋਹਿੰਦਰ ਸਿੰਘ ਦਾ ਦੇਹਾਂਤ 1981 ਵਿਚ ਹੀ ਹੋ ਗਿਆ ਸੀ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲ੍ਹਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ ’ਤੇ ਮਨਾਹੀ ਹੈ, ਜੋ ਸ਼ਾਇਦ ਆਉਣ ਵਾਲੇ ਸਮੇਂ ਵਿਚ ਸ਼ੁਰੂ ਹੋ ਸਕਦੀ ਹੈ। ਰਾਜ ਮਹਿਲ ਆਪਣੇ ਆਪ ਵਿਚ ਦੁਨੀਆਂ ਦੇ ਖ਼ੂਬਸੂਰਤ ਮਹਿਲਾਂ ਵਿਚੋਂ ਇੱਕ ਹੈ। ਸ਼ਾਹੀ ਕਿਲ੍ਹੇ ਦੇ ਤੋਸ਼ਖਾਨੇ ਵਿਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ, ਜੋ ਉਨ੍ਹਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਫ਼ਰੀਦਕੋਟ ਰਿਆਸਤ ਵਿਚ ਬਣਾਏ ਸਵਾਗਤੀ ਦਰਵਾਜੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆਂ ਭਰ ਵਿਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿਚ ਬਣੇ ਟਿੱਲ੍ਹਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇਥੇ ਆਉਂਦੇ ਹਨ ਅਤੇ ਉਨ੍ਹਾਂ ਦੀ ਯਾਦ ਵਿਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ। ਇਸ ਸਾਲ ਵੀ 19 ਤੋਂ 23 ਸਤੰਬਰ 2023 ਨੂੰ ਬਾਬਾ ਫਰੀਦ ਆਗਮਨ ਪੁਰਬ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਪ੍ਰਸ਼ਾਸਨ ਵੱਲੋਂ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹਨ। ਇਸ ਮੌਕੇ ਵਿਸ਼ਾਲ ਪੁਸਤਕ ਮੇਲਾ, ਸੱਭਿਆਚਾਰਕ ਮੇਲਾ, ਕੌਮੀ ਲੋਕ ਨਾਚ, ਕਵੀ ਦਰਬਾਰ, ਕਵਾਲੀਆਂ ਵੱਖ-ਵੱਖ ਖੇਡਾਂ ਦੇ ਟੂਰਨਾਮੈਂਟ, ਕਬੱਡੀ ਸੁਪਰ 7 (ਨੈਸ਼ਨਲ ਕਬੱਡੀ) ਦੇ ਸ਼ਾਨਦਾਰ ਟੂਰਮੈਂਟ ਮਿਤੀ 21, 22, 23 ਸਤੰਬਰ ਸ਼ਾਮ 5 ਵਜੇ ਤੋਂ 10 ਵਜੇ ਤੱਕ ਨਹਿਰੂ ਸਟੇਡੀਅਮ ਫਰੀਦਕੋਟ ਵਿਖੇ ਕਰਵਾਏ ਜਾਣਗੇ।


**ਵਿਰਾਸਤੀ ਰੁੱਖਾਂ ਦੀ ਬਲੀ:-** ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਲ ਸੀ, ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

**ਚਸ਼ਮਦੀਦਾਂ ਦੀ ਜ਼ੁਬਾਨੀ:-** ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ ਬਜ਼ੁਰਗਾਂ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਆਧਾਰ ’ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਨ੍ਹਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ, ਪੜ੍ਹੇ-ਲਿਖੇ ਅਤੇ ਅਗਾਂਹਵਧੂ ਸ਼ਾਸਕ ਸਨ।

**ਸ਼ਾਹੀ ਸਮਾਧਾਂ:-** ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ।

ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।

ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫਰੀਦ ਜੀ ਦੀ ਚਰਨ ਸ਼ੋਅ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲ੍ਹਾ ਫ਼ਰੀਦਕੋਟ ਹੋਰ ਤਰੱਕੀ ਕਰੇ ਅਤੇ ਇਥੋਂ ਦੇ ਲੋਕਾਂ ਵਿਚ ਪਿਆਰ, ਨਿਮਰਤਾ, ਮਿਲਵਰਤਨ, ਭਾਈਚਾਰਾ, ਸਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ।














ਫਰੀਦਕੋਟ ਜ਼ਿਲ੍ਹੇ ਦੀਆਂ ਇਤਿਹਾਸਕ ਇਮਾਰਤਾਂ।

# ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਵਸਾਏ ਸ਼ਹਿਰ ਚਲੋ ਚਲੀਏ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ

ਬਲਵਿੰਦਰ 'ਬਾਲਮ' ਗੁਰਦਾਸਪੁਰ
ਉਕਾਂਰ ਨਗਰ, ਗੁਰਦਾਸਪੁਰ (ਪੰਜਾਬ)
ਸੰਪਰਕ 98156-25409



ਪੰਜਾਬ ਮੇਲ USA

■ ਪਿਛਲੇ ਅੰਕ ਦਾ ਬਾਕੀ

ਅਸੀਂ ਪ੍ਰਵੇਸ਼ ਦੁਆਰ ਤੋਂ ਥੋੜ੍ਹਾ ਅੱਗੇ ਜਾ ਕੇ ਖੱਬੇ ਪਾਸੇ ਵੱਲ ਮੁੜ ਗਏ ਅਤੇ ਵਿਚਕਾਰ ਸਾਹਮਣੇ ਦਿਸ਼ਾ ਵੱਲ ਰਸਤਾ ਜਾਂਦਾ ਹੈ, ਜੋ ਸ੍ਰੀ ਦਰਬਾਰ ਸਾਹਿਬ ਤੱਕ ਲਗਭਗ 100 ਮੀਟਰ ਦੀ ਦੂਰੀ ਉੱਪਰ ਸ੍ਰੀ ਦਰਬਾਰ ਸਾਹਿਬ ਪ੍ਰਕਾਸ਼ਮਾਨ ਸ਼ੋਭਨੀਏ ਹਨ। ਰਸਤਿਆਂ ਵਿਚ ਸਾਫ-ਸੁਥਰੇ ਕਲੀਨ ਵਿਛੇ ਹੋਏ ਹਨ, ਗਰਮੀ-ਸਰਦੀ ਤੋਂ ਬਚਣ ਲਈ। ਇੱਥੇ ਅਸੀਂ ਕੁਝ ਗਰੁੱਪ ਫੋਟੋ ਲਏ। ਇੱਥੇ ਸ੍ਰੀ ਦਰਬਾਰ ਸਾਹਿਬ ਦਾ ਪੂਰਾ ਦ੍ਰਿਸ਼ ਨੇੜਿਓਂ ਕੈਮਰਾ ਕ੍ਰਿਤ ਹੋ ਜਾਂਦਾ ਹੈ। ਨਿੱਕੀ-ਨਿੱਕੀ ਕਿਣ-ਮਿਣ ਫਿਰ ਸ਼ੁਰੂ ਹੋ ਗਈ, ਕਿਸੇ ਜਮਲੇ ਦੀ ਤੂੰਬੀ ਦੀ ਤਰਜ਼ ਵਰਗੀ। ਮੱਧਮ ਪਰ ਰਿੱਦਮ ਵਿਚ। ਇੰਦਾਂ ਦੀ ਬਾਰਿਸ਼ ਮਜ਼ਾ ਵੀ ਦਿੰਦੀ ਹੈ। ਗਰਮੀ ਤੋਂ ਕੁਝ ਰਾਹਤ ਮਹਿਸੂਸ ਹੋਈ। ਇੱਕ ਅਭਿਨੰਦਨ ਅਭਿਵਾਦਨ ਦਾ ਸੰਦੇਸ਼ ਦਿੰਦੀ ਹੋਈ। ਸਭ ਕੁਝ ਚੰਗਾ-ਚੰਗਾ ਲੱਗ ਰਿਹਾ ਸੀ। ਜੰਨਤ ਤੋਂ ਵੀ ਉੱਪਰ। ਅਸੀਂ ਖੱਬੇ ਪਾਸਿਓਂ ਘੁੰਮ ਕੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਦੁਆਰ 'ਤੇ ਪਹੁੰਚ ਗਏ, ਜਿਵੇਂ ਕੋਈ ਸਦੀਆਂ ਤੋਂ ਵਿਛੜੀ ਮੰਜ਼ਿਲ ਮਿਲ ਗਈ ਹੋਵੇ। ਅਧੂਰੇ ਚਾਵਾਂ ਨੂੰ ਜਿਵੇਂ ਸੰਪੂਰਨਤਾ ਦੇ ਖੰਭ ਲੱਗੇ ਗਏ ਹੋਣ। ਸੱਜੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਸਥਾਨ ਹੈ। ਇਸ ਨੂੰ ਦੇਖ ਕੇ ਦਰਸ਼ਨ ਕਰਕੇ ਮਨ ਦੀ ਤ੍ਰਿਪਤੀ ਪੂਰਨਤਾ ਵਿਚ ਬਦਲ ਗਈ। ਝੁਕ-ਝੁਕ ਮੱਥਾ ਟੇਕਿਆ। ਪੰਡੋਤ ਬੰਦਨਾ ਵਿਚ ਕੈਮਰਾ ਕ੍ਰਿਤ ਕੀਤਾ। ਵੱਖ-ਵੱਖ ਫੋਟੋਆਂ ਯਾਦ ਵਿਚ ਸੰਭਾਲਣ ਲਈ ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦਹਲੀਜ਼ ਨੂੰ ਪੰਡੋਤ ਬੰਦਨਾ ਕਰਦੇ ਹੋਏ ਅੰਦਰ ਪ੍ਰਵੇਸ਼ ਕੀਤਾ। ਪ੍ਰਾਚੀਨ ਸਮੇਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੋਭਨੀਏ ਸਥਾਨ, ਇੱਥੇ ਫਿਰ ਮੱਥਾ ਟੇਕਿਆ। ਅੱਖ ਭਰ-ਭਰ ਗਹੂ ਨਾਲ ਰੀਝ ਨਾਲ, ਤ੍ਰਿਪਤੀ ਨਾਲ, ਇੱਕ ਲਲਕ ਇੱਕ ਸੰਪੂਰਨ ਹੋਈ ਜਗਿਆਸਾ ਨਾਲ, ਰੱਜ-ਰੱਜ ਦਰਸ਼ਨ ਕੀਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਚੱਲ ਰਹੇ ਸੀ, ਸੱਜੇ ਪਾਸੇ ਕੀਰਤਨੀਏ ਜੱਥਾ ਭਾਈ ਸਾਹਿਬ ਕੀਰਤਨ ਕਰ ਰਹੇ ਸਨ, ਨਾਲ ਗੋਲਕ ਸੀ, ਜਿਸ ਵਿਚ ਸ਼ਰਧਾ ਮੁਤਾਬਕ ਦਸਵੰਧ ਦਿੱਤਾ ਜਾ ਰਿਹਾ ਸੀ। ਮੇਰੀ ਪਤਨੀ ਬਲਬੀਰ ਕੌਰ ਇਕ ਰੁਮਾਲਾ ਸਾਹਿਬ ਅੰਮ੍ਰਿਤਸਰ ਤੋਂ ਲੈ ਕੇ ਆਈ ਸੀ। ਮੈਂ ਉੱਥੇ ਇੱਕ ਸਿੰਘ ਸਾਹਿਬਾਨ ਨੂੰ ਪੁੱਛਿਆ ਕਿ ਰੁਮਾਲਾ ਸਾਹਿਬ ਕਿੱਥੇ ਸ਼ੋਭਨੀਆ ਕਰਦੇ ਹਨ। ਉਨ੍ਹਾਂ ਕਿਹਾ ਕਿ ਖੱਬੇ ਪਾਸੇ ਚੌਂਕੀ ਦੇ ਨਾਲ ਉੱਪਰ ਰੱਖ ਦੇਵੋ, ਉੱਥੇ ਪਹਿਲਾਂ ਵੀ ਕਈ ਰੁਮਾਲੇ ਪਏ ਸਨ। ਇੱਥੇ ਵੀ ਵੱਖ-ਵੱਖ ਕੋਨਿਆਂ ਤੋਂ ਤਸਵੀਰਾਂ ਕ੍ਰਿਤ ਕੀਤੀਆਂ। ਮਨ ਦੀ ਰੀਝ ਜਿਵੇਂ ਅਧਿਆਤਮਕ ਹੋ ਗਈ ਹੋਵੇ, ਤ੍ਰਿਪਤ ਸਕੂਨ ਹੋ ਗਈ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ 'ਚੋਂ ਪਿੱਛੇ ਦੀ ਬਾਹਰ ਨਿਕਲਦੇ ਸਾਰ ਹੀ ਖੱਬੇ ਪਾਸੇ ਪ੍ਰਾਚੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਸ਼ੋਭਨੀਏ ਅਸਥਾਨ ਹੈ, ਜੋ ਰੁਮਾਲਿਆਂ ਨਾਲ ਢੱਕਿਆ ਹੋਇਆ ਹੈ। ਅੱਖਾਂ ਨੇ ਮਨ ਦਿਲ ਰੂਹ ਨੇ ਭਰ-ਭਰ ਕੇ ਦਰਸ਼ਨ ਕੀਤੇ, ਸਾਰੀ ਇਕਾਗਰਤਾ ਰੂਹ ਨੂੰ ਆਨੰਦਿਤ ਕਰ ਗਈ, ਜਿਵੇਂ ਭਟਕਦੇ ਰਾਹੀ ਨੂੰ ਮੰਜ਼ਿਲ ਮਿਲ ਗਈ ਹੋਵੇ। ਇਸ ਦੇ ਨਾਲ ਹੀ ਸੁੱਕਾ ਪ੍ਰਸ਼ਾਦ ਚਾਰ-ਚਾਰ ਪੈਕਟਾਂ ਵਿਚ ਸਭ ਨੂੰ ਮਿਲਦਾ ਹੈ। ਨਾਲ ਕੜਾਹ ਵੰਡਿਆ ਜਾਂਦਾ ਹੈ। ਅਸੀਂ ਪਰਿਕਰਮਾ ਕਰਕੇ ਫਿਰ ਮੁੱਖ ਦੁਆਰ 'ਤੇ ਆ ਗਏ। ਇਸ ਦੇ ਪਿਛਲੇ ਪਾਸੇ ਪ੍ਰਾਚੀਨ ਸ਼ਿਲਪ ਦੀਆਂ ਪੌੜੀਆਂ ਹਨ, ਉਹ ਪਰ ਛੱਤ ਵੱਲ ਨੂੰ ਜਾਂਦੀਆਂ ਹਨ। ਇਹ ਪੌੜੀਆਂ ਲਗਭਗ 47 ਦੇ ਕਰੀਬ ਹਨ। ਇਹ ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਹੀ ਬਣਿਆ ਹੋਇਆ ਹੈ ਪਰ ਇਸ ਨੂੰ ਸਾਜ-ਸੱਜਾ ਨਾਲ ਸਵਾਰਿਆ ਗਿਆ ਹੈ। ਪੌੜੀਆਂ ਚੜਦੇ ਉੱਪਰਲੀ ਛੱਤ ਨੂੰ ਤਾਲਾ ਲੱਗਿਆ ਹੋਇਆ ਸੀ, ਅਸੀਂ ਵਾਪਸ ਆ ਗਏ, ਇੱਥੇ ਬਾਕੀ ਹੋਰ ਕਈ ਕਮਰੇ ਹਨ। ਇਸ ਸਥਾਨ ਦੇ ਬਾਹਰ ਨਾਲ ਹੀ ਪ੍ਰਾਚੀਨ ਢਿੱਡਾਂ ਵਾਲਾ ਖੂਹ ਹੈ ਅਤੇ ਪ੍ਰਾਚੀਨ ਸੱਭਿਆਚਾਰਕ ਚੀਜ਼ਾਂ ਦੇਖਣ ਨੂੰ ਮਿਲਦੀਆਂ ਹਨ।

ਬਾਰਿਸ਼ ਫਿਰ ਸ਼ੁਰੂ ਹੋ ਗਈ, ਇੱਕਦਮ ਫਰਾਟੇਦਾਰ ਬਾਰਿਸ਼, ਜਿਵੇਂ ਮਾਹੀਆ ਗਾਉਣ ਵੇਲੇ ਢੋਲ ਵੱਜਦਾ ਹੈ, ਪੂਰੇ ਡਗੇ ਵੱਜ ਰਹੇ ਸੀ, ਜਿਵੇਂ ਕੋਈ ਉੱਚੀ-ਉੱਚੀ ਬੋਲੀਆਂ ਪਾ ਰਿਹਾ ਹੋਵੇ। ਅਸੀਂ ਸਭ ਨੇ ਯੋਜਨਾ ਬਣਾ ਲਈ ਕਿ ਪਹਿਲਾਂ ਲੰਗਰ ਛੱਕ ਲਿਆ ਜਾਵੇ, ਫਿਰ ਮਾਰਕੀਟ ਵਿਚ ਚਲਾਂਗੇ। ਇਸ ਸਾਰੇ ਗਲਿਆਰੇ ਤੋਂ ਤੁਸੀਂ ਬਾਹਰ ਨਹੀਂ ਜਾ ਸਕਦੇ, ਤਾਰਾਂਦਾਰ ਜਾਲੀ ਲਗਾ ਕੇ ਚਾਰੋਂ ਤਰਫੋਂ ਰਸਤਾ ਬੰਦ ਕੀਤਾ ਹੋਇਆ ਹੈ ਪਰ ਦੂਰ ਦੇ, ਨਜ਼ਦੀਕ ਦੇ ਪਿੰਡ ਨਜ਼ਰ ਆਉਂਦੇ ਹਨ। ਅਸੀਂ ਲੰਗਰ ਹਾਲ ਵਿਚ ਚਲੇ ਗਏ। ਵਾਹ ਭਾਈ ਵਾਹ ਖ਼ੂਬਸੂਰਤ ਦਿਖ ਵਾਲੀ ਇਮਾਰਤ ਸਵੱਛ ਸਾਫ। ਅਸੀਂ ਲੰਗਰ ਹਾਲ ਵਿਖੇ







ਲਗਭਗ ਦੋ ਵਜੇ ਦੁਪਹਿਰ ਦੇ ਕਰੀਬ ਪਹੁੰਚੇ, ਲੰਗਰ ਹਾਲ ਦੇ ਨਾਲ ਹੀ ਸਾਫ-ਸੁਥਰਾ ਚਮਕਦਾ ਰਸੋਈ ਘਰ ਹੈ ਇੱਕਦਮ ਸਫਾਈ। ਆਧੁਨਿਕ ਢੰਗ ਦੀਆਂ ਰਸੋਈ ਪਕਵਾਨ ਮਸ਼ੀਨਾਂ। ਰਸੋਈ ਦੇ ਨਾਲ ਮੁਸਲਮਾਨ ਭੈਣਾਂ ਪ੍ਰਸ਼ਾਦੇ ਪਕਾ ਰਹੀਆਂ ਸਨ, ਉੱਥੇ ਕੁਝ ਸਿੱਖ ਬੀਬੀਆਂ ਵੀ ਲੰਗਰ ਪਕਾਉਣ ਲੱਗੀਆਂ ਪਈਆਂ। ਇਸ ਲੰਗਰ ਹਾਲ ਵਿਚ ਲਗਭਗ 550 ਦੇ ਕਰੀਬ ਸੰਗਤ ਬੈਠ ਸਕਦੀ ਹੈ। ਲੰਗਰ ਹਾਲ ਵਿਚ ਗਰਮਾ-ਗਰਮ ਕੜੀ ਪਕੌੜਾ। ਕੜੀ ਦੇ ਉੱਪਰ ਪਕੌੜੇ ਜ਼ਿਆਦਾ ਤੈਰਦੇ ਨਜ਼ਰ ਆ ਰਹੇ ਸੀ। ਸਵਾਦਿਸ਼ਟ ਨਿਊਟਰੀ, ਸਬਜ਼ੀਆਂ, ਮਿੱਠੇ ਚਾਵਲ, ਦਹੀਂ, ਚਾਹ ਆਦਿ ਲੱਜ਼ਤਦਾਰ ਲੰਗਰ। ਸਾਂਝੀਵਾਲਤਾ ਦੀ ਇੱਕ ਮਿਸਾਲ। ਬਾਬੇ ਨਾਨਕ ਦਾ ਲੰਗਰ। ਹਾਲ ਦੇ ਮੁੱਖ ਸੇਵਾਦਾਰ ਜਨਾਬ ਲੱਭੂ ਰਾਮ ਜੋ ਹਿੰਦੂ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਤੇ ਪਾਕਿਸਤਾਨ ਵਿਚ ਵੀ ਰਹਿੰਦੇ ਹਨ। ਲੰਗਰ ਹਾਲ ਵਿਚ ਅਮੂਮਨ, ਸਿੱਖ ਅਤੇ ਹਿੰਦੂ ਪਰਿਵਾਰਾਂ ਦੇ ਸ਼ਰਧਾਲੂ ਹੀ ਵੇਖਣ ਨੂੰ ਮਿਲੇ ਪਰ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਸੇਵਾ ਕਰਦੇ ਹਨ। ਮੁਸਲਮਾਨ ਭਾਈਚਾਰੇ ਦੇ ਵੀ ਕਾਫੀ ਲੋਕ ਦਰਸ਼ਨ ਕਰਨ ਲਈ ਆਏ ਹੋਏ ਸੀ, ਜੋ ਲੰਗਰ ਹਾਲ ਵਿਚ ਮੌਜੂਦ ਸਨ। ਸਾਨੂੰ ਪਾਕਿਸਤਾਨ ਲਾਹੌਰ ਤੋਂ ਮਿਲਣ ਲਈ ਸਾਡੇ ਪਰਮ ਦੋਸਤ ਜਨਾਬ ਨੂਰ ਅਹਿਮਦ ਜੱਟ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਉਣਾ ਸੀ, ਉਨ੍ਹਾਂ ਦਾ ਬਾਰ-ਬਾਰ ਫੋਨ ਆ ਰਿਹਾ ਸੀ ਕਿ ਆ ਰਹੇ ਹਾਂ। ਬਾਰਿਸ਼ ਸਵੇਰ ਤੋਂ ਹੀ ਗੁਣਗੁਣਾ ਰਹੀ ਸੀ। ਇੱਥੋਂ ਲਾਹੌਰ ਕਾਫੀ ਦੂਰ ਪੈਂਦਾ ਹੈ। ਅਸੀਂ ਉਨ੍ਹਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸੀ। ਸਾਡਾ ਪ੍ਰੋਗਰਾਮ ਸੀ ਕਿ ਲੰਗਰ ਸਾਰੇ ਇਕੱਠੇ ਹੀ ਖਾਈਏ ਪਰ ਉਹ ਲੇਟ ਹੋ ਗਏ, ਦੋਵੇਂ ਪਾਸੇ ਚੈਕਿੰਗ ਬਹੁਤ ਜ਼ਿਆਦਾ ਹੈ, ਖੈਰ ਉਹ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਆ ਗਏ ਸਨ। ਜਨਾਬ ਨੂਰ ਅਹਿਮਦ ਜੱਟਾਂ ਹੋਰਾਂ ਨੇ ਉੱਥੇ ਪਹੁੰਚ ਕੇ ਸਾਡੀਆਂ ਤਸਵੀਰਾਂ ਮੋਬਾਈਲ 'ਚੋਂ ਪੁਲਿਸ ਅਧਿਕਾਰੀਆਂ ਅਤੇ ਲੋਕਾਂ ਨੂੰ ਦੱਸ ਦਿੱਤੀਆਂ ਕਿ ਜੇਕਰ ਅਸੀਂ ਮਿਲੀਏ ਤਾਂ ਸੂਚਿਤ ਕਰ ਦੇਣ। ਅਸੀਂ ਸੂਰਜ ਡੁੱਬਣ ਤੋਂ ਪਹਿਲਾਂ-ਪਹਿਲਾਂ ਨਿਸ਼ਚਿਤ ਸਮੇਂ ਵਿਚ ਵਾਪਸ ਜਾਣਾ ਸੀ, ਤੁਸੀਂ ਜ਼ਿਆਦਾ ਦੇਰ ਤੱਕ ਇੱਥੇ ਨਹੀਂ ਰਹਿ ਸਕਦੇ। ਅਸੀਂ ਲੰਗਰ ਹਾਲ 'ਚ ਉਨ੍ਹਾਂ ਦੀ ਉਡੀਕ ਕਰਨ ਤੋਂ ਬਾਅਦ ਮਾਰਕੀਟ ਵਿਚ ਆ ਗਏ। ਮਾਰਕੀਟ ਲੰਗਰ ਹਾਲ ਤੋਂ ਥੋੜ੍ਹੀ ਦੂਰ ਹੈ। ਮਾਰਕੀਟ ਵਿਚ ਜਾ ਕੇ ਮੈਂ ਕਿਸੇ ਪਾਕਿਸਤਾਨੀ ਸੱਜਣ ਦੇ ਫੋਨ ਤੋਂ ਨੂਰ ਅਹਿਮਦ ਜੱਟ ਨੂੰ ਫੋਨ ਮਿਲਾਇਆ। ਉਨ੍ਹਾਂ ਕਿਹਾ ਕਿ ਅਸੀਂ ਗੁਰਦੁਆਰਾ ਸਾਹਿਬ ਆ ਚੁੱਕੇ ਹਾਂ। ਅਸੀਂ ਉਨ੍ਹਾਂ ਨੂੰ ਦੱਸ ਦਿੱਤਾ ਕਿ ਅਸੀਂ ਮਾਰਕੀਟ ਵਿਚ ਹਾਂ। ਸ਼ਾਮ ਦੇ ਲਗਭਗ ਚਾਰ ਵੱਜ ਚੁੱਕੇ ਸੀ, ਸਮਾਂ ਕਾਫੀ ਹੋ ਚੁੱਕਾ ਸੀ। ਮੁਲਾਕਾਤ ਅਤੇ ਦਰਸ਼ਨ ਕਰਨ ਦਾ ਸਮਾਂ ਲਗਭਗ ਸਮਾਪਤ ਹੋਣ ਦੇ ਕਗਾਰ 'ਤੇ ਸੀ। ਅਸੀਂ ਜਲਦੀ-ਜਲਦੀ ਉੱਥੋਂ ਖਰੀਦੋ-ਫਰੋਖ਼ਤ ਕਰਨ ਲੱਗੇ, ਖਾਣ-ਪੀਣ ਦੀਆਂ ਦੁਕਾਨਾਂ, ਕੱਪੜੇ ਦੀਆਂ ਦੁਕਾਨਾਂ ਮਨਿਆਰੀ ਅਤੇ ਚੱਪਲ ਮਾਰਕੀਟ ਵਗੈਰਾ ਸੀ। ਦੁਕਾਨਾਂ ਥੋੜ੍ਹੀਆਂ ਹੀ ਸਨ। ਮੈਂ ਉਥੋਂ ਚਾਰ ਜੋੜੇ ਪਸੋਰੀ ਚੱਪਲਾਂ ਲੈ ਲਈਆਂ। ਇੱਕ ਚਪਲ ਲਗਭਗ 2500 ਪਾਕਿਸਤਾਨੀ ਕਰੰਸੀ ਦੇ ਹਿਸਾਬ ਨਾਲ। ਪਤਨੀ ਨੇ ਕੁਝ ਪਸੰਦੀਦਾ ਕੱਪੜੇ ਖਰੀਦ ਲਏ। ਇੰਨੇ ਚਿਰ ਨੂੰ ਜਨਾਬ ਨੂਰ ਅਹਿਮਦ ਜੱਟ ਅਤੇ ਸਾਥੀ ਦੂਰੋਂ ਨਜ਼ਰ ਆ ਗਏ। ਦੂਰੋਂ ਦੌੜ ਕੇ ਇੱਕ ਦੂਸਰੇ ਨੂੰ ਤਪਾਕ ਨਾਲ ਲਪਕ ਤੇ ਲਲਕ ਨਾਲ ਘੁੱਟ ਕੇ ਜੱਫੀ ਪਾ ਕੇ ਮਿਲੇ, ਜਿਵੇਂ ਚਿਰਾਂ ਬਾਅਦ ਵਿਛੜੇ ਭਰਾ ਮਿਲੇ ਹੋਣ। ਪੰਜਾਬ ਤੇ ਪੰਜਾਬੀਅਤ ਦੀ ਘੁਟਵੀਂ ਜੱਫੀ, ਜੋ ਕਦੀ ਲਹਿ ਨਹੀਂ ਸਕਦੀ। ਘੁੱਟ-ਘੁੱਟ ਕੇ ਗਲਵੱਕੜੀਆਂ ਪਾਈਆਂ। ਆਲੇ-ਦੁਆਲੇ ਦੇ ਸਾਰੇ ਲੋਕੀ ਸਾਡੇ ਵੱਲ ਵੇਖ ਵੇਖ ਖੁਸ਼ ਹੋ ਰਹੇ ਸੀ। ਸਾਡੀਆਂ ਫੋਟੋਆਂ ਖਿੱਚ ਰਹੇ ਸੀ, ਕਈਆਂ ਨੇ ਸਾਡੇ ਗਰੁੱਪ ਨਾਲ ਫੋਟੋਆਂ ਖਿੱਚਵਾਈਆਂ। ਨੂਰ ਨੇ ਜਲਦੀ-ਜਲਦੀ ਗੁਲਾਬ ਦੇ ਫੁੱਲ ਵਾਲੇ ਕੁਝ ਹਾਰ ਕੱਢੇ, ਸਾਡੇ ਸਾਰਿਆਂ ਨੇ ਗਲ ਵਿਚ ਹਾਰ ਪਾ ਕੇ ਦਿਲ ਚੁੰਬਵਾਂ ਨਿੱਘਾ ਸਾਂਝ ਭਰਪੂਰ ਸਵਾਗਤ ਕੀਤਾ। 'ਜੀ ਆਇਆਂ' ਵਿਚ ਘੁੱਲ ਗਈ ਸਾਂਝੀਵਾਲਤਾ ਦੇ ਰਿਸ਼ਤਿਆਂ ਦੀ ਮਿੱਟੀ ਮਿੱਠੀ ਸੁਗੰਧ। ਵੀਡੀਓ ਬਣਾਈਆਂ ਗਈਆਂ, ਦੋਵੇਂ ਪੰਜਾਬ ਦੇ ਵੀਰ ਮਿਲੇ, ਇੱਕ ਖ਼ੂਬਸੂਰਤ ਮਿਲਣੀ ਜੰਨਤ ਵਰਗਾ ਪਿਆਰ, ਮੋਹ, ਸਤਿਕਾਰ, ਉਮੰਗ, ਤਰੰਗ, ਇਕ ਲਲਕ ਅਸਮਾਨ ਨੂੰ ਛੂ ਗਏ। ਸਭ ਹੱਦਾਂ-ਬੰਨ੍ਹੇ, ਸਰਹੱਦਾਂ ਉੱਡ-ਪੁੱਡ ਗਈਆਂ, ਸਿਰਫ ਇਨਸਾਨੀ ਕਦਰਾਂ-ਕੀਮਤਾਂ ਦੀ ਇੱਕ ਮਿਸਾਲ ਬਾਬੇ ਨਾਨਕ ਦੀ ਬਾਣੀ ਦੀ ਇੱਕ ਮਿਸਾਲ। ਇਹ ਮਿਲਣੀ ਇੱਕ ਯਾਦਗਾਰੀ ਮਿਲਣੀ ਸੀ। ਦੂਜੇ ਹੋਰ ਲੋਕ ਵੀ ਮਿਲਣੀ ਦੇ ਮੌਕੇ ਤਸਵੀਰਾਂ ਵਿਚ ਖਿੱਚ ਰਹੇ ਸੀ। ਸਾਰਾ ਦ੍ਰਿਸ਼ ਇੱਕ ਨਿੱਘੀ ਖੁਸ਼ਬੂ ਵਿਚ ਤੈਰਨ ਲੱਗਾ। ਜਨਾਬ ਨੂਰ ਅਹਿਮਦ ਜੱਟ ਕਹਿਣ ਲੱਗੇ ਕਿ ਆਓ ਅਸੀਂ ਸਾਰੇ ਚਾਹ ਵਗੈਰਾ ਪੀਂਦੇ ਹਾਂ ਪਰ ਮੈਂ ਉਨ੍ਹਾਂ ਨੂੰ ਕਿਹਾ ਕਿ 5 ਵਜੇ ਚੁੱਕੇ ਹਨ। ਸਮਾਂ ਬਹੁਤ ਹੋ ਚੁੱਕਿਆ ਹੈ, ਅਸੀਂ ਪੁਲਿਸ ਮਹਿਕਮੇ ਦੇ ਕਰਮਚਾਰੀਆਂ ਕੋਲੋਂ ਇਜਾਜ਼ਤ ਲੈ ਕੇ ਜਲਦੀ-ਜਲਦੀ ਇੱਕ ਬਰਾਮਟੇ ਵਿਚ ਕਵੀ ਦਰਬਾਰ ਕੀਤਾ। ਆਪਸ ਵਿਚ ਗੱਲਾਂਬਾਤਾਂ ਮਾਰੀਆਂ। ਇਸ ਤੋਂ ਬਾਅਦ ਮੈਂ ਜਲਦੀ-ਜਲਦੀ ਆਪਣੇ ਬੈਗ 'ਚੋਂ ਇੱਕ ਕੈਨੇਡੀਅਨ ਘੜੀ, ਸੈਂਟ ਅਤੇ ਕੱਪੜੇ ਕੱਢ ਕੇ ਨੂਰ ਸਾਹਿਬ ਨੂੰ ਬੜੇ ਇਤਮੀਨਾਨ ਨਾਲ ਨਮਨ ਕਿਰਿਆ ਵਿਚ ਸਤਿਕਾਰ ਨਾਲ ਉਨ੍ਹਾਂ ਨੂੰ ਦੇ ਦਿੱਤੇ। ਉਨ੍ਹਾਂ ਮੇਰਾ ਕਈ ਵਾਰ ਸ਼ੁਕਰੀਆ ਅਦਾ ਕੀਤਾ। ਨੂਰ ਸਾਹਿਬ ਨੇ ਦੋ ਕਿਲੋ ਮਠਿਆਈ ਦਾ ਡੱਬਾ, ਚਾਰ ਜੋੜੇ ਪਸੌਰੀ ਚੱਪਲਾਂ ਮੈਨੂੰ ਦੇ ਦਿੱਤੀਆਂ। ਸਮਾਂ ਬਹੁਤ ਹੋ ਚੁੱਕਾ ਸੀ ਵਾਪਸ ਜਾਣ ਲਈ। ਫਿਰ ਉਸੇ ਪਹਿਲੇ ਢੰਗ ਤਰੀਕੇ ਨਾਲ ਚੈਕਿੰਗ ਨਾਲ ਵਾਪਸ ਜਾਣਾ ਹੁੰਦਾ ਹੈ। ਅਸੀਂ ਫਿਰ ਜਲਦੀ-ਜਲਦੀ ਆਪਸ ਵਿਚ ਮਿਲੇ ਗਲਵਕੜੀਆਂ ਪਾਈਆਂ। ਖੁਸ਼ੀ ਦੇ ਖ਼ੂਬਸੂਰਤ ਪਲਾਂ ਦੀ ਖੁਸ਼ਬੂ ਹਵਾ ਵਿਚ ਤੈਰਨ ਲੱਗੀ। ਸਾਂਝੀਵਾਲਤਾ ਵਿਚ ਘੁੱਲ-ਘੁੱਲ ਕੇ ਫਿਰ ਦੁਬਾਰਾ ਜਲਦੀ ਮਿਲਣ ਦਾ ਦਾਅਵਾ ਕਰਕੇ ਹੱਥ ਮਿਲਾਉਂਦੇ ਹੋਏ ਇੱਕ ਦੂਸਰੇ ਤੋਂ ਜੁਦਾ ਹੋ ਗਏ।

ਸੱਤ ਕਿਲੋ ਭਾਰ ਇੱਕ ਵਿਅਕਤੀ ਲਿਜਾ ਸਕਦਾ ਹੈ। ਕਾਊਂਟਰ 'ਤੇ ਬੱਸ ਲੱਗੀ ਹੋਈ ਸੀ। ਚੈਕਿੰਗ ਕਰਵਾ ਕੇ ਬੱਸ ਵਿਚ ਬੈਠ ਗਏ। ਪੰਜ ਕਿਲੋਮੀਟਰ ਦਾ ਸਫਰ ਤੈਅ ਕਰਦੇ ਹੋਏ ਅਸੀਂ ਪਾਕਿਸਤਾਨ ਦੀ ਚੈਕਿੰਗ ਵਿਭਾਗ ਵਿਚ ਆ ਗਏ। ਇੱਥੇ ਤਸੱਲੀ ਨਾਲ ਚੈਕਿੰਗ ਹੁੰਦੀ ਹੈ। ਪਾਕਿਸਤਾਨ ਦੇ ਅਧਿਕਾਰੀਆਂ ਨੇ ਸਭ ਤੋਂ ਪਹਿਲਾਂ ਗਲੇ ਵਿਚ ਪਏ ਸ਼ਨਾਖਤੀ ਕਾਰਡ ਉਤਾਰੇ। ਇਸ ਤੋਂ ਬਾਅਦ ਸਾਰੀ ਚੈਕਿੰਗ ਹੋਈ। ਕੋਈ ਵੀ ਵਿਅਕਤੀ ਯਾਤਰੀ ਪਾਕਿਸਤਾਨ ਦੀ ਕਰੰਸੀ ਨਾਲ ਨਹੀਂ ਲਿਜਾ ਸਕਦਾ, ਇਸ ਉੱਪਰ ਸਖਤ ਪਾਬੰਦੀ ਹੈ। ਸਾਡੇ ਸਾਥੀ ਪਾਲ ਗੁਰਦਾਸਪੁਰੀ ਨੇ ਗ਼ਲਤੀ ਨਾਲ ਚੇਤਾ ਭੁਲਾ ਕੇ ਪਾਕਿਸਤਾਨ ਦੀ ਕਰੰਸੀ ਨਾਲ ਲੈ ਆਏ। ਕੁੱਝ ਨੋਟ ਬਟੂਏ ਵਿਚ ਸੀ, ਕੁਝ ਕਮੀਜ਼ ਦੀ ਜੇਬ ਵਿਚ। ਚੈਕਿੰਗ ਦੌਰਾਨ ਉਹ ਕੰਪਿਊਟਰ ਵਿਚ ਨਜ਼ਰ ਆ ਗਏ। ਪਾਲ ਨੂੰ ਫੜ ਕੇ ਇੱਕ ਪਾਸੇ ਲੈ ਗਏ ਤੇ ਸਖਤ ਨੋਟਿਸ ਲਿਆ। ਕਾਫੀ ਪੁੱਛ-ਪੜਤਾਲ ਤੋਂ ਬਾਅਦ ਉਨ੍ਹਾਂ ਅਧਿਕਾਰੀਆਂ ਨੇ ਪਾਲ ਤੋਂ ਪਾਕਿਸਤਾਨ ਕਰੰਸੀ ਲੈ ਕੇ ਪਾੜ ਦਿੱਤੀ ਅਤੇ ਕੂੜੇਦਾਨ ਵਿਚ ਸੁੱਟ ਦਿੱਤੀ। ਸਾਡਾ ਦੋਸਤ ਐਡਵੋਕੇਟ ਰਾਜਪਾਲ ਸਿੰਘ 200 ਡਾਲਰ ਜਮਾਂ ਕਰਵਾ ਕੇ ਪਰਚੀ (ਰਸੀਦ) ਲਈ ਸੀ, ਉਹ ਗੁੰਮ ਕਰ ਬੈਠੇ। ਫਿਰ ਉੱਥੇ ਪੰਗਾ ਖੜ੍ਹਾ ਹੋ ਗਿਆ। ਖ਼ੈਰ, ਉਨ੍ਹਾਂ ਕੋਲ ਕੰਪਿਊਟਰ ਵਿਚ ਸਬੂਤ ਸੀ, ਉਨ੍ਹਾਂ ਚੈੱਕ ਕਰ ਲਿਆ ਪਰ ਸਖ਼ਤ ਵਾਰਨਿੰਗ ਦਿੱਤੀ।

ਫਿਰ ਅਸੀਂ ਬੱਸ 'ਚ ਬੈਠ ਕੇ ਭਾਰਤ ਪਹੁੰਚ ਗਏ। ਪਾਕਿ ਸੀਮਾ ਉੱਪਰ ਆ ਗਏ। ਪਹਿਲੇ ਤਰੀਕੇ ਨਾਲ ਹੀ ਅਸੀਂ ਮੁੜ ਵਾਪਸ ਭਾਰਤੀ ਚੈਕਿੰਗ ਵਿਭਾਗ ਵਿਚ ਦਾਖ਼ਲ ਹੋ ਗਏ, ਜਾਨੀ ਕਿ ਡੇਰਾ ਬਾਬਾ ਨਾਨਕ ਕੋਰੀਡੋਰ। ਇੱਥੇ ਫਿਰ ਪੂਰੀ ਚੈਕਿੰਗ ਹੋਈ। ਪਤਨੀ ਅਤੇ ਮੇਰੇ ਕੋਲ ਇੱਕ-ਇੱਕ ਬੈਗ ਸੀ। ਪਤਨੀ ਕੋਲ ਦੋ ਕਿਲੋ ਮਠਿਆਈ ਦਾ ਡੱਬਾ ਸੀ, ਜੋ ਨੂਰ ਸਾਹਿਬ ਨੇ ਦਿੱਤਾ ਸੀ। ਇੱਥੇ ਇੱਕ ਮਹਿਲਾ ਕਰਮਚਾਰੀ ਨੇ ਸਾਨੂੰ ਰੋਕ ਲਿਆ ਅਤੇ ਸਾਡੇ ਬੈਗਾਂ ਦੀ ਤਸੱਲੀ ਨਾਲ ਤਲਾਸ਼ੀ ਲਈ। ਮਹਿਲਾ ਕਰਮਚਾਰੀ ਨੇ ਕਿਹਾ ਕਿ ਤੁਸੀਂ ਮਠਿਆਈ ਲੈ ਕੇ ਆਏ ਹੋ, ਇਸ ਨੂੰ ਨਾਲ ਲਿਜਾਣ ਦੀ ਇਜਾਜ਼ਤ ਨਹੀਂ। ਅਸੀਂ ਕਿਹਾ ਕਿ ਪਾਕਿਸਤਾਨ ਦੇ ਸਾਡੇ ਦੋਸਤ ਨੇ ਗਿਫਟ ਦੇ ਰੂਪ ਵਿਚ ਦਿੱਤੀ ਹੈ। ਮਹਿਲਾ ਕਰਮਚਾਰੀ ਨੇ ਕਿਹਾ ਕਿ ਇਸ ਡੱਬੇ ਨੂੰ ਖੋਲ੍ਹ ਕੇ ਇਸ ਵਿਚੋਂ ਥੋੜ੍ਹੀ ਮਠਿਆਈ ਖਾਓ, ਅਸਾਂ ਥੋੜ੍ਹੀ ਮਠਿਆਈ ਖਾਦੀ, ਫਿਰ ਉਨ੍ਹਾਂ ਸਾਨੂੰ ਸਖ਼ਤ ਹਦਾਇਤਾਂ ਦੇ ਕੇ ਜਾਣ ਦਿੱਤਾ। ਅਸੀਂ ਸਭ ਖੁਸ਼ੀ ਦੇ ਮੂਡ ਵਿਚ ਸਾਂ, ਡੇਰਾ ਬਾਬਾ ਨਾਨਕ ਦੇ ਕੋਰੀਡੋਰ ਦੇ ਬਾਹਰ ਅਸੀਂ ਰਾਜ ਗੁਰਦਾਸਪੁਰੀ ਅਤੇ ਪਾਲ ਗੁਰਦਾਸਪੁਰੀ ਦੀਆਂ ਪੁਸਤਕਾਂ ਦਾ ਵੀ ਵਿਮੋਚਨ ਕੀਤਾ। ਅਸਾਂ ਸਭ ਨੇ ਸਲਾਹ ਕੀਤੀ ਕਿ ਹੁਣ ਆਏ ਹੋਏ ਹਾਂ ਕਿ ਡੇਰਾ ਬਾਬਾ ਨਾਨਕ ਦੇ ਸਾਰੇ ਗੁਰਦੁਆਰੇ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਚੱਲੀਏ। ਅਸੀਂ ਗੱਡੀਆਂ ਵਿਚ ਬੈਠ ਕੇ ਚੋਲ੍ਹਾ ਸਾਹਿਬ ਗੁਰਦੁਆਰਾ ਆ ਗਏ। ਇੱਥੇ ਚੋਲ੍ਹਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸਲੀ ਚੋਲ੍ਹਾ ਸਾਹਿਬ ਅਤੇ ਬੀਬੀ ਨਾਨਕੀ ਦਾ ਹੱਥ ਨਾਲ ਕੱਢਿਆ ਰੁਮਾਲ ਸ਼ੀਸ਼ੇ ਵਿਚ ਮੜਾ ਕੇ ਰੱਖਿਆ ਹੋਇਆ ਹੈ। ਇਸ ਦੇ ਅਸੀਂ ਦਰਸ਼ਨ ਕੀਤੇ, ਫੋਟੋਆਂ ਲਈਆਂ। ਇੱਥੇ ਧਾਰਮਿਕ ਸਥਾਨਾਂ ਦੇ ਗੁਰਦੁਆਰੇ ਵੇਖਣਯੋਗ ਹਨ। ਇਸ ਪ੍ਰਕਾਰ ਹਨ ਪਿੰਡ ਪੱਖੋਕੇ ਗੁਰੂ ਨਾਨਕ ਦੇਵ ਜੀ ਦੇ ਸਹੁਰਿਆਂ ਦਾ ਪਿੰਡ ਤੇ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਭਤੀਜੇ ਨੂੰ ਭਰਾ ਲਕਸ਼ਮੀ ਚੰਦ ਤੋਂ ਲੈ ਲਿਆ ਸੀ, ਇਹ ਲੰਬੀ ਕਥਾ ਹੈ। ਮੇਨ ਬਾਜ਼ਾਰ ਵਿਚ ਗੁਰਦੁਆਰਾ ਦਰਬਾਰ ਸਾਹਿਬ ਜਿੱਥੇ ਜੀਤੇ ਰੰਧਾਵੇ ਦਾ ਖੂਹ ਹੈ। ਇੱਥੇ ਗੁਰੂ ਨਾਨਕ ਦੇਵ ਜੀ ਵੀ ਠਹਿਰੇ ਸਨ। ਗੁਰਦੁਆਰਾ ਮੰਡੀ ਸਾਹਿਬ ਗੁਰਦੁਆਰਾ ਭੂਰੀ ਵਾਲੇ ਸੰਤਾਂ ਦਾ ਗੁਰਦੁਆਰਾ ਬਾਬਾ ਰਾਜਿੰਦਰ ਸਿੰਘ ਤੇ ਬਾਬਾ ਬਲਬੀਰ ਸਿੰਘ ਬੇਦੀ, ਗੁਰਦੁਆਰਾ ਟਾਹਲੀ ਸਾਹਿਬ, ਗੁਰਦੁਆਰਾ ਬਾਬਾ ਕਿਰਪਾ ਦਾਸ, ਗੁਰਦੁਆਰਾ ਰਾਮਗੜੀਆ, ਗੁਰਦੁਆਰਾ ਬਾਬਾ ਮੰਗਲ ਰਾਮ, ਬਾਬਾ ਕਿਰਪਾ ਰਾਮ, ਸਥਾਨ ਬਾਬਾ ਲਾਡੋ ਜੀ। ਇਹ ਯਾਤਰਾ ਇੱਕ ਯਾਦਗਾਰੀ ਯਾਤਰਾ ਹੋ ਨਿਬੜੀ। ਤੁਸੀਂ ਵੀ ਜਾਓ, ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ), 15 ਦਿਨਾਂ ਬਾਅਦ ਤੁਸੀਂ ਫਿਰ ਦੁਬਾਰਾ ਜਾ ਸਕਦੇ ਹੋ।



## ਨੰਗਾ ਕੌਣ?

**ਹਿੰਦੀ ਕਵਿਤਾ**
**ਮੂਲ : ਸੁਰੇਸ਼ ਬਰਨਵਾਲ**
**ਅਨੁ : ਪ੍ਰੋ. ਨਵ ਸੰਗੀਤ ਸਿੰਘ**

ਹਾਂ, ਨਿਰਵਸਤਰ ਤਾਂ ਮੈਂ ਹੋਈ
ਪਰ ਨੰਗਾ ਕੌਣ ਹੋਇਆ?
ਮੈਂ ਜਾਂ ਤੂੰ?

ਮੇਰੇ ਨਾਲ ਬਲਾਤਕਾਰ ਹੋਇਆ
ਤੂੰ ਕੀਤਾ
ਆਪਣੇ ਸਾਥੀਆਂ ਨਾਲ ਕੀਤਾ
ਪਰ ਕੀਹਦੀ ਇੱਜ਼ਤ ਗਈ
ਮੇਰੀ ਜਾਂ ਤੇਰੀ?

ਜੇ ਤੁਸੀਂ ਸੋਚਦਾ ਹੈਂ
ਕਿ ਇਹ ਤੇਰਾ ਸ਼ਕਤੀ-ਪ੍ਰਦਰਸ਼ਨ ਸੀ
ਤਾਂ ਸੁਣ
ਤੂੰ ਸੈਂਕੜਿਆਂ ਦੀ ਗਿਣਤੀ ਵਿਚ
ਆਪਣੀ ਸਾਮੂਹਿਕ ਨਿਪੁੰਸਕਤਾ ਸਾਬਤ ਕੀਤੀ ਹੈ
ਤੇਰੇ ਨਾਲ ਨੰਗਾ ਹੋਇਆ ਹੈ
ਸਮਾਜ
ਸੱਤਾ
ਪੁਲਿਸ
ਰਾਜਨੀਤੀ
ਜਾਤੀ-ਪ੍ਰਬੰਧ
ਅਤੇ ਦੇਸ਼!

ਇਹ ਨਾ ਸੋਚੀਂ
ਯੁੱਧ ਵਿਚ ਸ਼ਾਮਲ ਕਰਕੇ ਇੱਕ ਨਾਰੀ-ਜਿਸਮ
ਤੂੰ ਜੰਗ ਜਿੱਤ ਲਵੇਂਗਾ
ਯੁੱਧ ਵਿਚ ਸ਼ਾਮਲ ਹਰ ਨਾਰੀ-ਜਿਸਮ
ਤੇਰੀ ਨਿਰਾਸ਼ਾ ਅਤੇ ਹਾਰ ਦਾ ਨਤੀਜਾ ਹੈ।
ਬਲਾਤਕਾਰ ਹੋਣ ਨਾਲ ਕੋਈ ਔਰਤ
ਬੇਇੱਜ਼ਤ ਨਹੀਂ ਹੁੰਦੀ
ਬੇਇੱਜ਼ਤ ਹੋਣ ਦੀ ਇਹ ਪਰਿਭਾਸ਼ਾ
ਤੇਰੀ ਆਪਣੀ ਕਮਜ਼ੋਰੀ ਛੁਪਾਉਣ ਦੀ
ਤੇਰੇ ਵੱਲੋਂ ਰਚੀ ਗਈ
ਇੱਕ-ਪੱਖੀ ਸਾਜ਼ਿਸ਼ ਹੈ।

ਦਰਅਸਲ
ਨਿਰਵਸਤਰ ਕੀਤੀ ਜਾਂਦੀ ਹਰ ਔਰਤ
ਅਤੇ ਉਸ ਉੱਤੇ ਥੋਪਿਆ ਗਿਆ ਹਰ ਬਲਾਤਕਾਰ
ਤੇਰੇ ਬੇਇੱਜ਼ਤ
ਅਤੇ ਨੰਗੇ ਹੋਣ ਦਾ ਪ੍ਰਮਾਣ ਪੱਤਰ ਹੈ।

ਬਲਾਤਕਾਰ ਔਰਤ ਦੀ ਸੰਘਰਸ਼-ਕਹਾਣੀ ਹੈ
ਦੁਖੀ, ਮਧੋਲੀ ਔਰਤ
ਬਲਾਤਕਾਰ ਪਿੱਛੋਂ
ਬਲਾਤਕਾਰ ਨਾਲ ਨਹੀਂ
ਤੈਨੂੰ ਜੰਮਣ ਨਾਲ ਸ਼ਰਮਿੰਦਾ ਹੁੰਦੀ ਹੈ।



**ਮੂਲ : ਸੁਰੇਸ਼ ਬਰਨਵਾਲ, ਸਿਰਸਾ-**
**94662 00712 (ਹਰਿਆਣਾ)।**



**ਅਨੁ : ਪ੍ਰੋ. ਨਵ ਸੰਗੀਤ ਸਿੰਘ, ਅਕਾਲ**
**ਯੂਨੀਵਰਸਿਟੀ, ਤਲਵੰਡੀ ਸਾਬੋ-**
**151302 (ਬਠਿੰਡਾ)**
**94176-92015**

## ਗ਼ਜ਼ਲ

ਸੋਚਣ ਦੀ ਗੱਲ ਜੇਕਰ ਬੰਦਾ ਸੋਚ ਲਵੇ।
ਹੱਥਾਂ ਦੇ ਵਿਚ ਸਾਰਾ ਅੰਬਰ ਬੋਚ ਲਵੇ।

ਇੱਕ ਇਬਾਰਤ ਸੁੰਦਰਤਾ ਨੂੰ ਜਨਮ ਦਵੇ,
ਨਫ਼ਰਤ ਵਾਲੀ ਜੇਕਰ ਫੱਟੀ ਪੋਚ ਲਵੇ।

ਸਾਰੀ ਵਰਮੀ ਜ਼ਹਿਰ ਮੁਕਤ ਹੋ ਜਾਏਗੀ,
ਇੱਛਾਵਾਂ ਦਾ ਜੇਕਰ ਸੱਪ ਦਬੋਚ ਲਵੇ।

ਖ਼ੂਨ ਬਹੇ ਪਰ ਇਕ ਆਨੰਦ ਜਿਹਾ ਮਿਲਦਾ,
ਇਹ ਦਿਲ ਫੇਰ ਪੁਰਾਣਾ ਜ਼ਖ਼ਮ ਖਰੋਚ ਲਵੇ।

ਇੱਲ ਦੇ ਆਲ੍ਹਣੇ ਨੂੰ ਹੱਥ ਪਾਉਣਾ ਸੌਖਾ ਨਈਂ,
ਚੁੰਜਾਂ ਦੇ ਨਾਲ ਹਮਲਾਵਰ ਨੂੰ ਨੋਚ ਲਵੇ।

ਜ਼ੁਰੱਅਤ ਫਿਰ ਨਈਂ ਪੈਂਦੀ ਬੇਇੰਨਸਾਫੀ ਦੀ,
ਔਰਤ ਜੇਕਰ ਨਹੁੰਦਰਾਂ ਨਾਲ ਝਰੋਟ ਲਵੇ।

ਇਕ ਸਤਰੰਗੀ ਪੀਂਘ ਨੂੰ ਬਾਲਮ ਯਾਦ ਕਰੇ,
ਇਕ-ਇਕ ਲੜ੍ਹ ਦੇ ਨਾਲ ਜਦੋਂ ਪੱਗ ਪੋਚ ਲਵੇ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ**
**(ਪੰਜਾਬ)**
**ਵਟਸਐਪ : 98156-25409**



## ਰਿੰਦਾਂ ਦੀ ਬਸਤੀ

ਰਿੰਦਾਂ ਦੀ ਬਸਤੀ 'ਚ ਮੁੱਲਾਂ, ਦੱਸ ਤੇਰਾ ਕੀ ਕੰਮ,
ਇੱਥੇ ਵਸਦੇ ਸਾਫ਼ ਦਿਲਾਂ ਦੇ, ਜਾਂ ਜੋ ਮਾਰੇ ਗ਼ਮ।
ਕਹਿੰਦਾ ਮੁੱਲਾਂ ਕੀ ਦੱਸਾਂ ਮੈਂ, ਤੈਥੋਂ ਕਿਵੇਂ ਛੁਪਾਵਾਂ,
ਝੂਠ ਬੋਲਾਂ ਖ਼ੁਦਾ ਤੋਂ ਕਾਫ਼ਰ, ਸੱਚ ਤਾਂ ਫਸ ਜਾਵਾਂ।

ਦੋ ਘੁੱਟ ਪੀ ਸੁਰਖ਼ੁਰੂ ਹੋਵਾਂ, ਦਾਗ ਕੁਫ਼ਰ ਦੇ ਧੋਵਾਂ,
ਇੱਥੇ ਨ ਮਜ਼੍ਹਬਾਂ ਦਾ ਰੌਲਾ, ਨ ਜੰਨਤ ਦੋਜ਼ਖ ਦੋਵਾਂ।
ਸੁਣ ਹੱਥਾਂ ਦੇ ਤੋਤੇ ਉੱਡਗੇ, ਅੱਗੋਂ ਬੋਲ ਨਾ ਪਾਵਾਂ,
ਚੁੱਪ ਚਾਪ ਮਲਕੜੇ ਜਿਹੇ, ਦੋ ਪੈਗ ਜਾਮ ਫੜਾਵਾਂ।

ਹੋ ਕੇ ਉਹ ਸਰੂਰ 'ਚ ਬੋਲੇ, ਲੱਥੀ ਹੈ ਮਸਾਂ ਨਮੋਸ਼ੀ,
ਸੱਚ ਕਹਾਂ ਮੈਂ ਝੂਠ ਨ ਬੋਲਾਂ, ਧਰਮ ਨੇ ਵੱਡੇ ਦੋਸ਼ੀ।
ਰੋਜ਼ ਉਗਲਕੇ ਜ਼ਹਿਰ ਮੂੰਹੋਂ, ਝੱਟ ਪੁਆਉਂਦੇ ਪੰਗਾ,
ਮੁੱਲਾਂ, ਪੰਡਿਤ ਰਲਕੇ ਪੀਂਦੇ, ਨਿੱਤ ਕਰਾਉਂਦੇ ਦੰਗਾ।

ਭਾਈ ਪਾਦਰੀ ਨੇ ਹਮਜੋਲੀ, ਇੱਕ ਦੂਜੇ ਤੋਂ ਨ ਘੱਟ ,
ਆਪਣਾ ਉੱਲੂ ਸਿੱਧਾ ਰੱਖਦੇ, 'ਕੱਠੇ ਹੋ ਮਾਰਦੇ ਸੱਟ।
ਨਾਲ ਸਿਆਸੀ ਨੇਤਾਵਾਂ ਦੇ, ਪੱਕੀ ਰੱਖ ਕੇ ਯਾਰੀ,
ਤੋਰੀ ਫੁਲਕਾ ਰਹੇ ਚੱਲਦਾ, ਲੋਕਾਂ ਪੱਲੇ ਖ਼ੁਆਰੀ।

ਮੁੱਲਾਂ ਤੋਂ ਸੁਣ ਕੇ ਸੱਚੀਆਂ, ਰਿੰਦ ਹਿਸਾਬ ਲਗਾਵੇ,
ਤੇਰੇ ਤੋਂ ਕਈ ਦਰਜੇ ਚੰਗੇ, ਨਰਕ ਸੁਰਗ ਨ ਭਾਵੇ।
ਨ ਹੂਰਾਂ ਦੇ ਝਾਂਸੇ ਚਾਹੀਏ, ਨਾਂਹੀ ਮੁਲਖ ਜਗੀਰਾਂ,
ਨ ਹੀ ਘੁਟ ਘੁਟ ਜੀਵੀਏ, ਨਾਂਹੀ ਮਰਨ ਜ਼ਮੀਰਾਂ।

**-ਸੇਵਾ ਸਿੰਘ "ਨੂਰਪੁਰੀ"**



## ਕਲਕੱਤੇ ਸ਼ਹਿਰ ਦੀ ਘਟਨਾ ਨੇ

ਕਲਕੱਤੇ ਸ਼ਹਿਰ ਦੀ ਘਟਨਾ ਨੇ ਹੈ ਦਿੱਤਾ ਦੇਸ਼ ਹਿਲਾ।
ਧੀਆਂ ਭੈਣਾਂ ਸਾਂਝੀਆਂ ਹੁੰਦੀਆਂ ਰਹੇ ਜ਼ੁਲਮ ਕਿਉਂ ਢਾਹ।

ਕੀ ਥੋੜੇ ਘਰ ਭੈਣਾਂ ਹੈ ਨਹੀਂ ਜਾਂ ਨਹੀਂ ਦੱਸੋ ਮਾਵਾਂ
ਬੇ-ਗਾਨੀਆਂ ਉੱਤੇ ਟੁੱਟ-ਟੁੱਟ ਪੈਂਦੇ ਵਾਂਗਰ ਕੁੱਤਿਆਂ ਕਾਵਾਂ
ਨੰਗੀਆਂ ਕਰਕੇ ਬੇ-ਪਤ ਕਰਦੇ ਲੱਥ ਗਈ ਸ਼ਰਮ ਹਯਾ।
ਧੀਆਂ ਭੈਣਾਂ ਸਾਂਝੀਆਂ .....।

ਦੇਵੀਆਂ ਦੀ ਸਭ ਪੂਜਾ ਕਰਦੇ ਝੁਕ-ਝੁਕ ਮੰਗਦੇ ਮੰਨਤਾਂ
ਦੁਸਹਿਰੇ ਅਤੇ ਦਿਵਾਲੀ ਨੂੰ ਤੁਸੀਂ ਘਰੇ ਪੂਜਦੇ ਕੰਜਕਾਂ
ਜਿਉਂਦੀ ਜਾਗਦੀ ਦੇਵੀ ਨੂੰ ਤੁਸੀਂ ਗਏ ਨੋਚਕੇ ਖਾ।
ਧੀਆਂ ਭੈਣਾਂ ਸਾਂਝੀਆਂ .....।

ਔਰਤਾਂ ਉੱਤੇ ਹੱਥ ਉਠਾਉਣਾ ਕੋਈ ਧਰਮ ਨਹੀਂ ਕਹਿੰਦਾ
ਹੱਥ ਤੁਹਾਡਾ ਮਜ਼ਲੂਮਾਂ 'ਤੇ ਸਦਾ ਹੀ ਉਠਦਾ ਰਹਿੰਦਾ
ਦੁਨੀਆਂ ਭਰ ਵਿਚ ਨਾਮ ਦੇਸ਼ ਦਿੱਤਾ ਰੇਤ ਮਿਲਾ।
ਧੀਆਂ ਭੈਣਾਂ ਸਾਂਝੀਆਂ .....।

ਐਡਾ ਵੱਡਾ ਕਾਂਡ ਹੋ ਗਿਆ ਬੈਠੀਆਂ ਚੁੱਪ ਸਰਕਾਰਾਂ
ਸੜਕਾਂ 'ਤੇ ਪਤ ਰੁਲੇ ਦੇਸ਼ ਦੀ ਨਾ ਲੈਂਦਾ ਕੋਈ ਸਾਰਾਂ
ਅਦਾਲਤਾਂ ਵਿਚ ਬੇ-ਫ਼ਿਕਰ ਨੇ ਬੈਠੇ ਜੱਜ ਸਮਾਧੀ ਲਾ।
ਧੀਆਂ ਭੈਣਾਂ ਸਾਂਝੀਆਂ .....।

ਉੱਠੋ ਭੈਣੋ ਜਾਗੋ ਧੀਓ ਬਣ ਜਾਵੋ ਹੁਣ ਚੰਡੀਆਂ
ਮਾਈ ਭਾਗੋ ਸ਼ਰਨ ਕੌਰ ਬਣ ਫੜੋ ਜ਼ਾਲਮ ਦੀਆਂ ਘੰਡੀਆਂ
"ਗਿੱਲ ਮਲਕੀਤ" ਦਰਿੰਦਿਆਂ ਤਾਈਂ ਦੇਈਏ ਸਬਕ ਸਿਖਾ
ਧੀਆਂ ਭੈਣਾਂ ਸਾਂਝੀਆਂ ਹੁੰਦੀਆਂ ਰਹੇ
ਜ਼ੁਲਮ ਕਿਉਂ ਢਾਹ।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943



## ਬੇਸ਼ੁਕਰਾ ਬੇਸਬਰਾ ਬੰਦਾ

ਅਸੀਂ ਨਾਮ ਖਜ਼ਾਨਾ ਲੁੱਟਿਆ ਨਹੀਂ, ਤਾਂ ਲੁੱਟੇ-ਪੁੱਟੇ ਫਿਰਦੇ ਆਂ
ਇੱਕ ਮਾਲਿਕ ਦੇ ਨਾਲ ਜੁੜੇ ਨਹੀਂ, ਤਾਂ ਟੁੱਟੇ-ਟੁੱਟੇ ਫਿਰਦੇ ਆਂ

ਪੜ੍ਹਦੇ ਰਹੇ ਪਰ ਮੰਨਿਆਂ ਨੀ
ਹੰਕਾਰ ਦਾ ਕੁੱਜਾ ਭੰਨਿਆ ਨਹੀਂ
ਮਨ ਦਾ ਕੁੱਤਾ ਬੰਨਿਆ ਨਹੀਂ
ਇੱਕ ਸੱਚਾ ਖਸਮ ਮਨਾਇਆ ਨੀ, ਤਾਂ ਰੁੱਸੇ ਰੁੱਸੇ ਫਿਰਦੇ ਆਂ
ਨਾਲ ਵਾਹਿਗੁਰੂ ਜੁੜੇ ਨਹੀਂ, ਤਾਂ ਟੁੱਟੇ ਟੁੱਟੇ ਫਿਰਦੇ ਆਂ

ਜਿੰਦ ਮੁੱਕੀ ਖਾਹਿਸ਼ਾ ਮੁੱਕੀਆਂ ਨਾ
ਘਰ ਸਬਰ ਬਰਾਤਾਂ ਢੁੱਕੀਆਂ ਨਾ
ਟੇਸ਼ਣ 'ਤੇ ਗੱਡੀਆਂ ਰੁਕੀਆਂ ਨਾ
ਤੱਕ ਰੰਗ ਤਮਾਸ਼ੇ ਰੱਜੇ ਨਹੀਂ ਤਾਂ ਭੁੱਖੇ ਭੁੱਖੇ ਫਿਰਦੇ ਆਂ
ਅਸੀਂ ਵਾਹਿਗੁਰੂ ਤੋਂ ਟੁੱਟੇ ਆਂ ਤਾਂ ਟੁੱਟੇ ਟੁੱਟੇ ਫਿਰਦੇ ਆਂ

ਜੋ ਕੋਲ ਹੈ ਉਹਦਾ ਸਬਰ ਨਹੀਂ
ਜੋ ਪੱਲੇ ਓਹਦੀ ਕਦਰ ਨਹੀਂ
ਧੌਣ 'ਚੋਂ ਕਿੱਲਾ ਕੱਢਿਆ ਨਹੀਂ
ਮੈ ਮੇਰੀ ਨੂੰ ਛੱਡਿਆ ਨਹੀਂ
ਰੱਬ ਵੱਸਦਾ ਨੀਵਿਆਂ ਅੰਦਰ ਹੈ ਅਸੀਂ ਉੱਤੇ ਉੱਤੇ ਫਿਰਦੇ ਰਹੇ
ਇੱਕ ਮਾਲਿਕ ਦੇ ਨਾਲ ਜੁੜੇ ਨਹੀਂ, ਤਾਂ ਟੁੱਟੇ ਟੁੱਟੇ ਫਿਰਦੇ ਆਂ

ਅਸੀਂ ਨਿੱਤ ਦਿਖਾਵੇ ਕਰਦੇ ਆਂ
ਤੇ ਝੂਠ ਛਲਾਵੇ ਕਰਦੇ ਆਂ
ਪੈਸੇ ਧੇਲੇ ਵਾਲਿਆਂ ਦੇ
ਭੱਜ ਕਲਾਵੇ ਭਰਦੇ ਆਂ
ਡਾਨਸੀਵਾਲੀਆ ਅੰਦਰੋਂ ਕਾਲੇ, ਹੋ ਬਾਹਰੋਂ ਸੁੱਚੇ ਫਿਰਦੇ ਆਂ
ਨਾਲ ਵਾਹਿਗੁਰੂ ਜੁੜੇ ਨਹੀਂ, ਤਾ ਟੁੱਟੇ ਟੁੱਟੇ ਫਿਰਦੇ ਆਂ
ਤੱਕ ਰੰਗ ਤਮਾਸ਼ੇ ਰੱਜੇ ਨਹੀਂ, ਤਾਂ ਭੁੱਖੇ ਭੁੱਖੇ ਫਿਰਦੇ ਆਂ
ਨਾਮ ਖਜ਼ਾਨਾ ਲੁੱਟਿਆ ਨਹੀਂ, ਤਾਂ ਲੁੱਟੇ ਫਿਰਦੇ ਆਂ

**-ਕੁਲਵੀਰ ਸਿੰਘ ਡਾਨਸੀਵਾਲ,**
**ਸਰੀ, ਬੀ.ਸੀ. ਕੈਨੇਡਾ**
778-863-2472



## ਅਰਦਾਸ

ਬਚਪਨ ਜਵਾਨੀ 'ਚ ਭੁੱਲਿਆ, ਨਾ ਕਦੇ ਚੇਤਾ ਤੇਰਾ ਆਇਆ
ਵਿਚ ਗ੍ਰਹਿਸਥੀ ਪਾਪਾਂ ਪੁੰਨਾਂ, ਬਹੁਤ ਹੀ ਆ ਘੇਰਾ ਪਾਇਆ।
ਕਦੀ ਕਦੀ ਆਣ ਦੁੱਖਾਂ ਨੇ, ਜ਼ਿੰਦਗੀ ਵਿਚ ਵੀ ਧਮਕਾਇਆ।
ਪਰ ਮੰਝਧਾਰ ਵਿਚ ਫਸੇ ਨੂੰ, ਨਹੀਂ ਬਹੁੜ ਕਿਸੇ ਛਡਾਇਆ।

ਕਰਦਾ ਹਾਂ ਅਰਦਾਸ ਦਾਤਿਆ, ਵਿਚ ਚਰਨਾਂ ਝੁਕ ਕੇ ਤੇਰੇ।
ਬਖ਼ਸ਼ ਲਵੀਂ ਮਾੜੇ ਕਰਮਾਂ ਤੋਂ, ਮਾਫ਼ ਕਰੀਂ ਸਾਰੇ ਗੁਨਾਹ ਮੇਰੇ।
ਜਨਮਾਂ ਦਾ ਪਾਪੀ ਭੁੱਲਣਹਾਰਾ, ਆਣ ਡਿੱਗਾ ਅੱਜ ਦਰ ਤੇਰੇ।
ਚੁੱਕ ਕੇ ਮੈਨੂੰ ਗਲੇ ਲਗਾ ਲੈ, ਕਿਤੇ ਪਾ ਦੇਹ ਠੰਢ ਕਾਲਜੇ ਮੇਰੇ।

ਪੜ੍ਹ ਲਿਖ ਚੰਗੇ ਇਨਸਾਨ ਬਣਨ, ਨਾ ਹੋਵਣ ਝਗੜੇ ਝੇੜੇ।
ਕਰਨ ਤਰੱਕੀਆਂ ਦਿਨ ਰਾਤ, ਹੋਵਣ ਘਰ ਖੁਸ਼ੀਆਂ ਤੇ ਖੇੜੇ।
ਪਰਿਵਾਰ ਵਸੇ ਸਦਾ ਸੁਖ ਅੰਦਰ, ਦੁੱਖ ਨਾ ਆਵੇ ਕੋਈ ਨੇੜੇ।
ਚੰਗੇ ਕਰਮ ਕਰਨ ਜੱਗ ਅੰਦਰ, ਪਾਰ ਹੋਣ ਫਿਰ ਸਭ ਬੇੜੇ।

ਕੰਗਣ ਕਾਇਆ ਭਰ ਜੀਵਣ, ਅੰਨ ਜਲ ਭੀ ਬਹੁਤਾ ਦੇਹ।
ਮੁਹਤਾਜ਼ ਨਾ ਕਰੀਂ ਦਾਤਿਆ, ਚੁੱਕ ਸਰੀਰ ਤੂੰ ਪਹਿਲਾਂ ਲੇਹ।
ਨਾ ਹੱਥ ਅੱਡਣਾ ਪਵੇ ਕਿਸੇ ਅੱਗੇ, ਪੂੰਜੀ ਬੱਸ ਇੰਨੀ ਕੁ ਦੇਹ।
ਜੀਂਦਿਆਂ ਤਪਾਏ ਅੱਗ ਵਾਂਗੂੰ, ਮੋਇਆਂ ਨਾਲ ਨਾ ਜਾਵੇ ਇਹ।

ਦਿਲਾਂ ਦੀ ਤੂੰ ਜਾਣੇ ਮਾਲਿਕਾ, ਕੁੱਝ ਨਹੀਂ ਤੈਥੋਂ ਹੈ ਲੁਕਿਆ।
ਚੁੱਕ ਲਵੀਂ ਢਹਿਣ ਤੋਂ ਪਹਿਲੇ, ਜਾਵੇ ਨਾ ਕਿਸੇ ਤੋਂ ਚੁੱਕਿਆ।
ਆਰੀ ਨਾ ਕਰੀਂ ਅੰਗ ਤੋਂ, ਸਾਹ ਸਤ ਜਾਂਦਾ ਹੈ ਸੁੱਕਿਆ।
ਮਤਾਂ ਬੁੱਧਹੀਣ ਕਰੀਂ ਤੂੰ, ਚੰਗਾ ਹਾਂ ਪਹਿਲਾਂ ਹੀ ਮੁੱਕਿਆ।

ਵਾਚਦਾਂ ਉੱਪਰ ਜੋ ਲਿਖਿਆ, ਅਰਦਾਸ ਨਹੀਂ ਖੁਦਗਰਜ਼ੀ ਹੈ।
ਬੇਵੱਸ ਤੇ ਲਾਚਾਰ ਹੋਵਾਂਗਾ, ਚਲਣੀ ਤਾਂ ਫਿਰ ਤੇਰੀ ਮਰਜ਼ੀ ਹੈ।
ਢੁੱਕਿਆ ਨੇੜੇ ਬੁਢਾਪਾ ਤੱਕ ਕੇ, ਪਾਈ ਅਗਾਊਂ ਤਾਂ ਅਰਜ਼ੀ ਹੈ।
ਮੇਰੇ ਨੇ ਸਭ ਖਿਆਲੀ ਪਲਾਓ, ਪਰ ਦੁਨੀਆਂ ਲੱਗੇ ਫ਼ਰਜ਼ੀ ਹੈ।

ਤੇਰੀਆਂ ਲਿਖੀਆਂ ਤੂੰ ਹੀ ਜਾਣੇ, ਜੱਗ ਰਹੇ ਸਦਾ ਘੁੱਗ ਵਸਦਾ!
ਮਜ਼੍ਹਬਾਂ ਨੂੰ ਪਿਆਰ ਸਿਖਾਦੇ, ਜਿੱਥੇ ਇਨਸਾਨ ਜਾਂਦਾ ਹੈ ਫਸਦਾ!
ਜੰਗਾਂ ਦੀ ਤੂੰ ਅਲਖ ਮੁਕਾ ਦੇ, ਨਫਰਤ ਜਾਏ ਪਤਾਲੀ ਧਸਦਾ!
ਭਾਵੇਂ ਬੰਦਾ ਪਹੁੰਚੇ ਮੰਗਲ ਉੱਤੇ, ਉੱਥੇ ਵੀ ਵਸੇ ਹੱਸਦਾ ਰੱਸਦਾ!

**ਸੇਵਾ ਸਿੰਘ "ਨੂਰਪੁਰੀ"**





REALTY ONE GROUP

Gurjatinder S. Randhawa
REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।



Gurjatinder S. Randhawa
REALTOR CA DRE licence # 01490567

Gurjatinder S. Randhawa
916-320-9444

web: www.RealtorRandhawa.com

garysingh123@yahoo.com